ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

੧੯ ਵੈਸਾਖ ਤੋਂ ੨ ਜੇਠ ੨੦੭੮ ਬਿ.
1 To 15 May 2021

ਜਿਲਦ 101
ਨੰਬਰ 6

ਸਤਜੁਗਿ ਸਚੁ ਕਹੈ ਸਭੁ ਕੋਈ॥

# ਸਤਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ



## ਸ੍ਰੀ ਗੁਰੂ ਤੇਗ ਬਹਾਦਰ ਵਿਸ਼ੇਸ਼ ਅੰਕ

10/-

# Satjug Mobile App




## Available on

GET IT ON Google Play

Download on the App Store

# ਸਤਿਜੁਗ

**੧੯ ਵੈਸਾਖ ਤੋਂ ੨ ਜੇਠ ੨੦੭੮ ਬਿ.**

**1 ਮਈ ਤੋਂ 15 ਮਈ 2021 ਈ.**

**ਜਿਲਦ 101, ਨੰਬਰ 6**

**ਸਤਿਜੁਗ**: ਨਾਮਧਾਰੀ ਗੁਰਦੁਆਰਾ,
ਰਮੇਸ਼ ਨਗਰ, ਨਵੀਂ ਦਿੱਲੀ-110015



**ਸਲਾਹਕਾਰ ਮੈਂਬਰ**

ਸੁਵਰਨ ਸਿੰਘ ਵਿਰਕ
ਹਰਪਾਲ ਸਿੰਘ ਸੇਵਕ
ਸੰਤ ਨਿਸ਼ਾਨ ਸਿੰਘ

**ਸੰਪਾਦਕ**

ਜਸਵੰਤ ਸਿੰਘ ਮਸਤ
ਗੁਰਲਾਲ ਸਿੰਘ
ਭਜਨ ਸਿੰਘ



*Printed and Published by*
*Mr. Harvendra Singh Hanspal*
*on behalf of Namdhari Darbar.*
*Printed at Summit advertising press,*
*2DLF (Part), Moti Nagar, New Delhi*
*and Published from Namdhari Gurdwara,*
*Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93

ਇਕ ਸਾਲ- ਦੇਸ - 500 ਰੁ:, ਪ੍ਰਦੇਸ- 70$ USD ਡਾਲਰ
ਪੰਜ ਸਾਲ- ਦੇਸ - 2000 ਰੁ:, ਪ੍ਰਦੇਸ- 280$ USD ਡਾਲਰ

***Designed and Typeset:***

ਹਾਕਮ ਸਿੰਘ
ਤਰਨ ਸਿੰਘ ਬੱਲ



**ਪੱਤਰ ਵਿਹਾਰ ਦਾ ਪਤਾ :**
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 98155-75099
99147-02201
***Email- Satjug@sribhainisahib.com***


## ਤਤਕਰਾ


* ਵਿਭਿੰਨਤਾ ਵਿੱਚ ਏਕਤਾ
  ਜਸਵੰਤ ਸਿੰਘ 'ਮਸਤ'..............................4
* ਗੁਰਬਾਣੀ ਵਿਆਖਿਆ......................................6
* ਇਤਿ ਜਿਨਿ ਕਰੀ
  ਪ੍ਰਿੰ. ਸਤਿਬੀਰ ਸਿੰਘ.................................8
* ਗੁਰੂ ਤੇਗ ਬਹਾਦਰ: ਜੀਵਨ ਪ੍ਰਸੰਗ ਤੇ ਰਚਨਾ ਸੰਦਰਭ
  ਡਾ. ਹਰਮਹਿੰਦਰ ਸਿੰਘ ਬੇਦੀ........................15
* ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਵਿਚਾਰਧਾਰਕ ਪ੍ਰਸੰਗ
  ਡਾ. ਸਰਬਜੀਤ ਸਿੰਘ..............................30
* ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਅਤੇ ਬਾਣੀ ਦਾ ਬ੍ਰਹਿਮੰਡੀ ਪ੍ਰਵਚਨ
  ਡਾ. ਮਨਜਿੰਦਰ ਸਿੰਘ ..............................39
* ਗੁਰੂ ਤੇਗ ਬਹਾਦਰ
  ਡਾ. ਅਨੁਰਾਗ ਸਿੰਘ................................44
* ਅਟੱਲ ਪ੍ਰਤਾਪੀ ਸਤਿਗੁਰੂ ਜੀ ਦੇ ਪ੍ਰਵਚਨਾਂ ਵਿਚੋਂ ਨੌਵੇਂ ਪਾਤਸ਼ਾਹ ਜੀ ਦੀ ਸ਼ਖ਼ਸੀਅਤ
  ਦਵਿੰਦਰ ਸਿੰਘ ਗਿੱਲ................................45
* ਗੰਜਨਾਮਾ- ਭਾਈ ਨੰਦ ਲਾਲ...............................50
* ਕਵਿਤਾ (ਬਲਵਿੰਦਰ ਸਿੰਘ ਸੰਧੂ)............................51
* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
  ਸਵ. ਪ੍ਰੀਤਮ ਸਿੰਘ ਕਵੀ............................52
* A Saga of Sri Satguru Jagjit Singh ji
  Dr. Sharada Jayagovind ..............................54
* ਸੁੱਚੇ ਮੋਤੀ..................................................56
* ਬੱਚਿਆਂ ਦਾ ਪੰਨਾ..........................................57
* ਖ਼ਬਰਨਾਮਾ................................................59


**ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।**

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

# ਵਿਭਿੰਨਤਾ ਵਿਚ ਏਕਤਾ

ਭਾਰਤ ਦੇ ਇਤਿਹਾਸ ਤੇ ਮਿਥਿਹਾਸ ਨੂੰ ਜਦੋਂ ਅਸੀਂ ਵਿਚਾਰਦੇ ਹਾਂ ਤਾਂ ਸਾਡੇ ਸਾਹਮਣੇ ਭਾਰਤੀ ਸੰਸਕ੍ਰਿਤੀ ਦੇ ਕੁਝ ਗੁਣ ਸਾਹਮਣੇ ਆਉਂਦੇ ਹਨ। ਭਾਰਤੀਆਂ ਦੀ ਸਹਿਣਸ਼ੀਲਤਾ, ਦਇਆ-ਭਾਵਨਾ, ਅਤੇ ਸਦੀਆਂ ਤੋਂ ਹੀ ਵੱਖ-ਵੱਖ ਧਰਮਾਂ, ਮੱਤਾਂ, ਜਾਤਾਂ ਤੇ ਕਬੀਲਿਆਂ ਦਾ ਇਕੋ ਹੀ ਰਹਿਤਲ ਵਿੱਚ ਮਿਲ ਜੁਲ ਕੇ ਰਹਿਣਾ ਇਸ ਦੀ 'ਵਿਭਿੰਨਤਾ ਵਿਚ ਏਕਤਾ' ਨੂੰ ਦਰਸਾਉਂਦਾ ਹੈ। ਭਾਰਤੀ ਸੰਸਕ੍ਰਿਤੀ ਦੀ ਖ਼ੂਬਸੂਰਤੀ ਵੀ ਇਸੇ ਵਿੱਚ ਹੈ। ਭਾਰਤ ਵਰਗਾ ਸੰਘੀ ਦੇਸ਼ ਮਹਾਨ ਵੀ ਉਦੋਂ ਤੱਕ ਹੀ ਰਹਿ ਸਕਦਾ ਹੈ ਜਿਨ੍ਹਾਂ ਸਮਾਂ 'ਵਿਭਿੰਨਤਾ ਵਿਚ ਏਕਤਾ' ਦੀ ਇਹ ਖ਼ੂਬਸੂਰਤੀ ਕਾਇਮ ਹੈ। ਜਦੋਂ-ਜਦੋਂ ਵੀ ਕਿਸੇ ਜ਼ਾਲਮ ਹਕੂਮਤ ਜਾਂ ਕਿਸੇ ਫਿਰਕੇ ਨੇ ਇਸ ਖ਼ੂਬਸੂਰਤੀ ਨੂੰ ਢਾਅ ਲਾਉਣ ਦੀ ਕੋਸ਼ਿਸ਼ ਕੀਤੀ ਹੈ ਤਾਂ ਭਾਰਤ ਦੇ ਲੋਕਾਂ ਅਤੇ ਰਹਿਬਰਾਂ ਨੇ ਉਸ ਜ਼ਾਲਮ ਦਾ ਮੂੰਹ ਮੋੜ ਕੇ ਰੱਖ ਦਿੱਤਾ। ਭਾਰਤੀ ਸੰਸਕ੍ਰਿਤੀ ਇਸ ਖ਼ੂਬਸੂਰਤੀ ਨੂੰ ਸਦੀਆਂ ਤੋਂ ਸੰਭਾਲੀ ਬੈਠੀ ਹੈ। ਭਾਰਤੀ ਸੰਸਕ੍ਰਿਤੀ ਦੀ ਇਸ ਖ਼ੂਬਸੂਰਤੀ ਦਾ ਕਾਰਨ ਹੈ ਇੱਥੋਂ ਦੇ ਸਾਧੂ-ਸੰਤਾਂ ਤੇ ਰਹਿਬਰਾਂ ਦੁਆਰਾ ਇਨਸਾਨੀਅਤ ਦਾ ਉਪਦੇਸ਼ ਦੇਣਾ, ਲੋਕਾਂ ਵਿੱਚ ਦਇਆ ਭਾਵ ਦਾ ਸੰਚਾਰ ਕਰਨਾ। ਜਦ ਅਸੀਂ ਭਾਰਤ ਦੀ ਸੰਸਕ੍ਰਿਤੀ ਦੇ ਇਤਿਹਾਸ ਨੂੰ ਵਿਚਾਰਦੇ ਹਾਂ ਤਾਂ ਇਕ ਵਿਸ਼ੇਸ਼ਤਾ ਸਾਹਮਣੇ ਆਉਂਦੀ ਹੈ ਕਿ ਕਦੀ ਵੀ ਇੱਥੇ ਗੁਨਾਹਗਾਰਾਂ ਨੂੰ ਅਰਬ ਦੇਸ਼ਾਂ ਵਰਗੀਆਂ ਸਖ਼ਤ ਸਜ਼ਾਵਾਂ ਨਹੀਂ ਦਿੱਤੀਆਂ ਗਈਆਂ। ਇਸ ਦੀ ਸਭ ਤੋਂ ਵੱਡੀ ਉਦਾਹਰਣ ਇਹ ਲੈ ਸਕਦੇ ਹਾਂ ਕਿ ਜਦੋਂ 1191 ਈ. ਵਿੱਚ ਮੁਹੰਮਦ ਗੌਰੀ ਪ੍ਰਿਥਵੀ ਰਾਜ ਚੌਹਾਨ ਤੋਂ ਹਾਰਦਾ ਹੈ ਤਾਂ ਪ੍ਰਿਥਵੀ ਰਾਜ ਨਾ ਤਾਂ ਮੁਹੰਮਦ ਗੌਰੀ ਨੂੰ ਜੇਲ੍ਹ ਅੰਦਰ ਸੁੱਟਦਾ ਹੈ ਤੇ ਨਾ ਹੀ ਕਿਸੇ ਤਰੀਕੇ ਨਾਲ ਉਸ ਨੂੰ ਮੌਤ ਦੇ ਘਾਟ ਉਤਾਰਦਾ ਹੈ, ਸਗੋਂ ਉਸ ਨੂੰ ਵਾਪਸ ਆਪਣੇ ਦੇਸ਼ ਜਾਣ ਦਿੰਦਾ ਹੈ। ਇਹ ਭਾਰਤੀ ਸੰਸਕ੍ਰਿਤੀ ਦੇ ਦਇਆ ਭਾਵ ਦਾ ਹੀ ਸਿੱਟਾ ਸੀ। ਪਰ ਦੂਸਰੇ ਪਾਸੇ ਜਦ 1192 ਈ. ਵਿੱਚ ਪ੍ਰਿਥਵੀ ਰਾਜ ਚੌਹਾਨ ਮੁਹੰਮਦ ਗੌਰੀ ਦੇ ਹੱਥੋਂ ਹਾਰ ਜਾਂਦਾ ਹੈ ਤਾਂ ਪ੍ਰਿਥਵੀ ਰਾਜ ਤੋਂ ਉਸ ਦਾ ਰਾਜ ਭਾਗ ਖੋਹ ਲਿਆ ਜਾਂਦਾ ਹੈ ਤੇ ਉਸ ਨੂੰ ਕਈ ਤਰ੍ਹਾਂ ਦੇ ਤਸੀਹਿਆਂ ਬਾਅਦ ਮੌਤ ਦੇ ਮੂੰਹ ਵਿੱਚ ਧੱਕ ਦਿੱਤਾ ਜਾਂਦਾ ਹੈ। ਭਾਰਤੀ ਤੇ ਵਿਦੇਸ਼ੀ ਸੰਸਕ੍ਰਿਤੀ ਦਾ ਇਹ ਫ਼ਰਕ ਸਾਫ਼-ਸਾਫ਼ ਦੇਖਿਆ ਜਾ ਸਕਦਾ ਹੈ।

ਭਾਰਤ ਰੂਪੀ ਫੁਲਵਾੜੀ ਜਿਸ ਵਿਚ ਵੱਖ-ਵੱਖ ਮਤਾਂ ਮਤਾਂਤਰਾਂ ਦੇ ਫੁੱਲ ਹਨ, ਇਸ ਦੀ 'ਵਿਭਿੰਨਤਾ ਵਿੱਚ ਏਕਤਾ' ਵਾਲੀ ਵਿਰਾਸਤ ਨੂੰ ਭਿਅੰਕਰ ਸੱਟ ਉਸ ਸਮੇਂ ਲੱਗਣੀ ਸ਼ੁਰੂ ਹੋਈ ਜਦੋਂ 8 ਵੀਂ ਸਦੀ ਦੇ ਲਗਪਗ ਵਿਦੇਸ਼ੀ ਹਾਕਮ ਲਗਾਤਾਰ ਭਾਰਤ ਤੇ ਹਮਲਾ ਕਰਨ ਲੱਗੇ ਤੇ ਇੱਥੋਂ ਦੀਆਂ ਮਾਨਤਾਵਾਂ ਨੂੰ ਕੁਚਲਣ ਲੱਗੇ। ਉਸ ਤੋਂ ਬਾਅਦ ਬਾਬਰ ਦੇ ਪੋਤਰੇ ਅਕਬਰ ਨੇ 16 ਵੀਂ ਸਦੀ ਵਿੱਚ ਭਾਰਤ ਨੂੰ ਆਪਣਾ ਘਰ ਬਣਾ ਲਿਆ ਤੇ ਸਦਾ ਲਈ ਇੱਥੇ ਹੀ ਵੱਸ ਗਿਆ। ਅਕਬਰ ਨੇ ਭਾਰਤ ਦੀ ਸੰਸਕ੍ਰਿਤੀ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਅਤੇ ਸਹਿਣਸ਼ੀਲਤਾ ਵਾਲੇ ਰਸਤੇ 'ਤੇ ਚੱਲਿਆ ਪਰ ਉਸ ਦੀਆਂ ਅਗਲੀਆਂ ਪੀੜ੍ਹੀਆਂ ਨੇ ਭਾਰਤ

ਦੀ ਸੰਸਕ੍ਰਿਤੀ ਨੂੰ ਸਮਝਣ ਵੱਲ ਧਿਆਨ ਨਾ ਦਿੱਤਾ, ਉਨ੍ਹਾਂ ਨੇ ਇਸ ਦੀ 'ਵਿਭਿੰਨਤਾ ਵਿੱਚ ਏਕਤਾ' ਵਾਲੀ ਖ਼ੂਬਸੂਰਤੀ ਤੇ ਸੱਟ ਮਾਰਨੀ ਸ਼ੁਰੂ ਕਰ ਦਿੱਤੀ ਨਤੀਜੇ ਵਜੋਂ ਔਰੰਗਜ਼ੇਬ ਸਮੇਂ ਮੁਗਲੀਆ ਹਕੂਮਤ ਨੇ ਆਪਣਾ ਅਤਿ ਜ਼ਾਲਮ ਰੂਪ ਅਖ਼ਤਿਆਰ ਕਰ ਲਿਆ ਅਤੇ ਦੂਸਰੇ ਮੱਤਾਂ-ਮਾਤਾਂਤਰਾਂ ਹਿੰਦੂ ਜਾਂ ਸੂਫ਼ੀ ਫ਼ਕੀਰ ਹੀ ਕਿਉਂ ਨਾ ਹੋਣ ਸਭ 'ਤੇ ਜ਼ੁਲਮ ਢਾਹੁਣ ਲੱਗੀ।

ਦੂਸਰੇ ਪਾਸੇ ਬਾਬਰ ਦੀ ਗੱਦੀ ਦੇ ਨਾਲ-ਨਾਲ ਗੁਰੂ ਨਾਨਕ ਦੀ ਗੱਦੀ ਵੀ ਚਲਦੀ ਆ ਰਹੀ ਸੀ। ਗੁਰੂ ਸਾਹਿਬ ਦਾ ਘਰ ਸ਼ੁਰੂ ਤੋਂ ਹੀ ਧੱਕੇਸ਼ਾਹੀ ਵਾਲੀ ਏਕਤਾ ਦੇ ਖਿਲਾਫ਼ ਸੀ। ਜਦੋਂ ਗੁਰੂ ਨਾਨਕ ਦੇਵ ਜੀ ਬਾਲ ਰੂਪ ਵਿੱਚ ਸਨ ਤਾਂ ਉਹਨਾਂ ਦੀ ਮਰਜ਼ੀ ਦੇ ਖਿਲਾਫ਼ ਜਦ ਪਾਂਧੇ ਨੇ ਜਨੇਊ ਪਾਉਣਾ ਚਾਹਿਆ ਤਾਂ ਬਾਲ ਨਾਨਕ ਨੇ ਸਾਫ਼ ਮਨ੍ਹਾ ਕਰ ਦਿੱਤਾ। ਇਹ ਉਹ ਪਹਿਲੀ ਘਟਨਾ ਸੀ ਜਿਸ ਨਾਲ ਗੁਰੂ ਨਾਨਕ ਦੇਵ ਜੀ ਨੇ ਧੱਕੇਸ਼ਾਹੀ ਖ਼ਿਲਾਫ਼ ਝੰਡਾ ਚੁੱਕਿਆ। ਬਾਬੇ ਨਾਨਕ ਦਾ ਘਰ ਸ਼ੁਰੂ ਤੋਂ ਹੀ 'ਵਿਭਿੰਨਤਾ ਵਿੱਚ ਏਕਤਾ' ਵਾਲੀ ਧਾਰਨਾ ਦਾ ਪ੍ਰਚਾਰ ਪ੍ਰਸਾਰ ਕਰਦਾ ਆ ਰਿਹਾ ਸੀ। ਬਾਬੇ ਕਿਆਂ ਵੱਲੋਂ ਮਨੁੱਖਤਾ ਦਾ ਝੰਡਾ ਦਿਨ ਪ੍ਰਤੀ ਦਿਨ ਉੱਚਾ ਚੁੱਕਿਆ ਜਾ ਰਿਹਾ ਸੀ, ਪਰ ਦੂਸਰੇ ਪਾਸੇ ਬਾਬਰਕਿਆਂ ਦੇ ਜ਼ੁਲਮ ਆਏ ਦਿਨ ਵੱਧਦੇ ਜਾ ਰਹੇ ਸੀ। ਏਧਰ ਬਾਬੇ ਕਿਆਂ ਦੇ ਘਰ 16 ਵੀਂ ਸਦੀ ਵਿਚ ਗੁਰੂ ਤੇਗ ਬਹਾਦਰ ਦਾ ਜਨਮ ਹੋਇਆ ਤੇ ਉਹ 1664 ਈ. ਵਿੱਚ ਗੁਰੂ ਨਾਨਕ ਦੇਵ ਜੀ ਦੀ ਗੱਦੀ ਉਪਰ ਬਿਰਾਜਮਾਨ ਹੋਏ। ਦੂਸਰੇ ਪਾਸੇ ਬਾਬਰ ਦੀ ਗੱਦੀ ਤੇ ਔਰੰਗਜ਼ੇਬ ਬੈਠਾ। ਔਰੰਗਜ਼ੇਬ ਨੂੰ ਸਿਰਫ਼ ਸੱਤਾ ਚਾਹੀਦੀ ਸੀ ਤੇ ਹਰ ਪਾਸੇ ਸੁੰਨੀ ਮੁਸਲਮਾਨ ਨਜ਼ਰ ਆਉਣੇ ਚਾਹੀਦੇ ਸੀ। ਇਸ ਲਈ ਉਹ ਭਾਰਤ ਵਿਚ ਪ੍ਰਚਲਿਤ ਹਰ ਮੱਤ ਨੂੰ ਖ਼ਤਮ ਕਰ ਦੇਣਾ ਚਾਹੁੰਦਾ ਸੀ। ਉਹ ਤਾਂ ਸ਼ੀਆ ਮੁਸਲਮਾਨਾਂ ਤੇ ਸੂਫ਼ੀ ਫ਼ਕੀਰਾਂ 'ਤੇ ਵੀ ਜ਼ੁਲਮ ਢਾਹ ਰਿਹਾ ਸੀ।

ਔਰੰਗਜ਼ੇਬ ਜ਼ੁਲਮ ਦੀ ਚੱਕੀ ਤੇਜ਼ ਕਰ ਰਿਹਾ ਸੀ, ਦੂਸਰੇ ਪਾਸੇ ਗੁਰੂ ਤੇਗ ਬਹਾਦਰ ਪੂਰੇ ਦੇਸ਼ ਵਿੱਚ ਘੁੰਮ ਕੇ ਲੋਕਾਂ ਨੂੰ ਜਾਗਰੂਕ ਕਰ ਕੇ ਔਰੰਗਜ਼ੇਬ ਦੇ ਜ਼ੁਲਮਾਂ ਵਿਰੁੱਧ ਖੜ੍ਹੇ ਕਰ ਰਹੇ ਸੀ। ਜਿਸ ਕਾਰਨ ਗੁਰੂ ਜੀ ਨੂੰ ਕਈ ਵਾਰ ਜ਼ਾਲਮ ਹਕੂਮਤ ਦੇ ਜ਼ੁਲਮ ਦਾ ਸਾਹਮਣਾ ਕਰਨਾ ਪਿਆ। ਬਾਬਰ ਕਿਆਂ ਤੇ ਨਾਨਕ ਕਿਆਂ ਦੀ ਇਹ ਕਸ਼ਮਕਸ਼ ਉਸ ਸਮੇਂ ਸਿਖਰ 'ਤੇ ਪਹੁੰਚ ਗਈ, ਜਿਸ ਵੇਲੇ ਔਰੰਗਜ਼ੇਬ ਦੀ ਲੋਕਾਂ ਦਾ ਧਰਮ ਤਬਦੀਲ ਕਰਵਾਉਣ ਵਾਲੀ ਨੀਤੀ ਨੂੰ ਅੰਜ਼ਾਮ ਦੇਣ ਲਈ ਕਸ਼ਮੀਰ ਦੇ ਸੂਬੇਦਾਰ ਨੇ ਸਥਾਨਕ ਪੰਡਤਾਂ 'ਤੇ ਜ਼ੁਲਮ ਢਾਹੁਣਾ ਸ਼ੁਰੂ ਕਰ ਦਿੱਤਾ। ਸੂਬੇਦਾਰ ਦੀ ਇਸ ਕਾਰਵਾਈ ਨਾਲ ਨਜਿੱਠਣ ਲਈ ਕਸ਼ਮੀਰ ਦੇ ਕੁਝ ਪ੍ਰਮੁੱਖ ਪੰਡਿਤ, ਪੰਡਿਤ ਕ੍ਰਿਪਾ ਰਾਮ ਦੀ ਅਗਵਾਈ ਵਿੱਚ ਗੁਰੂ ਤੇਗ ਬਹਾਦਰ ਜੀ ਦੀ ਸ਼ਰਨ ਵਿੱਚ ਆਨੰਦਪੁਰ ਆਏ। ਗੁਰੂ ਜੀ ਨੇ ਉਨ੍ਹਾਂ ਨੂੰ ਕਿਹਾ ਕਿ ਉਹ ਜਾ ਕੇ ਸੂਬੇਦਾਰ ਨੂੰ ਕਹਿ ਦੇਣ ਕਿ ਨੌਵਾਂ ਨਾਨਕ ਉਨ੍ਹਾਂ ਦਾ ਗੁਰੂ ਹੈ, ਜੇ ਉਹ ਮੁਸਲਮਾਨ ਬਣ ਜਾਣਗੇ ਤਾਂ ਅਸੀਂ ਵੀ ਮੁਸਲਮਾਨ ਬਣ ਜਾਵਾਂਗੇ। ਸੂਬੇਦਾਰ ਨੇ ਕਸ਼ਮੀਰੀ ਪੰਡਤਾਂ ਦੀ ਆਖੀ ਇਹ ਗੱਲ ਔਰੰਗਜ਼ੇਬ ਤੱਕ ਪੁਚਾ ਦਿੱਤੀ। ਨਤੀਜੇ ਵਜੋਂ ਜ਼ਾਲਮ ਮੁਗਲ ਹਕੂਮਤ ਨੇ ਕਈ ਤਰੀਕਿਆਂ ਦੇ ਨਾਲ ਗੁਰੂ ਜੀ ਨੂੰ ਮੁਸਲਮਾਨ ਬਣਾਉਣ ਦੀ ਕੋਸ਼ਿਸ਼ ਕੀਤੀ, ਪਰ ਗੁਰੂ ਜੀ ਤਾਂ ਵਾਰ-ਵਾਰ ਇਹੋ ਕਹਿ ਰਹੇ ਸੀ-

**ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥**

ਗੁਰੂ ਜੀ ਨਾ ਮੰਨੇ ਤਾਂ ਦਿੱਲੀ ਦੇ ਚਾਂਦਨੀ ਚੌਂਕ ਵਿੱਚ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ ਗਿਆ। ਕੁਝ ਲੋਕ ਕਹਿੰਦੇ ਹਨ ਕਿ ਗੁਰੂ ਜੀ ਨੇ ਸਿਰਫ਼ ਇੱਕ ਵਿਸ਼ੇਸ਼ ਧਰਮ ਦੇ ਲਈ ਸ਼ਹੀਦੀ ਦਿੱਤੀ ਸੀ। ਪਰ ਅਸਲ ਵਿੱਚ ਉਨ੍ਹਾਂ ਨੇ ਕਿਸੇ ਵਿਸ਼ੇਸ਼ ਧਰਮ ਲਈ ਨਹੀਂ ਸਗੋਂ ਜ਼ਾਲਮ ਹਕੂਮਤ ਦੇ ਜ਼ੁਲਮ ਵਿਰੁੱਧ ਮਾਨਵੀ ਹੱਕਾਂ ਲਈ ਸ਼ਹਾਦਤ ਦੇਂਦੇ ਹੋਏ ਭਾਰਤੀ ਸੰਸਕ੍ਰਿਤੀ ਦੇ 'ਵਿਭਿੰਨਤਾ ਵਿੱਚ ਏਕਤਾ' ਵਾਲੇ ਗੁਣ ਨੂੰ ਲੋਕਾਂ ਵਿੱਚ ਹੋਰ ਦ੍ਰਿੜ੍ਹ ਕਰਵਾਇਆ।

ਪਰ ਅਫ਼ਸੋਸ ਦੀ ਗੱਲ ਤਾਂ ਇਹ ਹੈ ਕਿ ਹਿੰਦੋਸਤਾਨ ਵਾਸੀਆਂ ਨੇ ਗੁਰੂ ਜੀ ਦੇ ਜੀਵਨ ਤੋਂ ਇਹ ਸਿੱਖਿਆ ਹੈ ਕਿ **'ਕੁਝ ਵੀ ਨਹੀਂ ਸਿੱਖਿਆ'** ਗੁਰੂ ਜੀ ਦੇ ਜੀਵਨ ਬਲੀਦਾਨ ਤੋਂ ਬਾਅਦ ਵੀ ਔਰੰਗੇ ਤੇ ਜ਼ਾਲਮ ਹਕੂਮਤਾਂ ਲਗਾਤਾਰ ਪੈਦਾ ਹੋ ਰਹੀਆਂ ਹਨ। ਕਦੇ ਅੰਗਰੇਜ਼ ਦੇ ਰੂਪ ਵਿੱਚ ਤੇ ਕਦੀ ਸਾਡੇ ਆਪਣਿਆਂ ਦੇ ਰੂਪ ਵਿੱਚ ਪਰ ਇਸ ਵਰਤਾਰੇ ਨੂੰ ਅਸੀਂ ਅਜੇ ਤਕ ਠੱਲ੍ਹ ਨਹੀਂ ਸਕੇ। ਕਾਸ਼ ! ਕਦੀ ਜੇ ਇਸ ਵਰਤਾਰੇ ਨੂੰ ਠੱਲ੍ਹ ਪੈ ਜਾਵੇ ਤੇ ਅਸੀਂ ਗੁਰੂ ਸਾਹਿਬ ਦੀ ਸਿੱਖਿਆ ਨੂੰ ਆਪਣੇ ਹਿਰਦੇ ਅੰਦਰ ਵਸਾ ਕੇ ਉਸ 'ਤੇ ਚੱਲਣਾ ਸ਼ੁਰੂ ਕਰ ਦੇਈਏ।

**ਜਸਵੰਤ ਸਿੰਘ ਮਸਤ**
**98550-58178**

......................................................

# ਗੁਰਬਾਣੀ ਵਿਆਖਿਆ- ਜਪੁ ਸਾਹਿਬ

**ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥**

ਪ੍ਰਭੂ ਦੇ ਹੁਕਮ ਨਾਲ ਸਾਰੇ ਆਕਾਰ ਬਣਦੇ ਹਨ, ਹੁਕਮ ਦਾ ਵਰਨਣ ਨਹੀਂ ਕੀਤਾ ਜਾ ਸਕਦਾ।

**ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥**

ਉਸਦੇ ਹੁਕਮ ਅਨੁਸਾਰ ਹੀ ਜੀਵਾਂ ਦੀ ਰਚਨਾ ਹੁੰਦੀ ਹੈ ਅਤੇ ਹੁਕਮ ਨਾਲ ਹੀ ਉਨ੍ਹਾਂ ਨੂੰ ਵਡਿਆਈ ਮਿਲਦੀ ਹੈ।

**ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥**

ਹੁਕਮ ਨਾਲ ਹੀ ਕੋਈ ਜੀਵਾਂ ਵਿੱਚ ਉੱਤਮ ਅਤੇ ਕੋਈ ਨੀਚ ਗੁਣ ਵਾਲਾ ਹੈ, ਹੁਕਮ ਨਾਲ ਲਿਖੇ ਗਏ ਲੇਖਾਂ ਅਨੁਸਾਰ ਦੁੱਖ ਅਤੇ ਸੁਖ ਪਾਈਦਾ ਹੈ।

**ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ॥**

ਕਈਆਂ ਨੂੰ ਤਾਂ ਹੁਕਮ ਨਾਲ ਉਸ ਦੇ ਦਰ ਤੋਂ ਬਖਸ਼ਿਸ਼ ਪ੍ਰਾਪਤ ਹੁੰਦੀ ਹੈ ਅਤੇ ਕਈ ਹੁਕਮ ਨਾਲ ਸਦਾ ਜਨਮ ਮਰਨ ਦੇ ਚੱਕਰ ਵਿੱਚ ਪਏ ਰਹਿੰਦੇ ਹਨ।

**ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥**

ਸਭ ਕੁਝ ਹੁਕਮ ਦੇ ਅੰਦਰ ਹੈ, ਹੁਕਮ ਤੋਂ ਬਾਹਰ ਕੁਝ ਵੀ ਨਹੀਂ ਹੈ।

**ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥੨॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜੋ ਹੁਕਮ ਨੂੰ ਸਮਝ ਲੈਂਦਾ ਹੈ, ਉਹ ਫਿਰ ਹਉਮੈ ਦਾ ਨਾਂ ਨਹੀਂ ਲਵੇਗਾ ਭਾਵ ਉਹ ਫਿਰ ਹੰਕਾਰ ਵਾਲੀ ਕੋਈ ਵੀ ਗੱਲ ਨਹੀਂ ਕਰਦਾ।

**ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ ॥**

ਜਿਸ ਕਿਸੇ ਜੀਵ ਵਿੱਚ ਸਮਰੱਥਾ ਹੁੰਦੀ ਹੈ, ਉਹ ਪ੍ਰਭੂ ਦੀ ਤਾਕਤ ਨੂੰ ਗਾਉਂਦਾ ਹੈ।

**ਗਾਵੈ ਕੋ ਦਾਤਿ ਜਾਣੈ ਨੀਸਾਣੁ ॥**

ਕੋਈ ਉਸਦੀ ਦਿੱਤੀ ਦਾਤ ਨੂੰ ਗਾ ਰਿਹਾ ਹੈ ਅਤੇ ਇਸ ਨੂੰ ਉਸਦੀ ਨਿਸ਼ਾਨੀ ਸਮਝ ਰਿਹਾ ਹੈ।

**ਗਾਵੈ ਕੋ ਗੁਣ ਵਡਿਆਈਆ ਚਾਰ ॥**

ਕੋਈ ਉਸਦੇ ਗੁਣਾਂ ਅਤੇ ਸੁੰਦਰ ਵਡਿਆਈਆਂ ਨੂੰ ਗਾ ਰਿਹਾ ਹੈ।

**ਗਾਵੈ ਕੋ ਵਿਦਿਆ ਵਿਖਮੁ ਵੀਚਾਰੁ ॥**

ਕੋਈ ਮਨੁੱਖ ਵਿੱਦਿਆ ਦੇ ਬਲ ਨਾਲ ਪ੍ਰਭੂ ਦੇ ਕਠਿਨ ਗਿਆਨ ਨੂੰ ਗਾ ਰਿਹਾ ਹੈ।

**ਗਾਵੈ ਕੋ ਸਾਜਿ ਕਰੇ ਤਨੁ ਖੇਹ ॥**

ਕੋਈ ਉਸਨੂੰ ਸਰੀਰ ਸਾਜ ਕੇ ਨਾਸ ਕਰ ਦੇਣ ਵਾਲਾ ਆਖ ਕੇ, ਗਾ ਰਿਹਾ ਹੈ।

**ਗਾਵੈ ਕੋ ਜੀਅ ਲੈ ਫਿਰਿ ਦੇਹ ॥**

ਕੋਈ ਉਸ ਨੂੰ ਇੰਝ ਗਾ ਰਿਹਾ ਹੈ ਕਿ ਪ੍ਰਭੂ ਸਰੀਰਾਂ ਵਿੱਚੋਂ ਜਿੰਦ ਕੱਢ ਕੇ ਫਿਰ ਦੂਜੇ ਸਰੀਰਾਂ ਵਿੱਚ ਪਾ ਦੇਂਦਾ ਹੈ।

**ਗਾਵੈ ਕੋ ਜਾਪੈ ਦਿਸੈ ਦੂਰਿ ॥**

ਕੋਈ ਕਹਿੰਦਾ ਹੈ ਕਿ ਪ੍ਰਭੂ ਦੂਰ ਜਾਪਦਾ ਹੈ, ਦੂਰ ਦਿੱਸਦਾ ਹੈ।

**ਗਾਵੈ ਕੋ ਵੇਖੈ ਹਾਦਰਾ ਹਦੂਰਿ ॥**

ਪਰ ਕੋਈ ਕਹਿੰਦਾ ਹੈ ਕਿ ਪ੍ਰਭੂ ਨੇੜੇ ਹੈ, ਸਭ ਥਾਈਂ ਹਾਜ਼ਰ ਹੈ, ਸਭ ਨੂੰ ਵੇਖ ਰਿਹਾ ਹੈ।

**ਕਥਨਾ ਕਥੀ ਨ ਆਵੈ ਤੋਟਿ ॥**

ਉਸ ਦੀ ਸਿਫ਼ਤ ਵਿੱਚ ਕਥੇ ਗਏ ਕਥਨਾਂ ਦਾ ਅੰਤ ਨਹੀਂ ਪਾਇਆ ਜਾਂਦਾ।

**ਕਥਿ ਕਥਿ ਕਥੀ ਕੋਟੀ ਕੋਟਿ ਕੋਟਿ ॥**

ਭਾਵੇਂ ਕਰੋੜਾਂ ਕਥਨਹਾਰਿਆਂ ਨੇ ਕਰੋੜਾਂ ਕਥਨੀਆਂ ਕਰੋੜਾਂ ਵਾਰ ਕਹੀਆਂ ਹਨ।

**ਦੇਦਾ ਦੇ ਲੈਦੇ ਥਕਿ ਪਾਹਿ ॥**

ਜੋ ਦੇਣਹਾਰ ਪ੍ਰਭੂ ਦੇਂਦਾ ਹੀ ਦੇਂਦਾ ਹੈ, ਲੈਣਹਾਰ ਥੱਕ ਜਾਂਦੇ ਹਨ।

**ਜੁਗਾ ਜੁਗੰਤਰਿ ਖਾਹੀ ਖਾਹਿ ॥**

ਸਾਰੇ ਜੀਵ ਜੁਗਾਂ-ਜੁਗਾਂਤਰਾਂ ਤੋਂ ਜਿਸ ਦੇ ਦਿੱਤੇ ਪਦਾਰਥ ਖਾਂਦੇ ਆ ਰਹੇ ਹਨ।

**ਹੁਕਮੀ ਹੁਕਮੁ ਚਲਾਏ ਰਾਹੁ ॥**

ਜਿਸ ਪ੍ਰਭੂ ਦਾ ਹੁਕਮ ਹੀ ਸੰਸਾਰ ਨੂੰ ਆਪਣੇ ਰਸਤੇ 'ਤੇ ਚਲਾ ਰਿਹਾ ਹੈ।

**ਨਾਨਕ ਵਿਗਸੈ ਵੇਪਰਵਾਹੁ ॥੩॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜੋ ਪ੍ਰਭੂ ਸਦਾ ਬੇਪ੍ਰਵਾਹ ਅਤੇ ਪ੍ਰਸੰਨ ਹੈ ਉਸਦੇ ਬਲ ਨੂੰ ਕੌਣ ਗਾ ਸਕਦਾ ਹੈ?

**ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ ॥**

ਉਹ ਪ੍ਰਭੂ ਸਦਾ ਸਥਿਰ ਰਹਿਣ ਵਾਲਾ ਹੈ, ਉਸਦਾ ਨਾਮ ਵੀ ਅਟੱਲ ਹੈ।

ਉਸਦੀ ਬੋਲੀ ਪ੍ਰੇਮ ਹੈ ਅਤੇ ਉਹ ਆਪ ਬੇਅੰਤ ਹੈ।

**ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ ॥**

ਸਾਰੇ ਜੀਵ ਉਸ ਪਾਸੋਂ ਦਾਤਾਂ ਮੰਗਦੇ ਹੋਏ ਆਖਦੇ ਹਨ ਕਿ ਪ੍ਰਭੂ ਸਾਨੂੰ ਦਾਤਾਂ ਦੇਹ, ਉਹ ਦਾਤਾਰ ਦਾਤਾਂ ਦੇਂਦਾ ਹੈ।

**ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ ॥**

ਤਾਂ ਉਸ ਅੱਗੇ ਅਸੀਂ ਕੀ ਭੇਟਾ ਰੱਖੀਏ? ਜਿਸ ਸਦਕਾ ਉਸਦੇ ਦਰਬਾਰ ਦੇ ਦਰਸ਼ਨ ਹੋ ਜਾਣ।

**ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ ॥**

ਅਸੀਂ ਮੂੰਹੋਂ ਕਿਹੜਾ ਬੋਲ ਬੋਲੀਏ, ਜਿਸ ਬੋਲ ਨੂੰ ਸੁਣ ਕੇ ਹਰੀ ਸਾਨੂੰ ਪਿਆਰ ਕਰੇ।

**ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥**

ਅੰਮ੍ਰਿਤ ਵੇਲਾ ਉਹ ਭੇਟਾ ਹੈ, ਸੱਚੇ ਨਾਮ ਦਾ ਸਿਮਰਨ ਅਤੇ ਵਡਿਆਈਆਂ ਦੀ ਵੀਚਾਰ ਦੇ ਬੋਲ ਹੀ ਬੋਲਣ ਜੋਗ ਹਨ ਭਾਵ ਅੰਮ੍ਰਿਤ ਵੇਲੇ ਉੱਠ ਕੇ ਨਾਮ ਜਪਣਾ ਅਤੇ ਪ੍ਰਭੂ ਦੀ ਸਿਫ਼ਤ ਸਲਾਹ ਹੀ ਉੱਤਮ ਕਾਰਜ ਹਨ ।

**ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥**

ਚੰਗੇ ਕਰਮਾਂ ਨਾਲ ਸਰੀਰ ਰੂਪ ਕੱਪੜਾ ਮਿਲਦਾ ਹੈ ਅਤੇ ਪ੍ਰਭੂ ਦੀ ਕ੍ਰਿਪਾ-ਦ੍ਰਿਸ਼ਟੀ ਨਾਲ ਮੁਕਤੀ ਦਾ ਦਰਵਾਜ਼ਾ ਮਿਲ ਜਾਂਦਾ ਹੈ।

**ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ ॥੪॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਇਸ ਤਰ੍ਹਾਂ ਸਮਝਣਾ ਚਾਹੀਦਾ ਹੈ ਕਿ ਸਭ ਕੁਝ ਉਹ ਸੱਚਾ ਪ੍ਰਭੂ ਆਪ ਹੀ ਹੈ।

**ਨਾਮਧਾਰੀ ਨਿਤਨੇਮ ਸਟੀਕ ਵਿੱਚੋਂ.....**

# ਇਤਿ ਜਿਨਿ ਕਰੀ

**ਪ੍ਰਿੰ. ਸਤਿਬੀਰ ਸਿੰਘ**

**ਗੁਰੂ ਤੇਗ ਬਹਾਦਰ ਜੀ ਦਾ ਪ੍ਰਕਾਸ਼** ਵੈਸਾਖ ਵਦੀ ਪੰਜਵੀਂ, ਸੰਮਤ ੧੬੭੮ ਮੁਤਾਬਿਕ ਪਹਿਲੀ ਅਪ੍ਰੈਲ ੧੬੨੧ ਸ਼ੁੱਕਰਵਾਰ ਨੂੰ ਮਾਤਾ ਨਾਨਕੀ ਜੀ ਦੀ ਕੁੱਖੋਂ ਗੁਰੂ ਹਰਿਗੋਬਿੰਦ ਜੀ ਦੇ ਘਰ, ਸ੍ਰੀ ਅੰਮ੍ਰਿਤਸਰ, ਗੁਰੂ ਕੇ ਮਹੱਲ ਵਿਖੇ ਹੋਇਆ। ਜਦ ਪੰਜਵੇਂ ਬੇਟੇ ਦੇ ਜਨਮ ਦੀ ਖ਼ਬਰ ਮੇਵੜੇ ਨੇ ਪਹੁੰਚਾਈ ਤਾਂ ਛੇਵੇਂ ਪਾਤਸ਼ਾਹ ਉਸ ਸਮੇਂ ਸ੍ਰੀ ਹਰਿਮੰਦਰ ਸਾਹਿਬ ਆਸਾ ਜੀ ਦੀ ਵਾਰ ਦਾ ਕੀਰਤਨ ਸੁਣ ਰਹੇ ਸਨ। ਇਸ ਹਿਸਾਬ ਪਹਿਰ ਕੁ ਰਾਤ ਰਹਿੰਦੀ ਸੀ। ਕੀਰਤਨ ਦੀ ਸਮਾਪਤੀ ਉਪਰੰਤ ਆਪ ਜੀ ਸੰਗਤਾਂ ਸਮੇਤ ਗੁਰੂ ਕੇ ਮਹੱਲ, ਜਿੱਥੇ ਬਾਲਕ ਦਾ ਜਨਮ ਹੋਇਆ ਸੀ, ਗਏ ਅਤੇ ਆਉਂਦਿਆਂ ਹੀ ਨਵ-ਜਨਮੇ ਬੱਚੇ ਨੂੰ ਸਿਰ ਝੁਕਾ ਕੇ ਬੰਦਨਾ ਕੀਤੀ। ਗੁਰੂ ਬਿਲਾਸ ਪਾਤਸ਼ਾਹੀ ਛੇਵੀਂ ਅਨੁਸਾਰ- "ਗੁਰੂ ਜੀ ਦਾ ਨਿਰਾਲਾ ਕਰਮ ਦੇਖ ਕੇ ਭਾਈ ਬਿਧੀ ਚੰਦ ਜੀ ਨੇ ਗੁਰੂ ਜੀ ਤੋਂ ਪੁੱਛਿਆ ਕਿ ਬਾਲਕ ਨੂੰ ਨਮਸਕਾਰ ਕਰਨ ਦਾ ਕੀ ਕਾਰਨ ਹੈ ?"

**ਤਬ ਗੁਰ ਸਿਸ ਕੋ ਬੰਦਨ ਕੀਨੀ**
**ਅਤਿ ਹਿਤ ਲਾਇ॥**
**ਬਿਧੀਆ ਕਹਿ ਕਸ ਬੰਦਨ ਕੀ**
**ਕਹੋ ਮੋਹਿ ਸਮਝਾਇ॥੧੦੩੧॥**

(ਅਧਿਆਇ ਨੌਵਾਂ)

ਮੀਰੀ-ਪੀਰੀ ਦੇ ਮਾਲਕ ਦਾ ਉੱਤਰ ਸੀ- "ਦੀਨ ਰਛ ਸੰਕਟ ਹਰੈ॥" ਉਸੇ ਸਮੇਂ ਹੀ ਨਾਂ ਵੀ ਤੇਗ ਬਹਾਦਰ ਰੱਖਿਆ ਤੇ ਅਰਦਾਸ ਕੀਤੀ ਕਿ "ਗੁਰੂ ਨਾਨਕ ਸਾਹਿਬ! ਇਸ ਬਾਲਕ ਨੂੰ ਅੜ ਖਲੋਣ ਦੀ ਸ਼ਕਤੀ, ਬੁਰਾਈ ਨਾਲ ਸਦਾ ਟਕਰਾਉਣ ਦਾ ਬਲ ਅਤੇ ਆਖ਼ਰੀ ਦਮ ਤੱਕ ਜੂਝਣ ਦੀ ਤਾਕਤ ਦੇਣੀ। ਫਿਰ ਇਹ ਵੀ ਫ਼ਰਮਾਇਆ ਕਿ ਜ਼ਾਲਮ ਤੁਰਕਾਂ ਦੀ ਜੜ ਵੀ ਇਹ ਨਿਰਭੈ ਬਾਲਕ ਹੀ ਉਖੇੜੇਗਾ,

**ਇਹ ਨਿਰਭੈ ਜਰ ਤੁਰਕ ਉਖੇਰੀ॥"**

ਗੁਰੂ ਹਰਿਗੋਬਿੰਦ ਜੀ ਦੇ ਮੂੰਹੋਂ ਐਸਾ ਬਚਨ ਸੁਣ ਕੇ ਸਭ ਇਹ ਹੀ ਕਹਿਣ ਲੱਗ ਪਏ ਕਿ ਗੁਰੂ ਘਰ ਐਸੇ ਬਾਲਕ ਨੇ ਜਨਮ ਲਿਆ ਹੈ ਜੋ ਹਿੰਦੂਆਂ ਦੀ ਜਾਂਦੀ ਪਤਿ ਰੱਖੇਗਾ। ਜਾਂਦੇ ਧਰਮ ਨੂੰ ਬਚਾ ਲਵੇਗਾ ਅਤੇ ਪਰ-ਹਿਤ ਸਭ ਕੁਝ ਵਾਰ ਦੇਵੇਗਾ। "**ਧਰਮ ਰਾਖਿ ਹੈ ਭਨੋ**" ਸਾਰੇ ਇਤਿਹਾਸਕਾਰਾਂ ਲਿਖਿਆ ਹੈ। ਕੁਝ ਇਹ ਵੀ ਕਹਿਣ ਲੱਗ ਪਏ ਕਿ ਗੁਰੂ ਹਰਿਗੋਬਿੰਦ ਜੀ ਨੇ ਪੀਰੀ ਨਾਲ ਮੀਰੀ ਜੋੜੀ ਹੈ, ਇਹ ਮੀਰੀ ਦੀ ਸ਼ਕਤੀ ਹੀ ਖਿੱਚ ਲੈਣਗੇ। ਪੰਥ ਪ੍ਰਕਾਸ਼ ਵਿਚ ਗਿਆਨੀ ਗਿਆਨ ਸਿੰਘ ਜੀ ਨੇ ਇਸੇ ਭਾਵ ਦਾ ਲਿਖਿਆ ਹੈ ਕਿ ਇਹ ਬਾਲਕ ਧਰਤੀ ਦਾ ਭਾਰ ਦੂਰ ਕਰੇਗਾ [1], ਹਿੰਦ ਦੀ ਰੱਖਿਆ ਸੀਸ ਰੂਪੀ ਚਾਦਰ ਵਿਛਾ ਕੇ ਕਰੇਗਾ ਅਤੇ ਸੂਰਜ ਵਾਂਗ ਰੌਸ਼ਨੀ ਦੇ ਕੇ ਘੋਰ ਅਨਿਆਂ ਹਟਾਏਗਾ।



ਸਿੱਖ ਇਤਿਹਾਸਕਾਰ

"ਤੇਗ ਬਹਾਦਰ ਚਾਦਰ ਹਿੰਦ,
ਦਨਿੰਦ ਮਨਿੰਦ ਭਏ ਅਵਤਾਰੇ।"

ਜਿਸ ਸਮੇਂ (ਗੁਰੂ) ਤੇਗ ਬਹਾਦਰ ਜੀ ਦੇ ਵੱਡੇ ਭਰਾ ਬਾਬਾ ਅਟਲ ਰਾਇ ਦਾ ਜਨਮ ਹੋਇਆ ਸੀ ਤਾਂ ਉਸ ਵੇਲੇ ਵੀ ਛੇਵੇਂ ਪਾਤਸ਼ਾਹ ਦੀ ਮਾਤਾ ਗੰਗਾ ਜੀ ਨੇ ਵਰ ਅਸੀਸ ਦੇਣ ਲਈ ਕਿਹਾ ਸੀ ਤਾਂ ਆਪ ਜੀ ਨੇ ਫ਼ਰਮਾਇਆ ਸੀ ਕਿ ਇਸ ਬਾਲਕ ਦੀ ਸਮਾਧੀ ਧੁਰ ਤੋਂ ਹੀ ਲੱਗੀ ਹੋਈ ਹੈ। ਪੰਘੂੜੇ ਵਿਚ ਹੀ ਅਟਲ ਰਾਇ ਜੀ ਸਮਾਧੀ ਲਗਾ ਕੇ ਬੈਠੇ ਰਹਿੰਦੇ ਸਨ :

ਸੁਨੋ ਮਾਤ ਇਹ ਰੂਪ ਅਪਾਰਾ ।
ਸਮਾਧ ਅਚਲ ਕੇਰ ਸੁਖਧਾਰਾ।

ਉਸ ਵੇਲੇ ਨਾਮ ਹੀ ਅਟਲ ਰੱਖ ਦਿੱਤਾ ਗਿਆ ਸੀ।[2] ਇਸੇ ਤਰ੍ਹਾਂ ਜਦ ਤੀਜੇ ਪੁੱਤਰ ਬਾਬਾ ਅਣੀ ਰਾਇ ਜੀ ਦਾ ਗੁਰੂ ਘਰ ਜਨਮ ਹੋਇਆ ਸੀ ਤਾਂ ਛੇਵੇਂ ਪਾਤਸ਼ਾਹ ਨੇ ਸੁਭਾਵਕ ਹੀ ਕਿਹਾ ਸੀ, **"ਅਣੀ ਵੰਤ ਇਹ ਮਾਲ ਲਖੀਜੈ"** ਅਤੇ ਨਾਂ ਹੀ ਅਣੀ ਰਾਇ ਪੈ ਗਿਆ ਸੀ। ਸੋ ਜਨਮਤ ਹੀ ਨਾਂ (ਗੁਰੂ) ਤੇਗ ਬਹਾਦਰ ਪੈ ਗਿਆ ਲੱਗਦਾ ਹੈ। ਅਖ਼ਬਾਰਾਤਿ ਦਰਬਾਰ-ਇ-ਮੁਅਲਾ ਵਿਚ ਨੌਵੇਂ ਪਾਤਸ਼ਾਹ ਨੂੰ ਤਿਆਗ ਮੱਲ ਲਿਖਿਆ ਗਿਆ ਹੈ। ਇਹ ਨਾਂ ਉਨ੍ਹਾਂ ਦੀ ਰੁਚੀ, ਸੁਭਾਅ, ਕਰਮ ਕਰਕੇ ਪ੍ਰਸਿੱਧ ਹੋਇਆ ਲੱਗਦਾ ਹੈ। ਮੈਕਾਲਫ਼ ਦਾ ਕਹਿਣਾ ਹੈ ਕਿ ਆਪ ਜੀ ਨੂੰ **'ਟੇਕ ਬਹਾਦਰ'**

ਵੀ ਕਿਹਾ ਜਾਂਦਾ ਸੀ ਕਿਉਂਕਿ ਉਹ ਨਿਥਾਵਿਆਂ ਦਾ ਥਾਨ ਤੇ ਗਏ ਗੁਜ਼ਰਿਆਂ ਦੀ ਟੇਕ ਸਿੱਧ ਹੋਏ। ਭਾਈ ਨੰਦ ਲਾਲ ਜੀ ਨੇ ਇਸੇ ਲਈ ਗੁਰੂ ਤੇਗ ਬਹਾਦਰ ਜੀ ਨੂੰ **'ਨੌ ਆਈਨ ਤਰ',** ਨਵੇਂ ਵਿਧਾਨ ਦਾ ਲਾਗੂ ਕਰਨ ਵਾਲਾ ਕਿਹਾ, ਜਿਸ ਅਨੁਸਾਰ ਹੁਣ ਰੱਬ ਦੇ ਮਾਰਗ ਦੇ ਢੂੰਡਾਊਆਂ ਨੂੰ ਕੋਈ ਰੋਕ ਨਹੀਂ ਪਾ ਸਕੇਗਾ। 'ਰਮਜ਼ ਸ਼ਨਾਸ ਰਾਹਿ ਤਰੀਕਤ' ਵ 'ਹੱਕ ਅਸਾਸੇ ਵਾਲਾ ਹਕੀਕਤ।' ਠੀਕ ਗੱਲ ਇਹ ਹੈ ਕਿ ਸੱਚ ਦੀਆਂ ਕਿਰਨਾਂ ਉਨ੍ਹਾਂ ਦੇ ਪਾਵਨ ਵਜੂਦ ਕਾਰਨ ਹੀ ਰੌਸ਼ਨ ਹਨ। ਰੱਬੀ ਮਾਰਗ ਦੇ ਭੇਤਾਂ ਨੂੰ ਸਮਝਣ ਵਾਲੀਆਂ ਅਤੇ ਉਚੇਰੀ ਸਚਾਈ ਦੀ ਸਹੀ ਨੀਂਹ ਹੀ ਉਹ ਹਨ।

**'ਅਨਵਾਰਿ ਹੱਕ ਅਜ਼ ਵਜੂਦਿ ਪਾਕਿਸ਼ ਰੌਸ਼ਨ ਹੈ।**[3]

ਗੁਰੂ ਹਰਿਗੋਬਿੰਦ ਜੀ ਕਈ ਵਾਰੀ ਕਿਹਾ ਕਰਦੇ ਸਨ ਕਿ 'ਇਹ (ਗੁਰੂ ਤੇਗ ਬਹਾਦਰ) ਸੱਚਾ, ਸੰਤ, ਧਰਮ-ਰੱਖਿਅਕ ਅਤੇ ਹਿੰਦਵਾਯਨ ਦਾ ਥੰਮ੍ਹ ਹੋਵੇਗਾ।' ਇਕ ਵਾਰੀ ਮਾਤਾ ਨਾਨਕੀ ਜੀ ਨੇ ਵੀ ਪੁੱਛਿਆ ਕਿ (ਬਾਬਾ) ਗੁਰਦਿੱਤਾ (ਜੀ), ਵੱਡੇ ਪੁੱਤਰ ਸਾਰੇ ਕਾਰਜ ਸੰਭਾਲਦੇ ਹਨ, ਉਸ ਦਾ ਇੰਨਾ ਆਦਰ ਤੁਸੀਂ ਨਹੀਂ ਕਰਦੇ। ਸੂਰਜ ਮੱਲ (ਦੂਜਾ ਪੁੱਤਰ) ਵੀ ਸਿਆਣਾ ਹੈ, ਪਰ ਉਸ ਨੂੰ ਵੀ ਘੱਟ ਹੀ ਪੁੱਛਦੇ ਹੋ। ਅਣੀ ਰਾਇ ਨੂੰ ਵੀ ਇੰਨਾ ਪਿਆਰ ਨਹੀਂ ਦੇਂਦੇ ਜਿੰਨਾ (ਗੁਰੂ) ਤੇਗ ਬਹਾਦਰ ਨੂੰ। ਗੁਰੂ ਜੀ ਨੇ ਕਿਹਾ ਕਿ ਪੁੱਛ ਕੇ ਤੁਸਾਂ ਕੀ ਕਰਨਾ ਹੈ, ਪਰ ਜੇ ਪੁੱਛਦੇ ਹੀ ਹੋ ਤਾਂ 'ਇਹ ਬਾਲਕ ਅਜਰ ਨੂੰ ਜਰਨ ਵਾਲਾ, ਧੀਰਜ ਦਾ ਧੁਰੰਧਰ, ਆਪਾ ਵਾਰਨ ਵਾਲਾ ਹੈ। **'ਅਜਰ ਜਰਨ ਉਰ ਧੀਰ ਧੁਰੰਧਰ'** ਅਤੇ ਦੂਜੇ ਇਨ੍ਹਾਂ ਦੇ ਗ੍ਰਿਹਿ ਇਕ ਐਸਾ ਪੁੱਤ ਜਨਮੇਗਾ ਜੋ ਪ੍ਰਚੰਡ ਤੇਜ ਵਾਲਾ ਹੋਵੇਗਾ ਅਤੇ ਦੁਸ਼ਟਾਂ ਦਾ ਨਾਸ਼ ਕਰੇਗਾ।'

**"ਇਸ ਕੋ ਪੁਤਰ ਹੋਇ ਬਲਵੰਡ।**
**ਤੇਜ ਪ੍ਰਚੰਡ ਕਰੰਡ ਖਲਖੰਡ।"**

ਇਹ ਵੀ ਫ਼ਰਮਾਇਆ ਕਿ ਇਸ ਦਾ ਬਾਲਕ ਗੁਰੂ ਨਾਨਕ ਦਾ ਨਾਮ ਉੱਜਲ ਕਰੇਗਾ।[4] ਦੇਗ਼ ਤੇਗ਼ ਦਾ ਧਨੀ ਹੋਵੇਗਾ ਅਤੇ ਸਭ ਗੁਰੂ ਉਪਦੇਸ਼ਾਂ ਨੂੰ ਫੈਲਾ ਕੇ ਸਰਬ ਗੁਰੂ ਸਾਹਿਬਾਨ ਦਾ ਜਸ ਚਾਰੇ ਪਾਸੇ ਵਧਾਏ ਅਤੇ ਫੈਲਾਏਗਾ।

ਜਨਮ ਦਿਨ ਵਾਲੇ ਦਿਹਾੜੇ ਚਾਅ ਪ੍ਰਗਟਾਂਦੇ ਬਹੁਤ ਹੀ ਦਾਤਾਂ ਵੰਡੀਆਂ ਗਈਆਂ। ਲੋੜਵੰਦਾਂ ਨੂੰ ਅੰਨ-ਬਸਤਰ ਖੁੱਲ੍ਹਾ ਵਰਤਾਇਆ ਗਿਆ। ਖ਼ੁਸ਼ੀ ਦੇ ਵਾਜੇ ਵੱਜੇ।

**ਸ਼ਖਸੀਅਤ ਅਤੇ ਪ੍ਰਭਾ-**

ਭਾਈ ਨੰਦ ਲਾਲ ਜੀ ਨੂੰ ਇਕ ਪ੍ਰਕਾਰ ਦਾ ਅਸੀਂ ਸਮਕਾਲੀ ਹੀ ਕਹਿ ਸਕਦੇ ਹਾਂ, ਕਿਉਂਕਿ ਉਨ੍ਹਾਂ ਨੇ ਸਭ ਗੁਰੂ-ਜੋਤਾਂ ਦਾ ਦੀਦਾਰ ਗੁਰੂ ਗੋਬਿੰਦ ਸਿੰਘ ਜੀ ਵਿਚ ਕੀਤਾ। ਉਹ ਲਿਖਦੇ ਹਨ ਕਿ 'ਗੁਰੂ ਨਾਨਕ ਦੀ ਨੌਵੀਂ ਪਾਤਸ਼ਾਹੀ ਨਵੇਂ ਵਿਧਾਨ ਵਾਲੀ ਅਤੇ ਸੱਚ ਦੇ ਪਾਲਣਹਾਰਾਂ ਦੀ ਸਰਦਾਰ ਹੈ। ਲੋਕ ਪ੍ਰਲੋਕ ਦੀ ਸੁਲਤਾਨ ਹੈ ਅਤੇ ਆਤਮ-ਵਿਸ਼ਵਾਸ ਦਾ ਸਿਖਰ ਹੈ। **ਬਾਵਜੂਦ ਰੱਬੀ ਸ਼ਕਤੀਆਂ ਦੇ ਮਾਲਕ ਹੋਣ ਦੇ, ਗੁਰੂ ਤੇਗ ਬਹਾਦਰ ਰੱਬ ਦੀ ਆਗਿਆ ਅਤੇ ਮਰਜ਼ੀ ਅੱਗੇ ਸੀਸ ਝੁਕਾਉਣ ਵਾਲੀ ਅਤੇ ਰੱਬੀ ਜਲਾਲ ਅਤੇ ਵਡਿਆਈ ਦਾ ਗੁਪਤ ਸਾਜ਼ ਹੈ।** ਪਵਿੱਤਰਤਾ ਵਾਲੇ ਹੁਕਮ ਦੇ ਬੰਦਿਆਂ ਦੀ ਅਜ਼ਮਾਇਸ਼ ਕਰਨ ਵਾਲੀ ਅਤੇ ਨਿਰਪੱਖ ਵਿਧੀ-ਬੱਧ ਸ਼ਰਧਾਲੂਆਂ ਨੂੰ ਸੁਰਜੀਤ ਕਰਨ ਵਾਲੀ ਹੈ। ਰੱਬੀ ਮਾਰਗ ਦੇ ਪਾਂਧੀ ਉਸ ਤੋਂ ਹੀ ਰੌਸ਼ਨੀ ਲੈ ਟੁਰਦੇ ਹਨ। ਉਨ੍ਹਾਂ ਦੀ ਜਾਤ ਸੱਚ 'ਤੇ ਨਿਰਭਰ ਹੈ ਅਤੇ ਵਾਹਿਗੁਰੂ ਨੂੰ ਸਦਾ ਅੰਗ-ਸੰਗ ਰੱਖਦੀ ਹੈ। ਉਹ ਵਿਸ਼ੇਸ਼ ਕਰ ਕੇ ਪ੍ਰੇਮ-ਪਾਂਧੀਆਂ ਦਾ ਮੁਕਟ ਅਤੇ ਵਾਹਿਗੁਰੂ ਦੇ ਪਿਆਰਿਆਂ ਦਾ ਤਾਜ ਹਨ।

ਤੇਗ ਬਹਾਦਰ ਨਾਂ ਦੇ ਫ਼ਾਰਸੀ ਹਿੱਜੇ (ਤੇਗ ਬਹਾਦਰ) ਲੈ ਕੇ ਭਾਈ ਸਾਹਿਬ ਨੇ ਗੁਰੂ ਤੇਗ ਬਹਾਦਰ ਜੀ ਦੀ ਵਡਿਆਈ ਇਸ ਤਰ੍ਹਾਂ ਦਰਸਾਈ ਹੈ-

ਉਨ੍ਹਾਂ ਦੇ ਨਾਮ ਦੀਆਂ ਬਰਕਤਾਂ ਨਾਲ ਸੰਬੰਧਤ 'ਤੇ' ਹੁਕਮ ਅਤੇ ਰਜ਼ਾ ਵਿਚ ਰਹਿਣ ਦੀ ਵਡਿਆਈ ਦੱਸਦੀ ਹੈ। ਉਨ੍ਹਾਂ ਦੀ ਫ਼ਾਰਸੀ ਦੀ 'ਯੇ' ਵੱਡੇ ਪੂਰਨ ਵਿਸ਼ਵਾਸ ਦੀ ਸੂਚਕ ਹੈ ਅਤੇ ਉਨ੍ਹਾਂ ਦੀ ਮੁਬਾਰਕ ਫ਼ਾਰਸੀ 'ਗ਼ੈਨ' ਉਸ ਦੀ ਮਿਹਰ ਭਰੀ ਜ਼ਾਤ ਨੂੰ ਸਿਰ ਤੋਂ ਪੈਰਾਂ ਤਕ ਹਲੀਮੀ ਦਾ ਰੂਪ ਦਰਸਾਉਂਦਾ ਹੈ। ਉਨ੍ਹਾਂ ਦੇ ਨਾਮ ਦੀ 'ਬੇ' ਸਮੇਤ 'ਹੇ' ਦੇ ਵਿੱਦਿਆ ਸਿੱਖਿਆ ਦੀ ਮਹਿਫ਼ਲ ਦਾ ਸ਼ਿੰਗਾਰ ਹੈ। ਸੱਚ ਦਾ ਸੰਪਾਦਿਤ ਕੀਤਾ ਅਲਫ਼ ਸਿਦਕ ਅਤੇ ਸੱਚ ਦੀ ਸਜਾਵਟ ਹੈ ਅਤੇ ਉਸ ਦੇ ਅਨੰਦ ਰੂਪ ਦੀ 'ਦਾਲ' ਉਨ੍ਹਾਂ ਦੇ ਨਿਆਂਕਾਰੀ ਹੋਣ ਦਾ ਵਾਜਾ ਹੈ। ਅੰਤਮ 'ਰੇ' ਰੱਬੀ ਰਾਹਾਂ ਦੇ ਭੇਤਾਂ ਨੂੰ ਸਮਝਣ ਵਾਲੀ ਅਤੇ ਉਚੇਰੀ ਸਚਾਈ ਦੀ ਸਹੀ ਨੀਂਹ ਹੈ। ਗੱਲ ਕੀ, ਗੁਰੂ ਤੇਗ ਬਹਾਦਰ ਸਿਰ ਤੋਂ ਪੈਰਾਂ ਤੱਕ ਉਚਾਈਆਂ ਅਤੇ ਵਡਿਆਈਆਂ ਦੇ ਭੰਡਾਰ ਹਨ,[5] ਅਤੇ ਰੱਬ ਦੀ ਸ਼ਾਨ ਸ਼ੌਕਤ ਦੀ ਮਹਿਫ਼ਲ ਦੀ ਰੌਣਕ ਵਧਾਉਣ ਵਾਲੇ ਹਨ। ਸੱਚ ਦੀਆਂ ਕਿਰਨਾਂ ਉਨ੍ਹਾਂ ਦੇ ਪਾਵਨ ਵਜੂਦ ਕਾਰਨ ਹੀ

ਰੌਸ਼ਨ ਹਨ।[6] ਰੱਬ ਨੇ ਸਾਰੇ ਚੋਣਵੇਂ ਪੈਗੰਬਰਾਂ ਵਿਚੋਂ ਉਨ੍ਹਾਂ ਨੂੰ ਚੁਣਿਆ ਤਾਂਕਿ ਲੋਕਾਂ ਨੂੰ ਭਾਣਾ ਮੰਨਣ ਤੇ ਸੱਚ 'ਤੇ ਦ੍ਰਿੜ ਰਹਿਣ ਦੀ ਜਾਚ ਆ ਜਾਏ। ਉਨਾਂ ਭਾਣਾ ਮੰਨ ਕੇ ਦਿਖਾਇਆ। ਉਨ੍ਹਾਂ ਦਾ ਰੁਤਬਾ ਸਾਰਿਆਂ ਨੂੰ ਪਰਵਾਨ, ਵੱਡਿਆਂ ਵਿਚ ਵੱਡਾ ਹੈ। ਸਾਰੇ ਹੀ ਗੁਰੂ ਤੇਗ ਬਹਾਦਰ ਜੀ ਕੋਲੋਂ ਰਹਿਮਤਾਂ ਮੰਗਦੇ ਹਨ, ਉਨ੍ਹਾਂ ਦੀ ਬਾਣੀ ਗਿਆਨ ਤੇ ਨਰ ਤੋਂ ਉਚੇਰੀ ਹੈ।[7]

ਇਹ ਠੀਕ ਹੈ ਕਿ ਇਸ ਤੋਂ ਉਚੇਰੀ ਸਚਾਈ (ਹਾਇਰ ਟਰੁੱਥ), ਜਿਸ ਨੂੰ ਸਮੇਂ ਦਾ ਪ੍ਰਸਿੱਧ ਇਤਿਹਾਸਕਾਰ ਟਾਇਨਥੀ ਲੱਭਦਾ ਹੈ, ਕਿਹੜੀ ਹੋ ਸਕਦੀ ਹੈ ਕਿ, ਪਰ ਲਈ, ਦੂਜੇ ਲਈ ਜਿਨ੍ਹਾਂ ਅਕੀਦਿਆਂ 'ਤੇ ਯਕੀਨ ਤਕ ਨਾ ਹੋਵੇ, ਕੁਰਬਾਨ ਹੋ ਜਾਣਾ ਤਾਂਕਿ ਕਿਸੇ ਦਾ ਜਬਰੀ ਹੱਕ ਨਾ ਖੋਹਿਆ ਜਾਏ। ਜਿਥੋਂ ਸੰਸਾਰ ਭਰ ਨੇ ਲੋਕਤੰਤਰ (ਡੈਮੋਕਰੇਸੀ) 'ਤੇ ਟੁਰਨ ਦੀ ਜਾਚ ਸਿੱਖੀ, ਉਸ ਹਾਊਸ ਆਫ਼ ਕਾਮਨਜ਼, ਇੰਗਲੈਂਡ ਦੇ ਮੁੱਖ ਦੁਆਰ 'ਤੇ ਇਹ ਲਿਖਿਆ ਹੈ ਕਿ "ਮੈਂ ਤੁਹਾਡੇ ਮੱਤ ਨਾਲ ਸਹਿਮਤ ਨਹੀਂ, ਪਰ ਜਾਨ ਵਾਰ ਕੇ ਵੀ ਤੁਹਾਨੂੰ ਆਪਣਾ ਮੱਤ ਕਹਿਣ ਦੀ ਖੁੱਲ੍ਹ ਲੈ ਦਿਆਂਗਾ।' ਗੁਰੂ ਤੇਗ ਬਹਾਦਰ ਜੀ ਨੇ ੧੬੭੫ ਈ: ਦੀ ੧੧ ਨਵੰਬਰ ਨੂੰ ਇਹ ਕਰ ਦਿਖਾਇਆ। 'ਕੈਨੇਡੀ' ਨੇ ਇਕ ਵਾਰ ਕਿਹਾ ਸੀ, ਕਿ ਜੋ ਉਸ ਵੇਲੇ ਨਹੀਂ ਬੋਲਦੇ ਜਿਸ ਸਮੇਂ ਬੋਲਣਾ ਜ਼ਰੂਰੀ ਹੈ, ਉਹ ਬੋਲਣ ਦਾ ਹੱਕ ਹੀ ਮੂਲੋਂ ਗਵਾ ਬੈਠਦੇ ਹਨ। ਗੁਰੂ ਤੇਗ ਬਹਾਦਰ ਜੀ ਦਾ ਸਾਰਾ ਜੀਵਨ ਤੇ ਸ਼ਹਾਦਤ ਇਸ ਪੱਖੋਂ ਵੀ ਦੇਖਣ ਦੀ ਲੋੜ ਹੈ। ਉਹ ਜੰਞੂ ਪਹਿਨਦੇ ਨਹੀਂ ਸਨ, ਤਿਲਕ ਲਗਾਂਦੇ ਨਹੀਂ ਸਨ, ਸਗੋਂ ਗਵਾਹੀਆਂ ਹਨ ਕਿ ਗੁਰੂ ਨਾਨਕ ਦੇਵ ਜੀ ਦਾ ਉਪਦੇਸ਼ ਸੁਣ ਕੇ ਹਰਦੁਆਰ ਵਿਖੇ ਹੀ ਕਿੰਨਿਆਂ ਨੇ ਜੰਞੂ ਉਤਾਰ ਦਿੱਤੇ। ਹੋਰ ਤਾਂ ਹੋਰ ਗੁਰੂ ਹਰਿਕ੍ਰਿਸ਼ਨ ਜੀ ਨੇ ਜਦ ਹੰਕਾਰੀ ਪੰਡਿਤ ਲਾਲ ਚੰਦ ਦਾ ਅਭਿਮਾਨ ਪੰਜੋਖਰੇ ਵਿਖੇ ਭਾਈ ਛੱਜੂ ਸਿਰ ਛੜੀ ਰੱਖ, ਗੀਤਾ ਦੇ ਅਰਥ ਕਰਵਾ ਕੇ ਤੋੜਿਆ ਤਾਂ 'ਸੁਣ ਦਿਜ ਨੇ ਗੁਰ ਸੁਤ ਉਤਾਰਾ' ਦੀ ਗਵਾਹੀ ਹੈ। ਉਸੇ ਜੰਞੂ ਦੀ ਰੱਖਿਆ ਲਈ ਸ਼ਹਾਦਤ ਦੇ ਦੇਣੀ 'ਉਚੇਰੀ ਸਚਾਈ' ਦੀ ਨੀਂਹ ਰੱਖਣੀ ਸੀ। ਧਰਮਾਂ ਦੇ ਇਤਿਹਾਸ ਵਿਚ ਨਵਾਂ ਵਿਧਾਨ ਲਾਗੂ ਕਰਨਾ ਸੀ। ਸੱਚ ਦੀਆਂ ਕਿਰਨਾਂ ਸੱਚਮੁੱਚ ਉਨ੍ਹਾਂ ਦੇ ਪਵਿੱਤਰ ਵਜੂਦ ਸਦਕਾ ਹੀ ਰੌਸ਼ਨ ਹੋਈਆਂ ਹਨ।

ਗੁਰੂ ਗੋਬਿੰਦ ਸਿੰਘ ਜੀ ਨੇ ਜਦ 'ਵਾਰ ਸ੍ਰੀ ਭਗੌਤੀ ਜੀ ਕੀ' ਦੀ ਪਹਿਲੀ ਪਉੜੀ ਲਿਖੀ ਤਾਂ ਉਸ ਵਿਚ ਵੀ ਇਹ ਹੀ ਸੰਕੇਤ ਦਿੱਤਾ ਕਿ ਗੁਰੂ ਤੇਗ ਬਹਾਦਰ ਜੀ ਦੇ ਰਾਹ ਇੱਕ ਟਕ ਟੁਰਿਆਂ ਹੀ ਨਉ ਨਿਧਾਂ ਪ੍ਰਾਪਤ ਹੋ ਸਕਦੀਆਂ ਹਨ। ਹੋਰ ਕੋਈ ਰਾਹ ਸੁਖੀ ਹੋਣ ਦਾ ਨਹੀਂ। **'ਤੇਗ ਬਹਾਦੁਰ ਸਿਮਰੀਐ ਘਰਿ ਨੌਉ ਨਿਧਿ ਆਵੈ ਧਾਇ।'** ਉਨ੍ਹਾਂ ਦਾ ਸਾਰਾ ਜੀਵਨ ਹੀ ਦੇਣ, ਵੰਡਣ ਤੇ ਕੁਰਬਾਨੀ ਦਾ ਸੀ ਅਤੇ ਇਹ ਹੀ ਰਾਹ ਹੈ, ਕੌਮ ਨੂੰ ਤਗੜਿਆਂ ਤੇ ਨੌ ਨਿਧਾਂ ਨਾਲ ਭਰਪੂਰ ਕਰਨ ਦਾ। ਗੁਰੂ ਤੇਗ ਬਹਾਦਰ ਸਦਾ ਕਿਹਾ ਕਰਦੇ ਸਨ ਕਿ 'ਹਮਰਾ ਬਰਤਨ ਇਹੈ ਸੁਭਾਉ। ਸਹਿਜੈ ਆਵਉ ਸਦਾ ਜਾਉ।' ਮਾਇਆ ਜੋੜਨ ਲਈ ਨਹੀਂ, ਵਰਤਣ ਲਈ ਹੈ। ਜੇ ਪਾਸ ਹੋਵੇ ਤਾਂ ਗ਼ਰੀਬਾਂ, ਲੋੜਵੰਦਾਂ ਅਤੇ ਨਿਰਧਨਾਂ ਤੇ ਖ਼ਰਚ ਕਰਨੀ ਚਾਹੀਦੀ ਹੈ। ਇਕ ਵਾਰੀ ਇਕ ਗ੍ਰਹਿਸਤੀ ਨੇ ਜਦ ਮਾਇਆ ਭੇਟ ਕੀਤੀ ਤਾਂ ਕਹਿਣ ਲੱਗੇ ਕਿ ਇਸ ਦੀ ਤੈਨੂੰ ਬਹੁਤੀ ਲੋੜ ਹੈ ਅਤੇ ਉਸੇ ਨੂੰ ਵਾਪਸ ਦੇ ਦਿੱਤੀ।

**ਸੀਸ ਦੇ ਜਗ ਠਹਰਾਯੰ-** 'ਰਾਮਕਲੀ ਵਾਰ ਪਾਤਸ਼ਾਹੀ ਦਸਵੀਂ ਕੀ' ਕ੍ਰਿਤ ਭਾਈ ਗੁਰਦਾਸ ਜੀ (ਦੂਜੇ) ਨੇ ਲਿਖਿਆ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਘਰ ਦੀ ਰੀਤ 'ਸੀਸ ਦੇ ਜਗ' ਹੈ ਕਿ ਕੋਈ ਉਨ੍ਹਾਂ ਨੂੰ ਪੁਕਾਰੇ, ਉਸ ਦਾ ਕਾਰਜ ਸੰਵਾਰਨ ਲਈ ਉਹ ਟੁਰ ਪੈਂਦੇ ਹਨ। ਉਨ੍ਹਾਂ ਦੇ ਹੀ ਰੂਪ ਗੁਰੂ ਤੇਗ ਬਹਾਦਰ ਜੀ ਨੇ ਆਪਣਾ ਸੀਸ ਦੇ ਕੇ ਜਾਂਦੇ ਜਗਤ ਨੂੰ ਰੱਖ ਲਿਆ। ਕਰਾਮਾਤ ਨਾ ਦੱਸੀ। ਮੁਗਲਾਂ ਦਾ ਭੜ ਤੋੜਿਆ। ਇਸ ਕੁਰਬਾਨੀ ਦਾ ਸਦਕਾ ਮੁਗ਼ਲਾਂ ਨੂੰ ਐਸੀ ਸੱਟ ਵੱਜੀ ਕਿ ਉਨ੍ਹਾਂ ਦਾ ਖੁਰਾ-ਖੋਜ ਹੀ ਮੁੱਕ ਗਿਆ-

**ਗੁਰ ਤੇਗ ਬਹਾਦਰ ਸ੍ਵਾਂਗ ਰਚਾਯੰ॥**
**ਜਿਹ ਅਪਨ ਸੀਸ ਦੇ ਜਗ ਠਹਰਾਯੰ।**
**ਇਸ ਬਿਧਿ ਮੁਗਲਨ ਕੋ ਭਰਮਾਇਓ॥**
**ਤਬ ਸਤਿਗੁਰ ਆਪਨਾ ਬਲ ਨ ਜਨਾਇਓ॥**
**ਇਓਂ ਮੁਗਲਨ ਕੋ ਦੋਖ ਲਗਾਨਾ।**
**ਹੋਇ ਖਰਾਬ ਖਪਿ ਗਏ ਨਿਦਾਨਾ॥੨੩॥**

**ਸ਼ਖ਼ਸੀਅਤ-** ਗਿਆਨੀ ਗਿਆਨ ਸਿੰਘ ਜੀ ਨੇ ਗੁਰੂ ਜੀ ਦੀ ਸ਼ਬਦੀ ਮੂਰਤ ਖਿੱਚਦੇ ਲਿਖਿਆ ਹੈ-

**ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਤਿ ਸੁੰਦਰ,**
**ਗੌਰਵਰਨ, ਮੋਟੇ ਨਕਸ਼, ਆਹੂ ਨੇਤ੍ਰ ਰਤਨ ਸੇ,**
**ਚੌੜੀ ਛਾਤੀ, ਉਚੇ ਕੰਧੇ, ਭੁਜਾਂ ਪ੍ਰਲੰਬ,**
**ਸਿੱਧੀ ਚੁਗਿਰਦ ਦਾਹੜੀ, ਗੋਲ ਚਿਹਰਾ,**
**ਮੱਥਾ ਉੱਚਾ, ਬਹੁਤ ਧੀਰਜੀ, ਸੰਤੋਖੀ,**
**ਜਤੀ, ਸਤੀ, ਦੂਰ-ਅੰਦੇਸ਼ੀ,**

**ਸੱਚੇ ਧਰਮ-ਵੈਰਾਗ ਦੀ ਮੂਰਤਿ,**
**ਬ੍ਰਹਮ ਗਿਆਨ ਦੀ ਸੂਰਤ,**
**ਸਿਧੇ ਸਾਦੇ ਸੁਭਾਅ, ਭੋਲੇ ਭਾਲੇ ਸਤ ਪੁਰਖ।**

ਉਨ੍ਹਾਂ ਦੇ ਚਿਹਰੇ ਦੀ ਕਿਤਨੀ ਪ੍ਰਭਾ ਹੋਵੇਗੀ, ਉਸ ਦਾ ਅੰਦਾਜ਼ਾ ਇਥੋਂ ਦੀ ਲਗਾਇਆ ਜਾ ਸਕਦਾ ਹੈ ਕਿ ਜਦ ਬੁਲਾਕੀ ਦਾਸ ਦੀ ਮਾਂ ਇਕ ਬਹੁਤ ਵੱਡਾ ਕਲਾਕਾਰ ਗੁਰੂ ਤੇਗ ਬਹਾਦਰ ਜੀ ਦੀ ਤਸਵੀਰ ਬਣਾਉਣ ਲਈ ਲਿਆਈ ਤਾਂ ਬਾਕੀ ਦੇ ਅੰਗ ਬਸਤ੍ਰ ਤਾਂ ਉਸ ਬਣਾ ਲਏ ਪਰ 'ਮੁੱਖ ਕਮਲ ਪ੍ਰਭਾ ਦੇਖ ਨਾ ਸਕਾ।' ਉਸ ਦੀ ਦੀਨ ਦਸ਼ਾ ਦੇਖ ਕੇ ਹੀ ਮਹਾਰਾਜ ਨੇ ਆਪ ਕਲਮ ਹੱਥ ਲੀਨੀ ਅਤੇ '**ਨਿਜ ਹਾਥਿ ਸੁਆਰ ਸੰਪੂਰਨ ਕੀਨੀ।**' ਧੀਰਜੀ ਇਤਨੇ ਕਿ ਗੋਲੀ ਮੱਥੇ 'ਤੇ ਲੱਗਣ ਉਪਰੰਤ ਵੀ 'ਭਲੇ ਧੀਰ ਮਲ, ਭਲੇ ਧੀਰ ਮਲ, ਭਲੇ' ਹੀ ਕਹਿੰਦੇ ਰਹੇ। ਨਿਰਲੇਪ ਇਤਨੇ ਕਿ ਹਰਿਮੰਦਰ ਸਾਹਿਬ ਦੇ ਦਰਵਾਜ਼ੇ ਬੰਦ ਹੋਣ 'ਤੇ ਬਾਹਰੋਂ ਹੀ ਸਰੋਵਰ ਵਿਚ ਇਸ਼ਨਾਨ ਕਰ ਕੇ ਚਲੇ ਗਏ। ਗੁਰੂ ਤੇਗ ਬਹਾਦਰ ਜੀ ਦੇ ਸ਼ਾਂਤ ਚਿਤ ਸੁਭਾਅ ਬਾਰੇ ਸਿੰਘ ਸਾਗਰ ਵਿਚ ਲਿਖਿਆ ਹੈ ਕਿ ਸਦਾ ਦੀਨਨ ਦੀ ਰੱਛਿਆ ਕਰਨ ਲਈ ਤੱਤਪਰ ਰਹਿੰਦੇ ਸਨ। ਗਰੀਬ ਉਨ੍ਹਾਂ ਦੇ ਦਰਸ਼ਨ ਕਰ ਸੁੱਖ ਆਉਂਦਾ ਦੇਖਦੇ ਸਨ। ਸ਼ਾਂਤ ਸੁਭਾਅ ਇਤਨਾ ਕਿ ਕਦੇ ਕੌੜਾ ਤੱਤਾ ਸ਼ਬਦ ਵੀ ਮੁੱਖੋਂ ਨਾ ਕੱਢਿਆ। ਨਾਮ ਵਿਚ ਹੀ ਟਿਕੇ ਰਹਿੰਦੇ ਤੇ ਰਾਜ ਵਿਚ ਜੋਗ ਦਾ ਨਮੂਨਾ ਸਨ-

**"ਆਦ ਸਦਾ ਬ੍ਰਤਏ ਜਿਨ ਕੇ ਪਿਖ**
**ਦੀਨਨ ਪੈ ਕਰਨੀ ਸੁਖ ਛਾਇਆ॥**
**ਸੀਤ ਸੁਭਾਵ ਸਦਾ ਜਿਨ ਕੋ,**
**ਕਬਹੁ ਨਹਿ ਤਾਮਸ ਵਾਕ ਅਲਾਇਆ।**
**ਨਾਮ ਅਧਾਰ ਰਹੇ ਦਿਨ ਰੈਨ ਸਦਾ**
**ਜਿਨ ਰਾਜ ਮੈ ਜੋਗ ਕਮਾਇਆ।"**

ਦਰਦਵੰਦ ਇਤਨੇ ਕਿ ਚਾਰ ਸਾਲ ਦੇ ਸਨ ਕਿ ਆਪਣੇ ਵੱਡੇ ਭਰਾ ਬਾਬਾ ਗੁਰਦਿੱਤਾ ਜੀ ਦੀ ਬਾਰਾਤ ਜਾਂਦਿਆਂ ਜਦ ਇਕ ਹਾਣ ਦੇ ਬੱਚੇ ਨੂੰ ਨੰਗਾ ਦੇਖਿਆ ਤਾਂ ਸਭ ਬਸਤਰ ਉਤਾਰ, ਕੰਙਨ ਲਾਹ, ਕੈਂਠਾ ਉਸ ਦੇ ਗਲ ਪਾ ਦੌੜਦੇ ਨੰਗੇ ਮਾਂ ਕੋਲ ਆ ਗਏ। ਜੇ ਚਾਰ ਸਾਲ ਦੇ ਸਨ ਤਾਂ ਇਕ ਦਾ ਨੰਗੇਜ ਨਾ ਦੇਖ ਸਕੇ ਅਤੇ ਜਦ ਹਿੰਦੁਸਤਾਨ ਨੂੰ ਨੰਗਿਆਂ ਕੀਤਾ ਜਾਣ ਲੱਗਾ ਤਾਂ ਆਪ ਜੀ ਨੇ ਸਰੀਰ ਰੂਪੀ ਚਾਦਰ ਪਾ ਕੇ ਇਸ ਨੂੰ ਨੰਗੇ ਹੋਣ ਤੋਂ ਬਚਾ ਲਿਆ। ਸੈਨਾਪਤੀ ਨੇ ਇਸੇ ਪ੍ਰਸੰਗ ਵਿਚ ਲਿਖਿਆ ਸੀ-

**ਪ੍ਰਗਟ ਭਏ ਗੁਰ ਤੇਗ ਬਹਾਦਰ,**
**ਸਗਲ ਸ੍ਰਿਸ਼ਟਿ ਪੈ ਢਾਪੀ ਚਾਦਰ।**

ਦਰਦਵੰਦ ਦੀ ਹੋਰ ਉਦਾਹਰਣ ਉਨ੍ਹਾਂ ਦਾ ਇਹ ਹੁਕਮਨਾਮਾ ਹੈ ਜੋ ਉਨ੍ਹਾਂ ਘੋੜੇ ਸ੍ਰੀ ਧਰ ਦੇ ਢਿੱਲੇ ਹੋਣ 'ਤੇ ਬਨਾਰਸ ਦੀ ਸੰਗਤ ਦੇ ਨਾਂ ਲਿਖਿਆ। ਘੋੜੇ ਤਕ ਦੀ ਤਕਲੀਫ਼ ਵੀ ਨਾ ਸਹਾਰੀ ਗਈ। ਦੂਰ-ਅੰਦੇਸ਼ੀ ਇਤਨੇ ਕਿ ਸ੍ਰੀ ਅਨੰਦਪੁਰ ਸਾਹਿਬ ਦੀ ਉਸਾਰੀ ਵੇਲੇ ਹੀ ਕਹਿ ਦਿੱਤਾ ਕਿ ਐਸਾ ਅਸਥਾਨ ਬਣਾਉਣਾ ਹੈ ਜੋ ਅਜਿੱਤ ਹੋਵੇ। ਅਨੰਦਪੁਰ ਦਾ ਸਮੁੱਚਾ ਨਕਸ਼ਾ ਆਪ ਜੀ ਨੇ ਬਣਾਇਆ ਸੀ। ਹਿੰਦੁਸਤਾਨ ਦੇ ਦੌਰੇ 'ਤੇ ਹੀ ਆਪ ਨੇ ਦੇਖ ਲਿਆ ਕਿ 'ਬਿਨ ਸਿਰ ਦੀਏ ਜਗਤ ਦੁਖ ਪਾਈ।' ਸੰਤੋਖੀ ਇਤਨੇ ਕਿ ਜਦ ਮੱਖਣ ਸ਼ਾਹ, ਧੀਰ ਮੱਲ ਦੇ ਘਰੋਂ ਗੁਰੂ ਘਰ ਦਾ ਹੀ ਲੁੱਟਿਆ ਮਾਲ ਵਾਪਸ ਲਿਆਏ ਤਾਂ ਆਪ ਜੀ ਨੇ 'ਸਭ ਦੇਵਹੁ ਤਿਸ ਢਿਗ ਪਹੁਚਾਯੋ' ਦਾ ਹੁਕਮ ਦੇ ਦਿੱਤਾ। ਜਦ ਜ਼ਰਾ ਜੱਕੋ ਤੱਕੋ ਕਰਦੇ ਦੇਖਿਆ ਤਾਂ ਫਿਰ ਬਚਨ ਕੀਤਾ 'ਦਰਬ ਕੇ ਕਾਰਨੇ, ਕੁਛ ਗੁਰ ਮਹਾਰਾਜ ਨੇ, ਨਹੀਂ ਬੈਠ ਇਹ ਦੁਕਾਨ ਪਾਈ' ਮਸੰਦਾਂ ਪ੍ਰਤੀ ਵੀ ਇਹ ਹੀ ਫ਼ਰਮਾਇਆ ਸੀ ਕਿ ਇਨ੍ਹਾਂ ਨੂੰ ਸਜ਼ਾ ਦੇਣ ਦੀ ਕੀ ਲੋੜ ਹੈ, ਇਨ੍ਹਾਂ ਨੂੰ ਤਾਂ ਪਹਿਲਾਂ ਹੀ ਲੋਭ ਨੇ ਮਾਰਿਆ ਹੋਇਆ ਹੈ। 'ਧਰੇ ਲੋਭ ਇਹ ਮਰੇ ਅਗਾਰੀ।' ਬਖ਼ਤ ਮਲ ਨੇ ਖ਼ਾਲਸਾਨਾਮਾ ਵਿਚ ਲਿਖਿਆ ਹੈ ਕਿ ਉਹ ਬਹੁਤ ਹੀ ਸੰਤੋਖੀ ਸਨ। ਜੋ ਵੀ ਸਿੱਖ ਸੇਵਕ ਉਨ੍ਹਾਂ ਨੂੰ ਭੇਟ ਕਰਦੇ ਉਹ ਉਸ ਵੇਲੇ ਵੰਡ ਦਿੰਦੇ, ਆਪਣੇ ਪਾਸ ਰੱਤਾ ਵੀ ਨਾਂਹ ਰੱਖਦੇ ਸਨ।

'ਗੁਲਗਸ਼ਤਿ ਪੰਜਾਬ' ਦੇ ਲਿਖਾਰੀ 'ਰਾਜਾ ਰਾਮ ਤੋਤਾ' ਨੇ ਨੌਵੀਂ ਪਾਤਸ਼ਾਹੀ ਗੁਰੂ ਤੇਗ ਬਹਾਦਰ ਜੀ ਦੀ ਉਪਮਾ ਕਰਦੇ ਲਿਖਿਆ ਹੈ ਕਿ ਉਹ ਰੱਬ-ਪ੍ਰਾਪਤੀ ਦੇ ਰਾਹ, ਤਰੀਕਤ ਦੇ ਅੰਧੇਰੇ ਵਿਚ ਰੌਸ਼ਨੀ ਬਿਖੇਰਨ ਵਾਲੇ ਮਿਸ਼ਾਲਚੀ (ਸ਼ੁਅਲਾ ਦਾਰ-ਇ-ਸ਼ਬਸ-ਤਾਨ ਤਰੀਕਤ) ਹਨ।

ਸੱਚ ਦੀ ਜਰਨੈਲੀ ਸੜਕ ਦੇ ਮੁਸਾਫ਼ਰ ਹਨ, ਹੋਰ ਕਿਸੇ ਪਾਸੇ ਝਾਕਦੇ ਹੀ ਨਹੀਂ। (ਜਾਦਇ ਪੈਮਾਈ ਸ਼ਾਹ ਰਾਹ ਹਕੀਕਤ)।

ਗੁਪਤ ਤੇ ਪ੍ਰਗਟ ਤੋਸ਼ਾ-ਖ਼ਾਨਿਆਂ ਦੇ ਕੁੰਜੀ ਬਰਦਾਰ ਹਨ (ਗੰਜੂਰ-ਇ-ਗੰਜੀਨਾ-ਇ ਕਸ਼ਫ ਊ ਸ਼ਹਵਦ)।

ਆਤਮਕ ਉਚਾਈਆਂ ਨੂੰ ਉਨ੍ਹਾਂ ਹੀ ਛੋਹਿਆ ਹੈ ਤੇ ਜਿਹਨਾਂ ਹੋਰਨਾਂ ਨੇ ਛੋਹਿਆ, ਉਹ ਹੀ ਜਾਣਦੇ ਹਨ, ਗ੍ਰਹਿਆਂ ਦੀ ਚਾਲ ਦੇ ਜਾਣੂੰ ਹਨ। ਉਨ੍ਹਾਂ 'ਤੇ ਕੋਈ ਗ੍ਰਹਿ ਪ੍ਰਭਾਵ ਨਹੀਂ ਪਾ ਸਕਦਾ। ਸਭ ਤੋਂ ਵੱਡੀ ਗੱਲ ਗੁਰੂ ਤੇਗ ਬਹਾਦਰ ਹੰਕਾਰ ਦੀਆਂ ਜੜ੍ਹਾਂ ਨੂੰ ਜੁੱਗ-ਜੁੱਗ ਕੱਟਣ ਵਾਲੀ ਰੇਤੀ ਹੈ

(ਦਿਲਖਰਾਸ ਸੋਹਾਨਿ ਅਸਾਸਿ ਤਫ਼ਾਖ਼ਰ)।

ਇਥੋਂ ਤਕ ਕਿ ਔਰੰਗਜ਼ੇਬ ਨੇ ਵੀ ਆਪ ਜੀ ਨੂੰ ਸੰਬੋਧਨ ਕਰਦੇ ਹੋਏ- ਅਲਾਹ ਦੇ ਫ਼ਕੀਰਾਂ ਦੇ ਸਰਬਰਾਹ,[8] ਰੱਬ ਦੇ ਵਲੀਆਂ ਦੇ ਸਿਰਤਾਜ, ਰੱਬ ਦੇ ਢੂੰਡਾਊਆਂ ਦੇ ਆਗੂ ਤੇ ਅਲਾਹ ਦੇ ਜਾਣਨ ਵਾਲਿਆਂ ਦੇ ਮੁਖੀ ਕਿਹਾ ਸੀ।

**ਆਗਿਆਕਾਰ ਪੁੱਤਰ–** ਆਪ ਜੀ ਜਿਥੇ ਮਹਾਨ ਗੁਰੂ ਸਨ, ਉਥੇ ਇਕ ਆਗਿਆਕਾਰ ਪੁੱਤਰ ਵੀ ਸਨ। ਗੁਰੂ ਹਰਿਗੋਬਿੰਦ ਜੀ ਦੀ ਆਗਿਆ ਵਿਚ ਸਦਾ ਰਹਿੰਦੇ। ਹਮੇਸ਼ਾ ਦਰਬਾਰ ਵਿਚ ਵੀ ਉਥੇ ਹੀ ਬੈਠਦੇ ਜਿਥੇ ਪਿਤਾ ਦੀ ਨਜ਼ਰ ਸਾਹਮਣੇ ਰਹੇ ਤਾਂ ਕਿ ਉਨ੍ਹਾਂ ਦਾ ਇਸ਼ਾਰਾ ਹੁੰਦੇ ਸਾਰ ਹੁਕਮ ਬਜਾ ਲਿਆਇਆ ਜਾਵੇ। ਜੇ ਪਿਤਾ ਜੀ ਨੇ ਤਲਵਾਰ ਉਠਾ ਆਗਿਆ ਜੰਗ ਜੂਝਣ ਲਈ ਕੀਤੀ ਤਾਂ ਐਸੀ ਤਲਵਾਰ ਚਲਾਈ ਕਿ ਤੇਗ ਦਾ ਬਹਾਦਰ ਹੋਣਾ ਸਿੱਧ ਕਰ ਦਿੱਤਾ। ਜੇ ਉਨ੍ਹਾਂ ਹੁਕਮ ਕੀਤਾ ਕਿ 'ਬਾਬਾ ਬਕਾਲਾ' ਚਲੇ ਜਾਓ ਤਾਂ ਕੋਈ ਕਿੰਤੂ ਨਹੀਂ, ਕੋਈ ਗਿਲਾ ਨਹੀਂ। ਗੁਰੂ ਹਰਿ ਰਾਇ ਜੀ ਨੂੰ ਮੱਥਾ ਟੇਕ ਕੇ ਬਾਬਾ ਬਕਾਲਾ ਚਲੇ ਗਏ। ਕਿਸੇ ਵੇਲੇ ਵੀ ਕੋਈ ਪੁੱਤਰਾਂ ਵਾਲਾ ਦਾਅਵਾ ਨਾ ਕੀਤਾ।

**ਸੁਹਿਰਦ ਪਤੀ**- ਆਪ ਜੀ ਨੇ ਇਕ ਵਾਰੀ ਫ਼ਰਮਾਇਆ ਸੀ ਕਿ–

**'ਸਭਿ ਆਸ਼ਰਮ ਤੇ ਗ੍ਰਹਿਸਤ ਉਦਾਰਾ।**
**ਜੋ ਗ੍ਰਹਿਸਤ ਤੇ ਉਤਰਹਿ ਪੂਰਾ।**
**ਅੰਤ ਕਾਲ ਪ੍ਰਾਪਤ ਪਦ ਰੂਰਾ।'**

ਆਪ ਜੀ ਗੁਜਰੀ ਜੀ ਦਾ ਸਦਾ ਧਿਆਨ ਰੱਖਦੇ। ਉਨਾਂ ਦੇ ਸੁੱਖ ਸੰਭਾਲ ਲਈ ਕਦੀ ਢਿੱਲ ਨਾ ਕਰਦੇ। 'ਰਾਹ ਮੁਕਾਮ ਅਤੇ ਢਾਕਾ ਤੋਂ ਲਿਖੇ ਹੁਕਮਨਾਮੇਂ' ਇਸ ਗੱਲ ਦੀ ਗਵਾਹੀ ਭਰਦੇ ਹਨ। ਇਕ ਹੁਕਮਨਾਮੇ ਵਿਚ ਉਨਾਂ ਪਟਨਾ ਦੀ ਸੰਗਤ ਨੂੰ ਲਿਖਿਆ ਸੀ–

**ਕੋਈ ਅਵਲ ਹਵੇਲੀ ਹੋਵੈ**
**ਬਡੀ ਹੋਵੈ**
**ਤਿਸ ਮੋ ਕਬੀਲੇ ਹਮਾਰੇ ਰਖਣੈ।**

ਪੇੜ੍ਹੀ ਬਾਈ ਦਾ ਨਾਂ ਉਚੇਚਾ ਲਿਖਿਆ ਸੀ ਤਾਂ ਕਿ ਉਹ ਪਾਸ ਰਹੇ।

**ਪਿਆਰਾ ਪਿਤਾ–** ਆਪ ਜੀ ਨੇ ਜਿਵੇਂ ਬੇਟੇ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਤੋਂ ਲੈ ਕੇ 'ਧਰਮ ਕਰਮ' ਆਉਣ ਤਕ ਦੇਖ-ਰੇਖ ਰੱਖੀ, ਉਹ ਸਭ ਮਾਪਿਆਂ ਲਈ ਇਕ ਚੁਣੌਤੀ ਹੈ। ਪਹਿਲਾਂ ਗੁਰੂ ਬੇਟੇ ਦੇ ਜਨਮ ਵੇਲੇ ਵਧਾਈ ਲੈਣੀ ਅਤੇ ਖੁਸ਼ੀ ਕਰਨੀ, ਫਿਰ ਉਨ੍ਹਾਂ ਦਾ ਖ਼ਿਆਲ ਰੱਖਣ ਲਈ ਅਤੇ ਖ਼ਾਸ ਕਰ ਜਦ ਗੁਰੂ ਗੋਬਿੰਦ (ਸਿੰਘ) ਰਿੜ੍ਹਨ ਲੱਗੇ ਤਾਂ ਖੁੱਲ੍ਹੇ ਵਿਹੜੇ ਵਿਚ ਖੂਹ ਹੋਣਾ ਸੁਣ ਕੇ ਇਥੋਂ ਤਕ ਲਿਖਿਆ ਕਿ ਖੂਹ ਬੰਦ ਕਰਵਾਇ ਦੇਣਾ, ਕਿਧਰੇ ਬੱਚਾ ਬੀਚ ਨ ਜਾਇ ਪਵੈ। ਫਿਰ ਦੂਜੇ ਪਾਸੇ ਪਟਨਾ ਵਾਲਿਆਂ ਗੁਰੂ ਗੋਬਿੰਦ ਸਿੰਘ ਜੀ ਦੇ ਚੋਜ ਦੇਖ ਜ਼ਰਾ ਕੁ ਚਿੰਤਾ ਪ੍ਰਗਟ ਕੀਤੀ ਤਾਂ ਆਪ ਜੀ ਨੇ ਲਿਖਿਆ- 'ਜੋ ਗੋਬਿੰਦ ਕੀਆ ਭਲਾ ਕੀਆ।' ਬਾਲਕ ਦੀ ਪੜਾਈ, ਸਿਖਲਾਈ ਅਤੇ ਹੋਰ ਵਿੱਦਿਆ ਲਈ ਦੂਰੋਂ-ਦੂਰੋਂ ਵਿਦਵਾਨ ਬੁਲਾ ਕੇ ਭਾਂਤ-ਭਾਂਤ ਦੀ ਸਿੱਖਿਆ ਦਿੱਤੀ। ਬਚਿੱਤਰ ਨਾਟਕ ਵਿੱਚ ਲਿਖੇ ਕਲਗੀਧਰ ਦੇ ਆਪਣੇ ਸ਼ਬਦ ਪ੍ਰਗਟ ਕਰਦੇ ਹਨ ਕਿ ਉਹ ਕੈਸੇ ਪਿਆਰੇ ਅਤੇ ਮਹਾਨ ਪਿਤਾ ਸਨ-

**'ਮਦ੍ਰ ਦੇਸ ਹਮ ਕੋ ਲੇ ਆਏ।**
**ਭਾਂਤਿ ਭਾਂਤਿ ਦਾਈਅਨ ਦੁਲਰਾਏ॥੨॥**
**ਕੀਨੀ ਅਨਿਕ ਭਾਂਤ ਤਨ ਰਛਾ।**
**ਦੀਨੀ ਭਾਂਤਿ ਭਾਂਤਿ ਕੀ ਸਿਛਾ।'**

**ਸਖਾ-ਮਿੱਤਰ–** ਆਪ ਜੀ ਇਕ ਐਸੇ ਮਿੱਤਰ ਸਨ, ਜਿਨ੍ਹਾਂ ਮਿੱਤਰ ਬਣਾਉਣ ਤੇ ਰੱਖਣ ਦੀ ਜਾਚ ਸਿਖਾਈ। ਮਿੱਤਰ ਬਣਾਉਣ ਤੇ ਰੱਖਣ ਦਾ ਇਕ ਹੀ ਵੱਲ ਉਨ੍ਹਾਂ ਦੱਸਿਆ- 'ਬਾਂਹਿ ਜਿਨ੍ਹਾਂ ਦੀ ਪਕੜੀਐ ਸਿਰ ਦੀਜੈ ਬਾਂਹਿ ਨ ਛੋੜੀਐ।' ਸੈਫ਼ ਖ਼ਾਨ ਉਨ੍ਹਾਂ ਦਾ ਮਿੱਤਰ ਸੀ ਅਤੇ ਜਿਥੇ ਵੀ ਗਏ ਮਿੱਤਰ ਦੀ ਯਾਦ ਨਾਲ ਰੱਖੀ। ਜਿਥੇ ਵੀ ਚੰਗੀ, ਸੋਹਣੀ ਜਾਂ ਦਿਲ ਲੁਭਾਉਂਦੀ ਵਸਤੂ ਦੇਖੀ, ਮਿੱਤਰ ਲਈ ਖ਼ਰੀਦ ਉਸ ਨੂੰ ਪਹੁੰਚਾਈ। ਸੈਫ਼ ਖ਼ਾਨ ਨੇ ਮਿਤਰਾਨਾ ਤੋੜ ਨਿਭਾਇਆ। ਔਰੰਗਜ਼ੇਬੀ ਅਤਾਬ ਤੋਂ ਨਾ ਡਰਦਿਆਂ ਵੀ ਚਾਰ ਮਹੀਨੇ ਪਾਸ ਰੱਖਿਆ। ਫਿਰ ਸੈਫ਼ ਖ਼ਾਨ ਨੇ ਮਿੱਤਰ ਦੀ ਸ਼ਹਾਦਤ ਪਿੱਛੋਂ ੪੦ ਦਿਨ ਮਾਤਮੀ ਲਿਬਾਸ ਪਾਈ ਰੱਖਿਆ।

ਰਤਾ ਟਾਕਰਾ ਕਰੋ ਸੱਚੇ ਪਾਤਸ਼ਾਹ ਦਾ ਝੂਠੇ ਦੁਨਿਆਵੀ ਬਾਦਸ਼ਾਹ ਔਰੰਗਜ਼ੇਬ ਨਾਲ, ਜੋ ਆਪਣੇ ਪਿਤਾ ਸ਼ਾਹ ਜਹਾਨ ਨੂੰ ਕੈਦ ਕਰ ਤਸੀਹੇ ਦੇ ਕੇ ਮਾਰਦਾ ਹੈ। ਜੋ ਆਪਣੇ ਭਰਾਵਾਂ-ਦਾਰਾ, ਸ਼ੁਜਾਹ ਤੇ ਮੁਰਾਦ ਨੂੰ ਮਾਰ ਮੁਕਾਂਦਾ ਹੈ। ਜੋ ਆਪਣੀ ਸਕੀ ਭੈਣ ਰੌਸ਼ਨ ਆਰਾ ਨੂੰ ਹਲਕਾ-ਹਲਕਾ ਜ਼ਹਿਰ ਦੇ ਪਾਰ ਪਹੁੰਚਾਂਦਾ ਹੈ। ਜੋ ਆਪਣੀ ਬੇਟੀ ਜ਼ੇਬ-ਉਨ-ਨਿਸਾ ਨੂੰ ਜ਼ਹਿਰ ਦੇ ਮਾਰਦਾ ਹੈ। ਜੋ ਸਦਾ ਸਾਥ ਨਿਭਾਉਣ

ਵਾਲੇ ਮਿਰਜ਼ਾ ਜੈ ਸਿੰਘ ਤਕ ਨੂੰ ਜ਼ਹਿਰ ਦੀ ਪੁੜੀ ਭੇਜਦਾ ਹੈ।

ਭਾਵੇਂ ਭਾਈ ਦਇਆਲਾ ਜੀ ਉਨ੍ਹਾਂ ਦੇ ਅਨਿਨ ਸਿੱਖ ਸਨ, ਪਰ ਇਕ ਪ੍ਰਕਾਰ ਦੇ ਉਹ ਮਿੱਤਰ-ਸਾਥੀ ਸਨ। ਇਤਨਾ ਵਿਸ਼ਵਾਸ ਭਾਈ ਦਇਆਲਾ ਜੀ 'ਤੇ ਗੁਰੂ ਦੀ ਕਰਦੇ ਸਨ ਕਿ ਹੁਕਮਨਾਮਿਆਂ ਵਿਚ ਲਿਖਿਆ ਕਿ ਭਾਈ ਦਇਆਲਾ ਜੀ ਦਾ ਕਿਹਾ 'ਗੁਰੂ ਦਾ ਬਚਨ' ਜਾਣਨਾ। ਉਨ੍ਹਾਂ ਨੂੰ ਦਿੱਤੀ ਕਾਰ ਭੇਟ ਗੁਰੂ ਨੂੰ ਪੁੱਜੀ ਜਾਣੋ। ਉਨਾਂ ਨੂੰ 'ਭਾਈ' ਕਰ ਕੇ ਲਿਖਦੇ ਸਨ।

ਇਕ ਸਿੱਖ ਭਾਈ ਬਠੇ ਨੂੰ ਆਪਣਾ ਬੇਟਾ ਤਕ ਕਿਹਾ ਹੈ। ਹੁਕਮਨਾਮੇ ਵਿਚ ਬਨਾਰਸ ਦੀ ਸੰਗਤ ਦੇ ਨਾਂ ਲਿਖਿਆ, "ਜੋ ਸਿੱਖ ਭਾਈ ਬਠੇ ਨਾਲ ਦਰਸ਼ਨ ਆਵਗੁ, ਸੋ ਨਿਹਾਲ ਹੋਗ। ਗੁਰੂ ਉਸ ਦਾ ਸਭਿ ਕੰਮ ਰਾਸ ਕਰੇਗਾ।"

ਕਿਤਨਾ ਪਿਆਰ ਸਿੱਖਾਂ ਨਾਲ ਕਰਦੇ ਹੋਣਗੇ, ਉਸ ਦੀ ਉਦਾਹਰਣ ਇਕ ਹੋਰ ਹੁਕਮਨਾਮਾ ਹੈ, ਜਿਸ ਵਿਚ ਉਨ੍ਹਾਂ ਲਿਖਿਆ-

'ਹਮ ਤੁਮਾਰਾ ਬੈਠੇ ਰਾਹੁ ਦੇਖਦੇ ਹਾਂ।
ਬਹੁਤ ਸ਼ਿਤਾਬ ਆਵਣਾ।
ਗੁਰੂ ਸੰਗਤ ਕੀ ਬਾਹੁੜੀ ਕਰੇਗਾ।'

ਸਿੱਖਾਂ ਨਾਲ ਵੀ ਇਤਨਾ ਪਿਆਰ ਕਰਦੇ ਸਨ ਕਿ ਹਰ ਉੱਘੇ ਸਿੱਖ ਨੂੰ ਹੁਕਮਨਾਮੇ ਵਿਚ ਯਾਦ ਕਰਦੇ ਸਨ। ਕਿਤਨੇ ਹੀ ਸਿੱਖਾਂ ਦੇ ਨਾਂ ਉਨ੍ਹਾਂ ਆਪਣੇ ਹੱਥੀਂ ਹੁਕਮਨਾਮਿਆਂ ਵਿਚ ਲਿਖੇ। ਸਿੱਖਾਂ ਵੀ ਉਨ੍ਹਾਂ ਨਾਲ ਪਿਆਰ ਦੀ ਹੱਦ ਕਰ ਦਿੱਤੀ। ਭਾਈ ਮਤੀ ਦਾਸ ਜੀ, ਭਾਈ ਦਇਆਲਾ ਜੀ, ਭਾਈ ਸਤੀ ਦਾਸ ਜੀ ਦਾ ਉਨ੍ਹਾਂ ਤੋਂ ਪਹਿਲਾਂ ਸ਼ਹੀਦ ਹੋਣਾ ਇਕ ਪ੍ਰਕਾਰ ਦਾ ਸਿੱਖ ਦਾ ਗੁਰੂ ਤੋਂ ਸਦਕੇ ਹੋਣਾ ਹੀ ਹੈ। ਪਿੱਛੋਂ ਭਾਈ ਜੈਤਾ ਜੀ ਨੇ ਜਾਨ 'ਤੇ ਖੇਡ ਕੇ, ਭਾਈ ਨਾਨੂ ਜੀ, ਭਾਈ ਲੱਖੀ ਸ਼ਾਹ ਜੀ, ਭਾਈ ਨਗਾਹੀਆ ਜੀ ਤੇ ਹੋਰ ਅਨੇਕਾਂ ਨੇ ਸਿੱਖੀ ਪਿਆਰ ਦ੍ਰਿੜ੍ਹਾਇਆ। ਉਸ ਨਾ-ਮਾਲੂਮ ਸਿੱਖ ਨੇ ਤਾਂ ਹੱਦ ਹੀ ਕਰ ਦਿੱਤੀ ਜਿਸ ਦੋ ਇੱਟਾਂ ਔਰੰਗਜ਼ੇਬ ਨੂੰ ਕੱਢ ਮਾਰੀਆਂ।

**ਗੁਰੂ ਪਾਤਸ਼ਾਹ-** ਆਪ ਜੀ ਉਸੇ ਚਿਰਾਗ਼ ਦੀ ਰੌਸ਼ਨੀ ਸਨ, ਜਿਸ ਨੂੰ ਗੁਰੂ ਨਾਨਕ ਜੀ ਆਪਣੀ ਜੋਤ ਬਖ਼ਸ਼ ਗਏ ਸਨ। 'ਸਿੰਘ ਸਾਗਰ' ਨੇ ਲਿਖਿਆ ਹੈ ਕਿ ਛੇ ਲੱਛਣਾਂ ਤੋਂ ਗੁਰੂ ਪਹਿਚਾਣਿਆ ਜਾਂਦਾ ਹੈ ਅਤੇ ਛੇ ਹੀ ਗੁਰੂ ਤੇਗ ਬਹਾਦਰ ਵਿਚ ਸਨ। ਗਿਆਨ ਦਾ ਭੰਡਾਰ ਸਨ, ਮੱਤ ਉੱਚ-ਕੋਟੀ ਦੀ ਸੀ, ਈਸ਼ਵਰ ਦਾ ਹੱਥ ਸਦਾ ਸਿਰ 'ਤੇ, ਮੁਕਤਿ-ਵੈਰਾਗ ਦੀ ਮੂਰਤ ਸਨ, ਸਭ ਹੀ ਉਨ੍ਹਾਂ ਦੇ ਉਪਾਸ਼ਕ ਸਨ ਅਤੇ ਘਟ-ਘਟ ਕੀ ਜਾਨਣਹਾਰ ਸਨ। ਪੂਰਨ ਬ੍ਰਹਮ ਸਨ। 'ਗਿਆਨਸੀ ਮਤਿ, ਈਸਰ ਤਾਜ, ਸੁ ਪੂਰਨ ਮੋਖ ਵੈਰਾਗ ਮਹਾਨੇ। ਦੇਵ ਅਦੇਵ ਚਰਾਚਰ ਲੋ ਸਭ ਕੈ ਘਟ ਅੰਤ੍ਰ ਕੀ ਗੁਰ ਜਾਨੈ।'

ਆਪ ਜੀ ਗੁਰੂ ਨਾਨਕ ਦੇਵ ਜੀ ਤੋਂ ਪਿੱਛੋਂ ਪਹਿਲੇ ਗੁਰੂ ਸਨ ਜੋ ਥਾਂ-ਥਾਂ 'ਤੇ ਪੁੱਜੇ ਅਤੇ ਸਿੱਖੀ ਦੇ ਬੂਟੇ ਨੂੰ ਸਿੰਜਿਆ। ਇਕ ਅੰਦਾਜ਼ੇ ਮੁਤਾਬਕ ਆਪ ਜੀ ਨੇ ਤਿੰਨਾਂ ਦੌਰਿਆਂ ਵਿਚ ਤਕਰੀਬਨ ਪੰਜ ਹਜ਼ਾਰ ਮੀਲ ਸਫ਼ਰ ਕੀਤਾ। ਆਪ ਜੀ ਦੇ ਹੁਕਮਨਾਮਿਆਂ, ਜਿਨਾਂ ਦੀ ਗਿਣਤੀ ੩੦੦ ਦੇ ਕਰੀਬ ਹੈ, ਤੋਂ ਪਤਾ ਲੱਗਦਾ ਹੈ ਕਿ ਆਪ ਜੀ ਕਮ-ਗੋਸਨ, ਥੋੜੀ ਗੱਲ ਵਿਚ ਹੀ ਭਾਵ ਸਮਝਾ ਦਿੰਦੇ ਸਨ। ਹੱਥ ਦੀ ਲਿਖਤ ਉਨ੍ਹਾਂ ਦੀ ਪਕਿਆਈ ਦਰਸਾਂਦੀ ਹੈ। ਕੋਈ ਅੱਖਰ ਟੁੱਟਿਆ ਜਾਂ ਮਿਧਿਆ ਨਹੀਂ ਸੀ ਹੁੰਦਾ। ਰਵਾਨੀ ਬਹੁਤ ਸੀ। ਸਪੱਸ਼ਟਤਾ ਉਨ੍ਹਾਂ ਦੇ ਸੁਭਾਅ ਦਾ ਅੰਗ ਲੱਗਦਾ ਹੈ। ਸਦਾ ਸੰਗਤ ਦਾ ਭਲਾ ਮੰਗਦੇ। ਰੋਜ਼ਗਾਰ ਵਿਚ ਬਰਕਤ ਦੀ ਅਸੀਸ ਦਿੰਦੇ।

ਹਮੇਸ਼ਾ ਹੁਕਮਨਾਮੇ ਦੇ ਉਤੇ 'ਗੁਰ ਸਤਿਗੁਰ' ਲਿਖਦੇ। ਸੇਵਾਦਾਸ ਦੀਆਂ ਪਰਚੀਆਂ ਵਿਚ ਲਿਖਿਆ ਹੈ ਕਿ 'ਗੋਬਿੰਦ ਕੇ ਰਸ ਬਿਨਾ ਇਨ ਕਉ (ਗੁਰੂ ਤੇਗ ਬਹਾਦਰ ਜੀ) ਅਉਰੇ ਰਸ ਸੁਆਦ ਕੋਊ ਨ ਦੇਵੇ ਜਗਤ ਕੀ ਕਿਸੀ ਪਦਾਰਥ ਦਾ।'

**ਏਕ ਭਗਤਿ ਭਗਵਾਨ-** ਭਗਤੀ ਦੀ ਆਖ਼ਰੀ ਚੋਟੀ ਵੀ ਛੁਹ ਕੇ ਦੱਸੀ। ਉਨਾਂ ਦਾ ਸਾਰਾ ਜੀਵਨ ਹੀ ਅਛੋਹ ਸਿੱਖਰਾਂ ਦੀ ਸਾਖੀ ਹੈ। 'ਭਗਤ ਨਵੈ ਪਰਕਾਰ' ਗੁਰੂ ਅਰਜਨ ਦੇਵ ਜੀ ਨੇ ਸ੍ਰੀ ਰਾਗ ਵਿਚ ਦਰਸਾਈ ਹੈ। 'ਸਰਵਨੀ ਸੁਨਣਾ', 'ਹਰਿ ਕੀਰਤਨ ਸਾਧ ਸੰਗਤ', 'ਸਿਮਰਉ ਸਿਮਰਿ', 'ਪਾਵਮਲੋਵਾ', 'ਹਰਿ ਕੀ ਪੂਜਾ', 'ਬੰਦਉ ਬਾਰਿ ਬਾਰਿ', 'ਦਾਸਨਿਦਾਸਾ' ਅਤੇ 'ਤੂੰ ਮੇਰਾ ਬੰਧਪ, ਤੂੰ ਮੇਰਾ ਭ੍ਰਾਤਾ' ਅੱਠ ਪ੍ਰਕਾਰ ਦੀ ਹੈ। ਸਰਵਨ, ਕੀਰਤਨ, ਸਿਮਰਨ, ਪੱਗ-ਸੇਵਨ ਅਰਚਨਾ, ਬੰਦਨਾ, ਦਾਸ ਭਾਵ ਤੇ ਮੈਤਰੀ ਭਾਵ। ਪਰ ਸਭ ਤੋਂ ਉਤੇ ਹੈ **ਸਰਬੰਸ ਕੀਜੈ ਅਪੁਨਾ ਵਾਰੈ। ਆਤਮ ਨਿਵੇਦਨ।** ਇਹ ਪਹਿਲੇ ਅੱਠਾਂ ਪ੍ਰਕਾਰਾਂ ਦੀ ਭਗਤੀ ਸਿੱਖੀ ਘਰ ਵਿਚ ਆਪਾ ਤਿਆਗ, ਆਤਮ ਨਿਵੇਦਨ ਅਤੇ

ਕੁਰਬਾਨ ਹੋਣ ਦੀ ਤਿਆਰੀ ਹੈ। ਗੁਰੂ ਤੇਗ ਬਹਾਦਰ ਜੀ ਨੇ 'ਸਰਬੰਸ ਦੀਜੈ ਅਪੁਨਾ ਵਾਰੈ' ਦਾ ਪ੍ਰਤੱਖ ਰੂਪ ਦੇ ਕੇ ਭਗਤੀ ਦੇ ਸਿਖਰ ਨੂੰ ਛੋਹਿਆ। ਬਾਬਾ ਬਕਾਲਾ ਵਿਚ ਕੀਤੀ ਬਹੁ ਪ੍ਰਕਾਰ ਦੀ ਭਗਤੀ ਨੂੰ ਸੀਸ ਦੇ ਕੇ ਪ੍ਰਵਾਨ ਚੜ੍ਹਾਇਆ। ਫਿਰ ਸੱਚਮੁੱਚ ਹੀ ਸਰਬੰਸ ਵਾਰਿਆ। ਆਪ ਸ਼ਹੀਦ, ਪਤਨੀ ਮਾਤਾ ਗੁਜਰੀ ਸ਼ਹੀਦ, ਪੁੱਤਰ ਗੁਰੂ ਗੋਬਿੰਦ ਸਿੰਘ ਸ਼ਹੀਦ, ਪੋਤਰੇ ਚਾਰੇ ਸਾਹਿਬਜ਼ਾਦੇ ਸ਼ਹੀਦ, ਭੈਣ ਦੇ ਪੰਜੇ ਪੁੱਤਰ ਸ਼ਹੀਦ ਅਤੇ ਹੋਰ ਅਨੇਕਾਂ ਨਿਕਟਵਰਤੀ ਸ਼ਹੀਦੀਆਂ ਪਾਉਂਦੇ ਰਹੇ। ਮੈਥਲੀ ਸ਼ਰਨ ਗੁਪਤ ਨੇ ਗੁਰੂ ਤੇਗ ਬਹਾਦਰ ਨਾਂ ਦੀ ਕਵਿਤਾ ਹੇਠਾਂ ਖੂਬ ਲਿਖਿਆ ਹੈ–

ਤੇਗ ਬਹਾਦਰ, ਹਾਂ, ਵੇ ਹੀ ਥੇ
ਪੰਚਾਮ੍ਰਤ ਸਰ ਕੇ ਅਰਵਿੰਦ।[10]
ਤੇਗ ਬਹਾਦਰ, ਹਾਂ, ਵੇ ਹੀ ਥੇ,
ਜਿਨ ਸੈ ਜਨਮੇਂ ਗੁਰੂ ਗੋਬਿੰਦ।
ਤੇਗ ਬਹਾਦਰ, ਹਾਂ, ਵੇ ਹੀ ਥੇ,
ਭਾਰਤ ਕੀ ਮਾਈ ਕੇ ਲਾਲ।
ਤੇਗ ਬਹਾਦਰ, ਹਾਂ, ਵੇ ਹੀ ਥੇ,
ਜਿਨ ਕਾ ਕੁਛ ਕਰ ਸਕਾ ਨਾ ਕਾਲ।

ਗੁਰੂ ਤੇਗ ਬਹਾਦਰ ਜੀ ਨੇ ਹੱਦ ਕਰ ਦਿੱਤੀ ਅਤੇ ਇਸ ਹੱਦ ਨੂੰ। ਕੋਈ ਕਦੇ ਛੂਹ ਵੀ ਨਹੀਂ ਸਕੇਗਾ। **ਇਤਿ ਜਿਨਿ ਕਰੀ।**

**ਹਵਾਲੇ ਤੇ ਟਿੱਪਣੀਆਂ**

1. ਭਾਰ ਧਰੇ ਹਰਬੋ (ਅਧਿਆਇ 33)
2. ਸਮਾਧ ਅਟਲ ਸ਼ਾਹ ਮਨ ਭਾਈ॥
   ਤਾਤੇ ਨਾਮ ਅਟਲ ਸੁਹਾਈ॥
   (ਗੁਰ ਬਿਲਾਸ ਪਾਤਸ਼ਾਹੀ ਛੇਵੀਂ, ਪੰਨਾ ੬੮੫)
3. ਗੰਜਨਾਮਾ, ਸਲਤਨਤ ਨਹਿਮ
4. ਜਗਤ ਗੁਰੂ ਸ੍ਰੀ ਨਾਨਕ ਕੇਰਾ॥
   ਨਾਮ ਕਰਹਿ ਉਜਲ ਬਹੁਤੇਰਾ॥
5. ਸਰਾਪਾ ਅਫ਼ਜ਼ਾਲ (ਗੰਜਨਾਮਾ)
6. ਅਨਵਾਰਿ ਹੱਕ ਅਜ਼ ਵਜੂਦਿ ਪਾਕਿਸ਼ ਰੌਸ਼ਨ।
7. ਬਰ ਸਰਿ ਅਨਵਾਰਿ ਇਲਮਿ ਹੱਕ ਕਾਲਿ ਉ।
8. ਬਾਦਸ਼ਾਹ ਬਰ ਜ਼ਬਾਨ ਆਵਰਦ ਕਿ ਜ਼ਾਤਿ ਗਰਾਮੀ ਸਰ ਆਮਦ ਫ਼ਕਾਰਾਨ।
   (ਸੋਹਣ ਲਾਲ ਸੂਰੀ, ਦਫਤ੍ਰ ਅਵਲ, ਸਫ਼ਾ 49)
9. ਜਗਦੇਉ ਰਾਮ ਦਾਸ ਸੰਗਤਿ ਦੇ ਨਾਂ – 3
   ਸਰਦੇਵ ਦੀ ਸੰਗਤਿ ਦੇ ਨਾਂ – 1
   ਪੂਟਣ ਸ਼ੇਖ ਫ਼ਰੀਦ ਕੀ ਸੰਗਤਿ ਦੇ ਨਾਂ – 6
   ਪਟਨੇ ਦੀ ਸੰਗਤਿ ਦੇ ਨਾਂ – 8
   ਬਨਾਰਸ ਦੀ ਸੰਗਤਿ ਦੇ ਨਾਂ –11
   ਮਿਰਜ਼ਾਪੁਰ ਦੀ ਸੰਗਤਿ ਦੇ ਨਾਂ –1
10. ਆਪ ਜੀ ਦਾ ਜਨਮ ਅਸਥਾਨ ਸ੍ਰੀ ਅੰਮ੍ਰਿਤਸਰ ਹੈ।

.......................................................

## ਰੁਬਾਈ

**(ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਬਚਨ)**

ਐ ਔਰੰਗੇ ਆਰਾਮ ਕਰ
ਏਕ ਦਿਨ ਯਹ ਦਰਬਾਰ ਨਾ ਹੋਗਾ।
ਤਖਤ ਨਾ ਹੋਗਾ ਤਾਜ ਨਾ ਹੋਗਾ
ਸਾਥੀ ਕੋਈ ਸਰਦਾਰ ਨਾ ਹੋਗਾ।
ਨਾਚ ਨਾ ਹੋਗਾ ਗਾਨ ਨਾ ਹੋਗਾ
ਖਾਲੀ ਜ਼ਾਮ ਸੁਰਾਹੀ ਹੋਗੀ
ਹੋਗੀ ਏਕ ਮਜ਼ਾਰ ਹੀ ਤੇਰੀ
ਔਰ ਕੋਈ ਘਰ ਬਾਰ ਨਾ ਹੋਗਾ।

ਹੈ ਸ਼ੈਦਾਅ ਜਿਸ ਚੀਜ ਪਰ
ਵੁਹ ਤੇਰੀ ਨਹੀਂ ਬੇਗਾਨੀ ਹੈ।
ਖੁਆਬ ਕੀ ਦੁਨੀਆਂ ਦੇਖ ਰਹਾ ਜੋ
ਝੂਠੀ ਯਿਹ ਕਹਾਨੀ ਹੈ।
ਸ਼ਾਹ ਸਿਕੰਦਰ ਬਾਬਰ ਅਕਬਰ
ਹਾਥ ਪਾਓਂ ਸੇ ਖਾਲੀ ਗਏ।
ਖਾਕ ਕੇ ਪੁਤਲੇ ਖੌਫ਼ ਖੁਦਾ ਕਰ
ਦੁਨੀਆਂ ਆਨੀ ਜਾਨੀ ਹੈ।

**ਕਰਮ ਸਿੰਘ ਬਾਲਮ**

.......................................................

# ਗੁਰੂ ਤੇਗ ਬਹਾਦਰ: ਜੀਵਨ ਪ੍ਰਸੰਗ ਤੇ ਰਚਨਾ ਸੰਦਰਭ

-ਡਾ. ਹਰਮਹਿੰਦਰ ਸਿੰਘ ਬੇਦੀ

ਗੁਰੂ ਤੇਗ਼ ਬਹਾਦਰ ਸਿੱਖ ਧਰਮ ਦੇ ਨੌਵੇਂ ਗੁਰੂ ਦੇ ਰੂਪ ਵਿਚ ਉਪਸਥਿਤ ਹਨ। ਇਨ੍ਹਾਂ ਦਾ ਆਦਿ ਗੁਰੂ ਨਾਨਕ ਦੇਵ ਦੁਆਰਾ ਸਥਾਪਿਤ ਗੁਰੂ ਪਰੰਪਰਾ ਵਿਚ ਵਿਸ਼ੇਸ਼ ਤੇ ਮਹੱਤਵਪੂਰਨ ਸਥਾਨ ਹੈ। ਇਹ ਸਿੱਖ ਧਰਮ ਦੇ ਲਈ "ਨੌਵੇਂ ਨਾਨਕ ਦਾ" ਰੂਪ ਹਨ।

ਗੁਰੂ ਤੇਗ ਬਹਾਦਰ ਜੀ ਦਾ ਵਿਅਕਤਿਤਵ ਬਹੁਮੁਖੀ ਅਤੇ ਵਿਲੱਖਣ ਸੀ। ਇਨ੍ਹਾਂ ਦੀ ਸ਼ਖ਼ਸੀਅਤ ਵਿਚ ਪੂਰਨ ਗੁਰੂ, ਵਿਸ਼ਸ਼ਿਟ ਕਵੀ ਅਤੇ ਮਹਾਨ ਧਰਮ ਰੱਖਿਅਕ ਦੇ ਸਾਰੇ ਲੱਛਣ ਮੌਜੂਦ ਹਨ। ਇਨ੍ਹਾਂ ਨੇ ਪੂਰਨ ਗੁਰੂ ਦੇ ਰੂਪ ਵਿਚ ਸਿੱਖਾਂ ਨੂੰ ਸੰਗਠਿਤ ਅਤੇ ਸ਼ਕਤੀਸ਼ਾਲੀ ਬਣਾਇਆ। ਇਕ ਮਹਾਮਾਨਵ ਦੇ ਰੂਪ ਵਿਚ ਆਪ ਨੇ ਕੇਵਲ ਸਿੱਖ ਧਰਮ ਹੀ ਨਹੀਂ, ਬਲਕਿ ਹਿੰਦੂ ਧਰਮ ਦੀ ਵੀ ਰੱਖਿਆ ਕੀਤੀ। ਗੁਰੂ ਜੀ ਦੀ ਬਾਣੀ ਦਾ ਜਾਪ ਕਰਨ ਨਾਲ ਮਨ ਦਾ ਡਰ, ਨਿਡਰਤਾ ਅਤੇ ਆਤਮ-ਵਿਸ਼ਵਾਸ ਵਰਗੇ ਗੁਣ ਵਿਕਸਿਤ ਹੁੰਦੇ ਹਨ। ਕਿਹਾ ਜਾਏ ਕਿ ਨੌਵੇਂ ਗੁਰੂ ਜੀ ਦੀ ਬਾਣੀ ਸਾਨੂੰ ਵਾਸਤਵਿਕ ਮਾਨਵਤਾ ਦਾ ਪਾਠ ਪੜ੍ਹਾਉਂਦੀ ਹੋਈ ਧਰਮ-ਹਿੱਤ ਸ਼ੁਭ ਕਰਮ ਕਰਨ ਦੇ ਲਈ ਉਤਸ਼ਾਹਿਤ ਕਰਦੀ ਹੈ ਤਾਂ ਇਹ ਠੀਕ ਹੋਵੇਗਾ। ਸੰਖੇਪ ਵਿਚ ਗੁਰੂ ਤੇਗ਼ ਬਹਾਦਰ ਸੰਪੂਰਨ ਵਿਅਕਤਿਤਵ ਦੇ ਸੁਆਮੀ ਹਨ।

ਵੈਰਾਗਮਈ ਮੂਰਤੀ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਜਨਮ ਵੈਸਾਖ ਵਦੀ ਪੰਜਵੀਂ 1678 ਬਿਕਰਮੀ (1 ਅਪ੍ਰੈਲ 1621 ਈ.) ਨੂੰ ਮਾਤਾ ਨਾਨਕੀ ਜੀ ਦੇ ਗਰਭ ਤੋਂ ਛੇਵੇਂ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਘਰ ਗੁਰੂ ਕੇ ਮਹਲ (ਅੰਮ੍ਰਿਤਸਰ) ਵਿਚ ਸ਼ੁੱਕਰਵਾਰ ਵਾਲੇ ਦਿਨ ਪਹਿਰ ਕੁ ਰਾਤ ਰਹਿੰਦੀ ਦੇ ਸਮੇਂ ਹੋਇਆ। ਇਸ ਮਿਤੀ ਨਾਲ ਡਾ. ਤਾਰਨ ਸਿੰਘ, ਪ੍ਰੋ. ਕਰਤਾਰ ਸਿੰਘ, ਪ੍ਰਿੰ. ਸਤਿਬੀਰ ਸਿੰਘ, ਗਿਆਨੀ ਸਿੰਘ, ਪ੍ਰੋ. ਸਾਹਿਬ ਸਿੰਘ ਆਦਿ ਸਹਿਮਤ ਹਨ। ਡਾ. ਕੇਸਰ ਸਿੰਘ ਛਿੱਬਰ 19 ਮੱਘਰ ਸੰਮਤ 1678 ਦਿੰਦੇ ਹਨ। ਗੁਲਾਬ ਸਿੰਘ (ਗੁਰ ਪ੍ਰਣਾਲੀ) ਮੱਘਰ ਸੁਦੀ 2, 1678 ਬਿਕਰਮੀ ਦਿੰਦੇ ਹਨ। ਸ੍ਰੀ ਪਿਆਰਾ ਸਿੰਘ ਪਦਮ ਅਨੁਸਾਰ "ਬਾਣੀ ਗੁਰੂ ਤੇਗ ਬਹਾਦੁਰ" ਨਾਮੀ ਹਿੰਦੀ ਰਚਨਾ ਵਿਚ 18 ਨਵੰਬਰ 1621 ਈ. (1678 ਬਿ: ਮੱਘਰ) ਮਿਤੀ ਦਿੰਦੇ ਹਨ। ਪਰੰਤੂ ਇਸ ਨਵੀਂ ਮਿਤੀ ਦਾ ਉਨ੍ਹਾਂ ਨੇ ਕੋਈ ਸ੍ਰੋਤ ਨਹੀਂ ਦਿੱਤਾ। ਇਨ੍ਹਾਂ ਦੀ ਹੀ ਇਕ ਪੁਸਤਕ "ਸਾਡੇ ਗੁਰਦੇਵ" ਵਿਚ 1621 ਈ. 1 ਅਪ੍ਰੈਲ ਮਿਤੀ ਹੀ ਦਿੱਤੀ ਗਈ ਹੈ। ਨਾਰੰਗ ਗੁਪਤਾ ਆਦਿ ਆਪਣੇ ਪੰਜਾਬ ਦੇ ਇਤਿਹਾਸ ਵਿਚ 1622 ਈ. ਦੱਸਦੇ ਹਨ, ਪਰ ਨਾ ਹੀ ਸੰਮਤ ਦਿੱਤਾ ਗਿਆ ਹੈ ਤੇ ਨਾ ਹੀ ਇਸ ਮਿਤੀ ਦਾ ਕੋਈ ਸ੍ਰੋਤ, ਇਸ ਲਈ 1622 ਈ. ਠੀਕ ਨਹੀਂ ਹੋ ਸਕਦਾ।



ਚਾਂਸਲਰ, ਕੇਂਦਰੀ ਯੂਨੀਵਰਸਿਟੀ ਧਰਮਸ਼ਾਲਾ, ਹਿਮਾਚਲ ਪ੍ਰਦੇਸ਼

ਇਨ੍ਹਾਂ ਦੇ ਜਨਮ ਦੇ ਅਵਸਰ ਉੱਤੇ ਇਨ੍ਹਾਂ ਦੇ ਪਿਤਾ ਜੀ ਨੇ ਇਨ੍ਹਾਂ ਨੂੰ ਤੇਗ਼ ਅਤੇ ਤੇਗ਼ ਦਾ ਧਨੀ ਮੰਨਦੇ ਹੋਏ ਇਨ੍ਹਾਂ ਦਾ ਨਾਂ ਤੇਗ ਬਹਾਦਰ ਰੱਖਿਆ ਹੈ ਅਤੇ ਇਹ ਕਿਹਾ ਕਿ ਭਵਿੱਖ ਵਿਚ ਇਹ ਮਹਾਨ "ਗੁਰੂ ਵਿਅਕਤੀ" ਹੋਣਗੇ। ਮਾਤਾ ਨਾਨਕੀ ਜੀ ਇਸ ਭਵਿੱਖਬਾਣੀ ਨੂੰ ਸੁਣ ਕੇ ਬਹੁਤ ਪ੍ਰਸੰਨ ਹੋਈ। ਤੇਗ਼ ਬਹਾਦਰ ਗੁਰੂ ਜੀ ਦੇ ਸਭ ਤੋਂ ਛੋਟੇ ਅਤੇ ਪੰਜਵੇਂ ਸਪੁੱਤਰ ਸਨ। ਇਨ੍ਹਾਂ ਦੇ ਦੂਸਰੇ ਚਾਰ ਭਰਾਵਾਂ ਦੇ ਨਾਮ ਸਨ, ਬਾਬਾ ਸੂਰਜ ਮੱਲ, ਬਾਬਾ ਗੁਰਦਿੱਤਾ, ਬਾਬਾ ਅਣੀ ਰਾਏ, ਬਾਬਾ ਅਟੱਲ। ਇਨ੍ਹਾਂ ਦੀ ਭੈਣ ਵੀ ਸੀ ਜਿਸ ਦਾ ਨਾਮ ਬੀਬੀ ਵੀਰੋ ਸੀ। ਇਨ੍ਹਾਂ ਸਭ ਦੇ ਬਾਰੇ ਵਿਚ "ਗੁਰ ਪ੍ਰਤਾਪ ਸੂਰਜ" ਵਿਚ ਪ੍ਰਾਪਤ ਉਲੇਖ ਮਿਲਦਾ ਹੈ।

ਗੁਰੂ ਤੇਗ਼ ਬਹਾਦਰ ਜੀ ਦਾ ਬਚਪਨ ਅੰਮ੍ਰਿਤਸਰ ਵਿਚ ਬਤੀਤ ਹੋਇਆ। ਇਨ੍ਹਾਂ ਦਾ ਪਾਲਣ-ਪੋਸ਼ਣ ਬੜੇ ਲਾਡ-ਪਿਆਰ ਨਾਲ ਕੀਤਾ ਗਿਆ। ਇਨ੍ਹਾਂ ਦੀ ਮਾਤਾ ਇਨ੍ਹਾਂ ਨੂੰ ਧਾਰਮਿਕ ਸਿੱਖਿਆ ਦਿਆ ਕਰਦੇ ਸਨ। ਇਸ ਦਾ ਪ੍ਰਭਾਵ ਬਾਲਕ ਉੱਤੇ ਵਿਸ਼ੇਸ਼ ਪਿਆ। ਬਾਲਕ ਤੇਗ਼ ਬਹਾਦਰ ਛੋਟੀ ਉਮਰ ਵਿਚ ਪ੍ਰਮਾਤਮਾ-ਚਿੰਤਨ ਵਿਚ ਸਮਾਂ ਬਤੀਤ ਕਰਨ ਲੱਗਾ। ਉਹ ਸਮੇਂ-ਸਮੇਂ ਤੇ ਲੋਕਾਂ ਨੂੰ ਮਿਲਦਾ ਰਹਿੰਦਾ ਸੀ। ਉਹ ਛੋਟੀ ਉਮਰ ਵਿਚ ਹੀ ਬਹੁਤ ਹੋਣਹਾਰ ਸੀ। ਬਚਪਨ ਦੀਆਂ ਅਨੇਕ ਘਟਨਾਵਾਂ ਤੋਂ ਇਨ੍ਹਾਂ ਦੀ ਅਲੌਕਿਕ ਪ੍ਰਤਿਭਾ ਦੇ ਦਰਸ਼ਨ ਹੁੰਦੇ ਹਨ। ਮਹਾਂਕਵੀ ਸੰਤੋਖ ਸਿੰਘ ਆਪਣੇ ਪ੍ਰਸਿੱਧ ਗ੍ਰੰਥ 'ਸੂਰਜ ਪ੍ਰਕਾਸ' ਵਿਚ ਬਾਲਕ ਤੇਗ਼

ਬਹਾਦਰ ਦੇ ਬਚਪਨ ਦੀ ਇਕ ਘਟਨਾ ਦਾ ਵਰਨਣ ਕਰਦੇ ਹਨ, ਜੋ ਇਸ ਤਰ੍ਹਾਂ ਹੈ- ਇਕ ਵਾਰ ਇਕ ਮਾਂ ਆਪਣੇ ਬੱਚੇ ਨੂੰ ਲੈ ਕੇ ਬਾਲਕ ਤੇਗ਼ ਬਹਾਦਰ ਦੇ ਕੋਲ ਗਈ, ਉਸ ਨੂੰ ਕਹਿਣ ਲੱਗੀ ਕਿ ਮੇਰਾ ਪੁੱਤਰ ਬੀਮਾਰ ਰਹਿੰਦਾ ਹੈ, ਉਸ ਦੇ ਨਿਰੋਗ ਹੋਣ ਦੇ ਉਪਾਅ ਦੱਸੋ, ਉਸ ਨੂੰ ਅਰੋਗ ਜੀਵਨ ਦਾ ਆਸ਼ੀਰਵਾਦ ਦਿਉ । ਬਾਲਕ ਤੇਗ਼ ਬਹਾਦਰ ਨੇ ਕੁਝ ਹੋਰ ਜਾਣਕਾਰੀ ਪ੍ਰਾਪਤ ਕਰ ਕੇ ਉਸ ਇਸਤਰੀ ਨੂੰ ਕੁਝ ਦਿਨਾਂ ਤੋਂ ਬਾਅਦ ਆਉਣ ਲਈ ਕਿਹਾ। ਕੁਝ ਦਿਨਾਂ ਤੋਂ ਬਾਅਦ ਉਹ ਇਸਤਰੀ ਆਪਣੇ ਬੱਚੇ ਨੂੰ ਲੈ ਕੇ ਦੁਬਾਰਾ ਬਾਲਕ ਤੇਗ਼ ਬਹਾਦਰ ਕੋਲ ਆਈ। ਬਾਲਕ ਨੇ ਕਿਹਾ, "ਤੇਰਾ ਬੱਚਾ ਗੁੜ ਆਦਿ ਮਿੱਠੀਆਂ ਚੀਜ਼ਾਂ ਖਾਣੀਆਂ ਛੱਡ ਦੇਵੇ, ਉਹ ਬਹੁਤ ਜਲਦੀ ਠੀਕ ਹੋ ਜਾਵੇਗਾ।" ਬਾਲਕ ਦੀ ਇਹ ਸਾਧਾਰਣ ਜਿਹੀ ਗੱਲ ਸੁਣ ਕੇ ਇਸਤਰੀ ਹੈਰਾਨ ਹੋਈ ਅਤੇ ਕੁਝ ਨਿਰਾਸ਼ ਮਨ ਨਾਲ ਕਹਿਣ ਲੱਗੀ "ਬਾਬਾ ਜੀ, ਇਹ ਗੱਲ ਤਾਂ ਤੁਸੀਂ ਪਹਿਲੇ ਦਿਨ ਹੀ ਦੱਸ ਸਕਦੇ ਸੀ।" ਇਸ ਤੇ ਬਾਲਕ ਨੇ ਕਿਹਾ, "ਅੱਜ ਤੋਂ ਕੁਝ ਦਿਨ ਪਹਿਲਾਂ ਮੈਂ ਆਪ ਗੁੜ ਖਾਂਦਾ ਹੁੰਦਾ ਸਾਂ। ਮੈਂ ਹੁਣ ਗੁੜ ਖਾਣਾ ਛੱਡ ਦਿੱਤਾ ਹੈ। ਹੁਣ ਮੈਂ ਇਸ ਯੋਗ ਬਣ ਚੁੱਕਿਆ ਹਾਂ ਕਿ ਇਸ ਗੱਲ ਦਾ ਤੁਹਾਨੂੰ ਸੁਝਾ ਦੇ ਸਕਾਂ।" ਇਹ ਸੁਣ ਕੇ ਉਹ ਇਸਤਰੀ ਚਲੀ ਗਈ। ਇਸ ਤਰ੍ਹਾਂ ਦੇ ਅਨੇਕ ਪ੍ਰਸੰਗ ਬਾਲਕ ਤੇਗ਼ ਬਹਾਦਰ ਦੇ ਬਚਪਨ ਦੇ ਮਿਲਦੇ ਹਨ ਜਿਸ ਤੋਂ ਇਹ ਪਤਾ ਲਗਦਾ ਹੈ ਕਿ (ਗੁਰੂ) ਤੇਗ਼ ਬਹਾਦਰ ਕਥਨੀ ਅਤੇ ਕਰਨੀ ਵਿਚ ਪੂਰਣ ਵਿਸ਼ਵਾਸ ਰੱਖਦੇ ਸਨ। ਉਹ ਬਾਲ ਅਵਸਥਾ ਵਿਚ ਵੀ ਉਹੀ ਉਪਦੇਸ਼ ਦਿੰਦੇ ਸਨ ਜਿਸ ਨੂੰ ਉਨ੍ਹਾਂ ਨੇ ਆਪਣੇ ਜੀਵਨ ਵਿਚ ਵੀ ਗ੍ਰਹਿਣ ਕੀਤਾ ਹੁੰਦਾ ਸੀ।

ਬਚਪਨ ਵਿਚ ਗੁਰੂ ਤੇਗ਼ ਬਹਾਦਰ ਜੀ ਨੂੰ ਸ਼ਸਤਰ ਵਿੱਦਿਆ, ਸੰਗੀਤ, ਧਰਮ ਅਤੇ ਰਾਜਨੀਤੀ ਦੀ ਪ੍ਰਚਲਤ ਵਿੱਦਿਆ ਪ੍ਰਦਾਨ ਕੀਤੀ ਗਈ। ਇਨ੍ਹਾਂ ਨੂੰ ਆਰਥਿਕ ਸਿੱਖਿਆ ਵਿਦਵਾਨ ਭਾਈ ਬੁੱਢਾ ਤੋਂ ਪ੍ਰਾਪਤ ਹੋਈ। ਤੇਗ਼ ਬਹਾਦਰ ਨੂੰ ਪੰਜਾਬੀ ਦੇ ਨਾਲ-ਨਾਲ ਬ੍ਰਿਜ (ਹਿੰਦੀ) ਭਾਸ਼ਾ ਦੀ ਸਿੱਖਿਆ ਵੀ ਦਿੱਤੀ ਗਈ। ਸਿੱਖ ਧਰਮ-ਦਰਸ਼ਨ ਦੇ ਅਧਿਕਾਰੀ ਵਿਦਵਾਨ ਭਾਈ ਗੁਰਦਾਸ ਨੇ ਬਾਲਕ ਨੂੰ ਦਰਸ਼ਨ, ਸਾਹਿਤ ਆਦਿ ਵਿਸ਼ਿਆਂ ਵਿਚ ਪਰਵੀਨ ਬਣਾਇਆ।

ਬਾਲਕ ਤੇਗ਼ ਬਹਾਦਰ ਆਪਣੇ ਪਿਤਾ ਗੁਰੂ ਹਰਿਗੋਬਿੰਦ ਜੀ ਦੇ ਨਾਲ ਕੁਝ ਸਾਲਾਂ ਤੱਕ ਕਰਤਾਰਪੁਰ (ਜ਼ਿਲ੍ਹਾ ਜਲੰਧਰ) ਵਿਚ ਰਹੇ। ਉਥੇ ਉਨ੍ਹਾਂ ਦਾ ਸ਼ੁਭ ਵਿਆਹ ਲਾਲ ਚੰਦ ਜੀ ਦੀ ਸਪੁੱਤਰੀ ਗੁਜਰੀ ਜੀ ਦੇ ਨਾਲ ਹੋਇਆ।

ਗੁਰੂ ਹਰਿਗੋਬਿੰਦ ਨੇ ਕਰਤਾਰਪੁਰ ਵਿਚ ਸਿੱਖ-ਧਰਮ ਦਾ ਪ੍ਰਚਾਰ ਹੋਰ ਅਧਿਕ ਜ਼ੋਰਾਂ ਨਾਲ ਕਰਨਾ ਆਰੰਭ ਕਰ ਦਿੱਤਾ। ਉਨ੍ਹਾਂ ਨੇ ਸਿੱਖ-ਸੰਗਠਨ ਨੂੰ ਸੈਨਿਕ ਰੂਪ ਵਿਚ ਪਰਿਵਰਤਿਤ ਕਰ ਕੇ ਮਜ਼ਬੂਤ ਕਰਨਾ ਸ਼ੁਰੂ ਕਰ ਦਿੱਤਾ। ਗੁਰੂ ਸਾਹਿਬ ਦੀਆਂ ਇਨ੍ਹਾਂ ਗਤੀਵਿਧੀਆਂ ਦੀ ਖ਼ਬਰ (ਕੁਝ ਸਥਾਨਕ ਈਰਖਾਲੂ ਹਾਕਮਾਂ ਨੇ) ਮੁਗਲ-ਸ਼ਾਸਕਾਂ ਨੂੰ ਲਾਹੌਰ ਪਹੁੰਚਾਈ ਅਤੇ ਮੁਗਲਾਂ ਦੀ ਸਹਾਇਤਾ ਨਾਲ ਗੁਰੂ ਹਰਿਗੋਬਿੰਦ ਜੀ ਉੱਪਰ ਆਕ੍ਰਮਣ ਕਰ ਦਿੱਤਾ। ਗੁਰੂ ਦੇਵ ਇਸ ਸਮੇਂ ਸੈਨਿਕ-ਸੰਗਠਨ ਵਿਚ ਲੱਗੇ ਹੋਏ ਸਨ। ਪਰੰਤੂ ਫਿਰ ਵੀ ਉਨ੍ਹਾਂ ਨੇ ਹਮਲੇ ਦਾ ਮੂੰਹ ਤੋੜ ਜਵਾਬ ਦਿੱਤਾ। ਖ਼ੂਬ ਘਮਸਾਨ ਯੁੱਧ ਹੋਇਆ। ਇਸ ਯੁੱਧ ਵਿਚ ਬਾਲਕ ਤੇਗ਼ ਬਹਾਦਰ ਨੇ ਆਪਣੀ ਸੂਰਬੀਰਤਾ ਦੇ ਅਨੇਕ ਚਮਤਕਾਰ ਦਿਖਾਏ। ਅੰਤ ਵਿਚ ਜਿੱਤ ਸ੍ਰੀ ਗੁਰੂ ਹਰਿਗੋਬਿੰਦ ਨੂੰ ਪ੍ਰਾਪਤ ਹੋਈ। ਇਸ ਯੁੱਧ ਵਿਚ ਵਿਰੋਧੀ ਸੈਨਾ ਦਾ ਪ੍ਰਸਿੱਧ ਯੋਧਾ ਪੈਂਦੇ ਖਾਂ ਮਾਰਿਆ ਗਿਆ।

ਬਾਲਕ ਤੇਗ਼ ਬਹਾਦਰ ਉਪਰ ਇਸ ਯੁੱਧ ਦਾ ਪ੍ਰਭਾਵ ਪਿਆ, ਉਸ ਨੇ ਆਪਣੇ ਸਾਹਮਣੇ ਸੈਨਿਕਾਂ ਨੂੰ ਮਰਦੇ ਦੇਖਿਆ। ਮਨੁੱਖ ਜੀਵਨ ਦੀ ਛਿੰਨ-ਭੰਗੁਰਤਾ ਬਾਲਕ ਤੇਗ਼ ਬਹਾਦਰ ਦੇ ਦਿਮਾਗ ਉੱਪਰ ਆਪਣਾ ਅਸਰ ਕਰ ਗਈ। ਇਸ ਸਮੇਂ ਯੁਵਕ ਤੇਗ਼ ਬਹਾਦਰ ਦੇ ਕੁਝ ਰਿਸ਼ਤੇਦਾਰਾਂ ਦੀ ਮੌਤ ਵੀ ਹੋਈ। ਇਸ ਯੁੱਧ ਦੇ ਉਪਰਾਂਤ ਯੁਵਕ ਦਾ ਮਨ ਅਧਿਆਤਮਕ ਚਿੰਤਨ ਵੱਲ ਹੋਰ ਅਧਿਕ ਹੋ ਗਿਆ।

ਕੁਝ ਸਾਲਾਂ ਤੋਂ ਬਾਅਦ ਗੁਰੂ ਹਰਿਗੋਬਿੰਦ ਨੇ ਸਿੱਖ-ਸ਼ਕਤੀ ਨੂੰ ਸੰਗਠਿਤ ਕਰਨ ਲਈ ਯੁੱਧ ਸਥਾਨ ਤੋਂ ਦੂਰ ਰਹਿਣ ਦਾ ਇਰਾਦਾ ਕੀਤਾ। ਉਸ ਸਮੇਂ ਉਨ੍ਹਾਂ ਨੂੰ ਬਿਲਾਸਪੁਰ ਰਿਆਸਤ ਦੇ ਰਾਜਾ ਕਲਿਆਣ ਚੰਦਰ ਦਾ ਨਿਮੰਤਰਣ ਪੱਤਰ ਪ੍ਰਾਪਤ ਹੋਇਆ। ਉਹ ਆਪਣੇ ਪਰਿਵਾਰ-ਸਹਿਤ ਬਿਲਾਸਪੁਰ ਚਲ ਪਏ। ਉਥੇ ਇਕ ਨਵੇਂ ਨਗਰ-ਕੀਰਤਪੁਰ ਦੀ ਨੀਂਹ ਰੱਖੀ, ਜੋ ਕਿ ਸਿੱਖ ਧਰਮ ਦਾ ਪ੍ਰਧਾਨ ਕੇਂਦਰ ਦੇ ਰੂਪ ਵਿਚ ਵਿਕਸਿਤ ਹੋਣ ਲੱਗਾ। ਬਾਲਕ ਤੇਗ਼ ਬਹਾਦਰ ਵੀ ਗੁਰੂ ਹਰਿਗੋਬਿੰਦ ਦੇ ਨਾਲ ਕੀਰਤਪੁਰ ਚਲੇ ਗਏ। ਬਾਲਕ ਤੇਗ਼ ਬਹਾਦਰ ਕਰੀਬ ਦਸ ਸਾਲ ਕੀਰਤਪੁਰ ਵਿਚ ਰਹੇ। ਇਸ ਸਮੇਂ ਇਨ੍ਹਾਂ ਦੇ ਸਿੱਖਿਅਕ ਬਾਬਕ ਅਤੇ ਜੋਧਾਮਲ ਜੀ ਦਾ ਦੇਹਾਂਤ ਹੋਇਆ। ਇਨ੍ਹਾਂ ਦੁਖਦਾਈ ਘਟਨਾਵਾਂ ਨੇ ਬਾਲਕ ਤੇਗ਼ ਬਹਾਦਰ ਨੂੰ ਅਧਿਆਤਮਕਤਾ ਵੱਲ ਪ੍ਰੇਰਿਤ ਕੀਤਾ। ਇਨ੍ਹਾਂ ਦਾ ਜੀਵਨ ਵੈਰਾਗਮਈ ਹੋ ਗਿਆ। ਬਾਲਕ ਤੇਗ਼

ਬਹਾਦਰ ਦੀ ਅਜਿਹੀ ਮਾਨਸਿਕ ਸਥਿਤੀ ਦੇਖ ਕੇ ਗੁਰੂ ਹਰਿਗੋਬਿੰਦ ਨੇ ਆਪਣੇ ਪੋਤਰੇ ਹਰਿਰਾਇ ਨੂੰ ਗੁਰ-ਗੱਦੀ ਦੇ ਯੋਗ ਸਮਝਿਆ। ਬਾਲਕ ਹਰਿਰਾਇ ਵਿਚ ਲੋਕਾਂ ਨੂੰ ਸੰਗਠਨ ਕਰਨ ਅਤੇ ਸੈਨਿਕ ਰੂਪ ਵਿਚ ਸ਼ਕਤੀਸ਼ਾਲੀ ਬਨਾਉਣ ਦੀ ਯੋਗਤਾ ਨੂੰ ਦੇਖ ਕੇ ਉਨ੍ਹਾਂ ਨੂੰ ਗੁਰ-ਗੱਦੀ ਤੇ ਬਿਠਾਇਆ। ਗੁਰੂ ਦੇਵ ਨੇ ਹਰਿਰਾਇ ਨੂੰ ਗੁਰ-ਗੱਦੀ ਤੇ ਬਿਰਜਮਾਨ ਕਰਦੇ ਸਮੇਂ ਉਸ ਨੂੰ ਸ਼ਸਤਰ, ਘੋੜੇ ਆਦਿ ਰੱਖਣ ਦਾ ਉਪਦੇਸ਼ ਦਿੱਤਾ।

ਸੈਨਾ ਦੋ ਸੌ ਦੋ ਹਜ਼ਾਰ॥ ਰਾਖੋ ਸੰਗ ਸੁਚੇਤ ਧਾਰ॥

ਬਾਲਕ ਤੇਗ਼ ਬਹਾਦਰ ਨੇ ਗੁਰ-ਗੱਦੀ ਨਾ ਮਿਲਣ ਤੇ ਕੋਈ ਗੁੱਸਾ ਨਾ ਕੀਤਾ ਬਲਕਿ ਆਪਣਾ ਬਹੁਤਾ ਸਮਾਂ ਅਕਾਲ ਪੁਰਖ ਦੀ ਅਰਾਧਨਾ ਵਿਚ ਬਿਤਾਉਣ ਲੱਗ ਪਏ। ਪਰੰਤੂ ਤੇਗ ਬਹਾਦਰ ਨੂੰ ਗੁਰ-ਗੱਦੀ ਨਾ ਦਿੱਤੇ ਜਾਣ ਤੇ ਉਨ੍ਹਾਂ ਦੀ ਮਾਤਾ ਨੇ ਬਹੁਤ ਰੋਸ ਪ੍ਰਗਟ ਕੀਤਾ। ਇਸ ਰੋਸ ਨੂੰ ਸੁਣ ਕੇ ਛੇਵੇਂ ਪਾਤਸ਼ਾਹ ਨੇ ਇਨ੍ਹਾਂ ਦੀ ਮਾਤਾ ਨੂੰ ਕਿਹਾ ਕਿ ਇਨ੍ਹਾਂ ਨੂੰ ਗੁਰਗੱਦੀ ਮਿਲਣ ਦਾ ਸਮਾਂ ਅਜੇ ਆਉਣਾ ਹੈ।

ਗੁਰੂ ਹਰਿਗੋਬਿੰਦ ਨੇ ਮਹਾਂ ਪ੍ਰਸਥਾਨ ਕਰਨ ਤੋਂ ਪਹਿਲਾਂ ਬਾਲਕ ਤੇਗ਼ ਬਹਾਦਰ ਅਤੇ ਮਾਤਾ ਨਾਨਕੀ ਨੂੰ ਬਾਬਾ ਬਕਾਲਾ (ਜ਼ਿਲ੍ਹਾ ਅੰਮ੍ਰਿਤਸਰ) ਵਿਚ ਰਹਿਣ ਦਾ ਆਦੇਸ਼ ਦਿੱਤਾ। ਇਸ ਸਮੇਂ ਤੇਗ਼ ਬਹਾਦਰ ਦੀ ਉਮਰ 23 ਸਾਲ ਦੀ ਸੀ।

ਤੇਗ਼ ਬਹਾਦਰ ਪਰਿਵਾਰ ਸਮੇਤ ਬਾਬਾ ਬਕਾਲਾ ਸੰਨ 1644 ਈ. ਵਿਚ ਪਹੁੰਚੇ। ਇਥੇ ਇਨ੍ਹਾਂ ਨੇ ਲਗਭਗ ਵੀਹ ਸਾਲ ਅਕਾਲ ਪੁਰਖ ਦੇ ਨਾਮ ਸਿਮਰਨ ਅਤੇ ਕੀਰਤਨ ਵਿਚ ਲਗਾਏ ਸਨ। ਇਨ੍ਹਾਂ ਦੀ ਪਵਿੱਤਰ ਹਿਰਦੇ ਨਾਲ ਕੀਤੀ ਗਈ ਉਪਾਸਨਾ ਤੋਂ ਪਰਮਾਤਮਾ ਬਹੁਤ ਪ੍ਰਸੰਨ ਹੋਏ। ਇਸ ਸਮੇਂ ਤੇਗ਼ ਬਹਾਦਰ ਜੀ ਦੀ ਆਤਮਾ ਪਰਮਾਤਮਾ ਨਾਲ ਮਿਲਾਪ ਕਰ ਚੁੱਕੀ ਸੀ। ਬਾਬਾ ਬਕਾਲਾ ਵਿਚ ਰਹਿੰਦੇ ਸਮੇਂ ਤੇਗ਼ ਬਹਾਦਰ ਸਮਾਂ ਮਿਲਣ ਤੇ ਲੋਕਾਂ ਨੂੰ ਮਿਲਦੇ ਅਤੇ ਕਦੀ-ਕਦੀ ਸ਼ਿਕਾਰ ਖੇਡਣ ਲਈ ਵੀ ਜਾਇਆ ਕਰਦੇ ਸਨ। ਇਸ ਪ੍ਰਕਾਰ ਇਨ੍ਹਾਂ ਦਾ ਜੀਵਨ ਮੁੱਖ ਰੂਪ ਵਿਚ ਪਰਮਾਤਮਾ ਦੀ ਭਗਤੀ ਵਿਚ ਹੀ ਬਤੀਤ ਹੁੰਦਾ ਸੀ।

ਇਸੀ ਸਮੇਂ ਗੁਰੂ ਹਰਿਰਾਏ ਆਪਣੇ ਛੋਟੇ ਸਾਹਿਬਜ਼ਾਦੇ ਹਰਿਕ੍ਰਿਸ਼ਨ ਨੂੰ ਗੁਰਗੱਦੀ ਤੇ ਬਿਰਾਜਮਾਨ ਕਰਕੇ 6 ਅਕਤੂਬਰ ਸੰਨ 1661 ਈ. ਵਿਚ ਜੋਤੀ ਜੋਤ ਵਿਚ ਲੀਨ ਹੋ ਗਏ। ਹਰਿਕ੍ਰਿਸ਼ਨ ਜੀ ਸਿੱਖਾਂ ਦੇ ਅੱਠਵੇਂ ਗੁਰੂ ਸਨ। ਇਨ੍ਹਾਂ ਨੇ ਗੁਰੂ ਨਾਨਕ ਦੇ ਅਧਿਆਤਮਕ ਸਿਧਾਂਤਾਂ ਨੂੰ ਵਿਵਹਾਰਿਕ ਬਨਾਉਣ ਵਿਚ ਪੂਰਣ ਸਫਲਤਾ ਪ੍ਰਾਪਤ ਕੀਤੀ। ਇਨ੍ਹਾਂ ਦੇ ਸੇਵਾ ਆਦਿ ਗੁਣਾਂ ਤੋਂ ਸਾਧਾਰਣ ਵਿਅਕਤੀ ਤੋਂ ਲੈ ਕੇ ਰਾਜਾ ਜੈ ਸਿੰਘ ਤੱਕ ਬਹੁਤ ਪ੍ਰਭਾਵਿਤ ਹੋਏ ਅਤੇ ਇਨ੍ਹਾਂ ਦੇ ਪ੍ਰਸ਼ੰਸਕ ਬਣੇ। ਗੁਰੂ ਹਰਿਕ੍ਰਿਸ਼ਨ ਨੇ ਮਹਾਂ ਪ੍ਰਸਥਾਨ ਤੋਂ ਪਹਿਲਾਂ ਸਿੱਖਾਂ ਨੂੰ ਇੱਕਠਿਆਂ ਕੀਤਾ ਅਤੇ ਉਨ੍ਹਾਂ ਨੂੰ ਆਦੇਸ਼ ਦਿੱਤਾ ਕਿ "ਬਾਬਾ ਬਕਾਲਾ" ਵਿਚ ਤਪੱਸਿਆ ਵਿਚ ਲੀਨ ਤੇਗ਼ ਬਹਾਦਰ ਜੀ ਗੁਰੂ ਨਾਨਕ ਦੀ ਅਧਿਆਤਮਕ-ਗੱਦੀ ਦੇ ਭਾਵੀ ਸੁਆਮੀ ਹੋਣਗੇ।

ਗੁਰੂ ਹਰਿਕ੍ਰਿਸ਼ਨ ਦੇ "ਬਾਬਾ ਬਕਾਲਾ" ਦੇ ਸੰਕੇਤ ਨੂੰ ਪ੍ਰਾਪਤ ਕਰਕੇ ਸਿੱਖ ਸੰਗਤ ਬਾਬਾ ਬਕਾਲਾ ਨਵੇਂ ਗੁਰੂ ਨੂੰ ਗੁਰ-ਗੱਦੀ ਤੇ ਬਿਰਾਜਮਾਨ ਕਰਨ ਲਈ ਪਹੁੰਚੀ। ਇੱਧਰ ਇਹ ਸੂਚਨਾ ਮਿਲਦੇ ਹੀ, ਗੁਰੂ ਪਰਿਵਾਰ ਨਾਲ ਸੰਬੰਧਤ ਧੀਰਮੱਲ ਅਤੇ 22 ਹੋਰ ਸੋਢੀ ਵੰਸ਼ ਦੇ ਸਾਧ ਆਪਣੇ-ਆਪ ਨੂੰ ਗੁਰੂ ਘਰ ਦਾ ਉਤਰਾਧਿਕਾਰੀ ਘੋਸ਼ਿਤ ਕਰਕੇ ਆਪਣੀ ਗੱਦੀ ਜਮਾ ਕੇ ਬੈਠ ਗਏ।

ਸਾਰੀ ਸਿੱਖ ਸੰਗਤ ਨੂੰ ਇਹਨਾਂ 22 ਸਾਧੂਆਂ ਵਿਚ ਹੰਕਾਰ ਦੀ ਭਾਵਨਾ ਦਿਖਾਈ ਦਿੱਤੀ। ਇਨ੍ਹਾਂ ਵਿਚੋਂ ਕਿਸੇ ਵਿਚ ਵੀ ਗੁਰੂ ਨਾਨਕ ਦੀ ਜੋਤੀ ਨਜ਼ਰ ਨਹੀਂ ਸੀ ਆਉਂਦੀ। ਉਨ੍ਹਾਂ ਨੇ ਕੁਝ ਸੋਚ-ਵਿਚਾਰ ਕਰਨ ਤੋਂ ਬਾਅਦ ਬਾਬਾ ਬਕਾਲਾ ਦੇ ਨਿਵਾਸੀਆਂ ਤੋਂ ਕਿਸੇ ਹੋਰ ਸੰਤ ਮਹਾਤਮਾ ਬਾਰੇ ਪੁੱਛਿਆ। ਲੋਕਾਂ ਨੇ ਇਕ ਅਜਿਹੇ ਸੰਤ ਮਹਾਤਮਾ ਦੇ ਸੰਬੰਧ ਵਿਚ ਦੱਸਿਆ ਜੋ ਗੁਰੂ ਨਾਨਕ ਦੇ ਉਪਦੇਸ਼ਾਂ ਦਾ ਪ੍ਰਚਾਰ ਕਰਦਾ ਹੈ ਅਤੇ ਆਪਣਾ ਅਧਿਕ ਸਮਾਂ ਇਕਾਂਤ ਵਿਚ ਬਤੀਤ ਕਰਦਾ ਹੈ। ਮੱਖਣ ਸ਼ਾਹ ਦੇ ਨਾਲ ਸਿੱਖ-ਸੰਗਤ ਉਨ੍ਹਾਂ ਦੇ ਕੋਲ ਪਹੁੰਚੀ। ਮੱਖਣ ਸ਼ਾਹ ਉਨ੍ਹਾਂ ਦੇ ਚਿਹਰੇ ਦੀ ਅਲੌਕਿਕ ਆਭਾ ਤੋਂ ਬਹੁਤ ਪ੍ਰਭਾਵਿਤ ਹੋਇਆ। ਉਸਨੂੰ ਸੰਤ ਮਹਾਤਮਾ ਨਾਲ ਵਾਰਤਾਲਾਪ ਕਰਨ ਤੋਂ ਪਤਾ ਲੱਗਦਾ ਹੈ ਕਿ ਇਹ ਉਹੀ ਮਹਾਂਪੁਰਸ਼ ਹਨ ਜਿਸ ਵੱਲ ਗੁਰੂ ਹਰਿਕ੍ਰਿਸ਼ਨ ਨੇ ਸੰਕੇਤ ਕੀਤਾ ਸੀ। ਮੱਖਣ ਸ਼ਾਹ ਨੇ ਸੱਚੇ ਤੇ ਵਾਸਤਵਿਕ ਵਿਅਕਤੀ ਨੂੰ ਲੱਭ ਲਿਆ। ਉਹ ਖੁਸ਼ੀ ਨਾਲ ਬੋਲ ਉਠਿਆ-

ਉਥੇ ਚੜ੍ਹ ਮੰਦਰ ਫੇਰ ਸੁਨਾਇਆ।
ਆਵੋ ਸਿੱਖੋ ਮੈਂ ਸਤਿਗੁਰ ਲੱਧਾ।
ਜਾਕੀ ਮਹਿਮਾ ਅਗਮ ਅਗਾਧਾ।

ਇਸ ਸਮੇਂ ਗਿਆਨੀ ਦਰਗਾਹ ਮੱਲ ਅਤੇ ਮਾਤਾ ਸੁਲੱਖਣੀ ਵੀ ਗੁਰੂ ਹਰਿਕ੍ਰਿਸ਼ਨ ਦੇ ਸੰਕੇਤ ਨੂੰ ਪ੍ਰਾਪਤ ਕਰਕੇ ਬਾਬਾ ਬਕਾਲਾ ਪਹੁੰਚ ਗਏ। ਉਹ ਮਾਤਾ ਨਾਨਕੀ ਜੀ ਨੂੰ ਮਿਲੇ। ਮਾਤਾ ਨਾਨਕੀ ਜੀ ਨੇ ਦੱਸਿਆ ਕਿ ਇਥੇ ਕੁਝ ਦਿਨਾਂ

ਤੋਂ ਧਰਿਮਲ, ਹਰਿ ਜੀ, ਮੀਠਾ ਆਦਿ ਆਪਣੇ ਆਪ ਨੂੰ ਗੁਰਗੱਦੀ ਦੇ ਉਤਰਾਧਿਕਾਰੀ ਘੋਸ਼ਿਤ ਕਰ ਰਹੇ ਹਨ। ਦਰਗਾਹ ਮੱਲ ਨੇ ਇਸ ਤੋਂ ਸੰਕੇਤ ਪ੍ਰਾਪਤ ਕਰਕੇ ਅੰਮ੍ਰਿਤਸਰ ਆਦਿ ਸ਼ਹਿਰਾਂ ਦੇ ਪ੍ਰਸਿੱਧ ਸਿੱਖਾਂ ਨੂੰ ਪੱਤਰ ਲਿਖਿਆ। ਮਾਤਾ ਨਾਨਕੀ ਦੇ ਆਦੇਸ਼ ਨਾਲ ਦੁਆਰਕਾ ਦਾਸ ਅੰਮ੍ਰਿਤਸਰ ਦੇ ਮਹਾਨ ਗਿਆਨੀ ਗੜਿਆ ਜੀ ਨੂੰ ਲੈ ਕੇ ਬਾਬਾ ਬਕਾਲਾ ਪਹੁੰਚਿਆ। ਇਨ੍ਹਾਂ ਲੋਕਾਂ ਨੇ ਵਿਰਾਟ ਸਭਾ ਦਾ ਆਯੋਜਨ ਕਰਕੇ ਸਾਰੀ ਜਨ-ਸਾਧਾਰਣ ਨੂੰ ਤੇਗ਼ ਬਹਾਦਰ ਜੀ ਨੂੰ ਗੁਰੂ ਬਣਾਉਣ ਦੀ ਸੂਚਨਾ ਦਿੱਤੀ। ਪ੍ਰੋ. ਸਾਹਿਬ ਸਿੰਘ ਅਨੁਸਾਰ ਗੁਰੂ ਜੀ ਅਗਸਤ 1644 ਈ. ਵਿਚ ਗੁਰੂ ਪਦ ਉੱਤੇ ਬਿਰਾਜਮਾਨ ਹੋਏ। ਸੋਹਣ ਸਿੰਘ ਸੀਤਲ ਅਨੁਸਾਰ ਇਹ ਮਿਤੀ 20 ਮਾਰਚ ਸੰਨ 1664 ਹੈ। ਪ੍ਰਸਿੱਧ ਇਤਿਹਾਸਕਾਰ ਗੋਕਲ ਚੰਦ ਨਾਰੰਗ ਅਗਸਤ ਸੰਨ 1644 ਈ. ਹੀ ਮੰਨਦੇ ਹਨ। ਪਰੰਤੂ ਸਰੂਪ ਦਾਸ ਭੱਲਾ ਦੇ ਅਨੁਸਾਰ ਗੁਰੂ ਘਰ ਦੇ ਸੇਵਕ ਦੁਆਰਕਾ ਦਾਸ ਨੇ ਗੋਇੰਦਵਾਲ ਨਗਰ ਤੋਂ ਬਹੁਤ ਵੱਡੀ ਸੰਗਤ ਲੈ ਕੇ ਅਤੇ ਮਾਤਾ ਨਾਨਕੀ ਅਤੇ ਭਾਈ ਗੜੀਆ ਜੀ ਦੀ ਮੌਜੂਦਗੀ ਵਿਚ ਬਕਾਲਾ ਨਗਰ ਵਿਚ ਆ ਕੇ ਗੁਰੂ ਤੇਗ਼ ਬਹਾਦਰ ਜੀ ਦੀ ਝੋਲੀ ਵਿਚ ਨਾਰੀਅਲ ਅਤੇ ਮੱਥੇ ਉੱਤੇ ਗੁਰ-ਗੱਦੀ ਦਾ ਤਿਲਕ ਲਗਾਇਆ। ਸ੍ਰੀ ਗੁਲਾਬ ਸਿੰਘ ਨੇ ਆਪਣੀ ਪ੍ਰਸਿੱਧ ਕਿਰਤ "ਸ਼ਹੀਦੀ ਪ੍ਰਸੰਗ" ਵਿਚ ਤੇਗ਼ ਬਹਾਦਰ ਦੇ ਗੁਰੂ-ਪਦ ਉੱਪਰ ਬਿਰਾਜਮਾਨ ਹੋਣ ਦੇ ਸੰਬੰਧ ਵਿਚ ਲਿਖਿਆ ਹੈ-

ਤਬ ਮੰਜੀ ਸਭ ਹੀ ਛਿਪ ਗਈ,
ਤੇਜ ਤਰਨ ਤੇ ਜਿਉਂ ਨਸ ਗਈ।
ਯੋਗ ਪ੍ਰਗਟੇ ਗੁਰ ਤੇਗ ਬਹਾਦਰ,
ਜਨ ਆਪਣੇ ਦੀ ਰਾਖੀ ਚਾਦਰ।

ਗੁਰੂ ਤੇਗ਼ ਬਹਾਦਰ ਗੁਰ-ਗੱਦੀ ਉੱਤੇ ਬਿਰਾਜਮਾਨ ਹੋਣ ਤੋਂ ਬਾਦ ਸਿੱਖ-ਧਰਮ ਸਥਾਨਾਂ ਨੂੰ ਦੇਖਣ ਲਈ ਚੱਲ ਪਏ। ਪਹਿਲਾਂ ਗੁਰੂ ਸਾਹਿਬ ਅੰਮ੍ਰਿਤਸਰ ਗਏ ਜਿਵੇਂ ਹੀ ਹਰਿਮੰਦਰ ਦੇ ਪੁਜਾਰੀਆਂ ਨੂੰ ਪਤਾ ਲੱਗਾ ਕਿ ਗੁਰੂ ਦੇਵ ਗੁਰਦੁਆਰੇ ਦੇ ਦਰਸ਼ਨ ਕਰਨ ਆ ਰਹੇ ਹਨ, ਉਨ੍ਹਾਂ ਗੁਰੂ ਸਾਹਿਬ ਦੇ ਆਉਣ ਤੋਂ ਪਹਿਲਾਂ ਹੀ ਗੁਰਦੁਆਰੇ ਦੇ ਦਰਵਾਜੇ ਬੰਦ ਕਰ ਦਿੱਤੇ। ਪੁਜਾਰੀਆਂ ਦੇ ਮਨ ਵਿਚ ਇਹ ਡਰ ਬੈਠ ਗਿਆ ਕਿ ਜੇਕਰ ਗੁਰੂ ਦੇਵ ਗੁਰਦੁਆਰੇ ਵਿਚ ਪ੍ਰਵੇਸ਼ ਕਰ ਗਏ ਤਾਂ ਉਨ੍ਹਾਂ ਦੇ ਹੱਥਾਂ ਵਿਚੋਂ ਸਾਰੀ ਦੌਲਤ ਚਲੀ ਜਾਵੇਗੀ। ਉਨ੍ਹਾਂ ਨੂੰ ਆਪਣਾ ਸਨਮਾਨ ਘੱਟ ਜਾਣ ਦਾ ਸ਼ੱਕ ਹੋਣ ਲੱਗਾ।

ਗੁਰੂ ਦੇਵ ਨੇ ਮਸੰਦਾਂ ਦੇ ਬੁਰੇ ਵਿਚਾਰ ਪ੍ਰਤੀ ਗੁੱਸਾ ਪ੍ਰਗਟ ਨਹੀਂ ਕੀਤਾ ਅਤੇ ਨਾ ਹੀ ਇਸ ਨੂੰ ਕੋਈ ਮਹੱਤਵ ਦਿੱਤਾ। ਉਹ ਦਰਬਾਰ ਸਾਹਿਬ (ਹਰਿਮੰਦਰ ਸਾਹਿਬ) ਦੇ ਨਜਦੀਕੀ ਸਥਾਨ ਉੱਪਰ ਰਹਿ ਕੇ ਗੁਰੂ ਨਾਨਕ ਦੇ ਉਪਦੇਸ਼ ਦਾ ਪ੍ਰਚਾਰ ਕਰਨ ਲੱਗੇ। ਉੱਥੇ ਹੀ ਅੱਜ ਕੱਲ "ਥੜ੍ਹਾ ਸਾਹਿਬ" ਨਾਮਕ ਗੁਰਦੁਆਰਾ ਸਥਿਤ ਹੈ। ਉਥੇ ਲੋਕ ਇੱਕਠੇ ਹੋ ਕੇ ਗੁਰੂ ਜੀ ਦੇ ਉਪਦੇਸ਼ ਸੁਨਣ ਲੱਗੇ ਅਤੇ ਆਪਣੇ ਜੀਵਨ ਨੂੰ ਸਫਲ ਬਨਾਉਣ ਲੱਗੇ। ਗੁਰੂ ਜੀ ਦੇ ਕ੍ਰਾਂਤੀਕਾਰੀ ਵਿਚਾਰਾਂ ਦਾ ਅੰਮ੍ਰਿਤਸਰ ਦੇ ਨਿਕਟਵਰਤੀ ਸਥਾਨਾਂ ਦੇ ਲੋਕਾਂ ਉੱਪਰ ਬਹੁਤ ਪ੍ਰਭਾਵ ਪਿਆ। ਸਿੱਖਾਂ ਨੇ ਇਹ ਅਨੁਭਵ ਕੀਤਾ ਕਿ ਗੁਰੂ ਜੀ ਦੇ ਨਾਲ ਪੂਰਣ ਆਦਰ-ਸਤਿਕਾਰ ਨਹੀਂ ਕੀਤਾ ਗਿਆ। ਮਸੰਦਾਂ ਵਿਚੋਂ ਵੀ ਅਧਿਕ ਨੇ ਗੁਰੂ ਜੀ ਦੇ ਪ੍ਰਤੀ ਕੀਤੀ ਅਨਿਆਇ ਦੇ ਪ੍ਰਤੀ ਪਸ਼ਚਾਤਾਪ ਕੀਤਾ। ਹਰੀਆ ਜੀ ਦੇ ਅਨੁਰੋਧ ਉੱਪਰ ਅੰਮ੍ਰਿਤਸਰ ਤੋਂ ਗੁਰੂ ਜੀ ਵੱਲਾ ਨਾਮਕ ਪਿੰਡ ਵਿਚ ਧਾਰਮਿਕ ਉਪਦੇਸ਼ ਦੇਣ ਗਏ। ਇਨ੍ਹਾਂ ਦੇ ਉਪਦੇਸ਼ਾਂ ਤੋਂ ਲੋਕ ਬਹੁਤ ਪ੍ਰਭਾਵਿਤ ਹੋਏ ਅਤੇ ਉਨ੍ਹਾਂ ਦੇ ਸੇਵਕ ਬਣਦੇ ਗਏ।

ਅੰਮ੍ਰਿਤਸਰ ਤੋਂ ਗੁਰੂ ਜੀ ਗੋਇੰਦਵਾਲ ਸਾਹਿਬ ਹੁੰਦੇ ਹੋਏ ਬਿਆਸ ਪਹੁੰਚੇ। ਇਨ੍ਹਾਂ ਸਭ ਸਥਾਨਾਂ ਤੇ ਸ਼ਰਧਾਲੂਆਂ ਨੇ ਇਨ੍ਹਾਂ ਨੂੰ ਪੂਰਣ ਸਨਮਾਨ ਦਿੱਤਾ। ਇਨ੍ਹਾਂ ਦੇ ਦਰਸ਼ਨਾਂ ਲਈ ਲੋਕਾਂ ਦੀ ਭੀੜ ਵੱਧਣ ਲੱਗੀ। ਇਨ੍ਹਾਂ ਨੂੰ ਕਈ ਪ੍ਰਕਾਰ ਦੀਆਂ ਕੀਮਤੀ ਵਸਤੂਆਂ ਭੇਂਟ ਦੇ ਰੂਪ ਵਿਚ ਮਿਲਣ ਲੱਗੀਆਂ। ਕੁਝ ਸਮੇਂ ਤੋਂ ਬਾਅਦ ਇਹ ਕੀਰਤਪੁਰ ਸਾਹਿਬ ਗਏ। ਪਰੰਤੂ ਉਥੇ ਉਹ ਅਧਿਕ ਸਮਾਂ ਨਾ ਰਹਿ ਸਕੇ। ਇਸ ਦੇ ਮੁੱਖ ਕਾਰਨ ਸਨ-ਪਹਿਲਾਂ ਗੁਰੂ ਜੀ ਦੇ ਨਿਕਟਵਰਤੀ ਲੋਕ ਇਨ੍ਹਾਂ ਦੀ ਵੱਧਦੀ ਸ਼ਾਖ ਦੇਖ ਕੇ ਈਰਖਾ ਕਰਨ ਲੱਗੇ ਸਨ। ਦੂਸਰੀ, ਗੁਰੂ ਜੀ ਸਿੱਖ ਧਰਮ ਦਾ ਪ੍ਰਚਾਰ ਕਰਨਾ ਚਾਹੁੰਦੇ ਸਨ ਜੋ ਕਿ ਉੱਥੇ ਰਹਿ ਕੇ ਭਲੀ-ਭਾਂਤ ਨਹੀਂ ਹੋ ਸਕਦਾ ਸੀ। ਕਨਿੰਘਮ ਆਪਣੇ ਪ੍ਰਸਿੱਧ ਗ੍ਰੰਥ "ਸਿੱਖਾਂ ਦਾ ਇਤਿਹਾਸ" ਵਿਚ ਲਿਖਦੇ ਹਨ ਕਿ ਗੁਰੂ ਤੇਗ਼ ਬਹਾਦਰ ਨੇ ਇਹ ਅਨੁਭਵ ਕਰ ਲਿਆ ਸੀ ਕਿ ਮੁਗਲ ਸ਼ਾਸਕਾਂ ਦੀ ਸੰਪਰਦਾਇਕ ਹਿੰਸਕ ਨੀਤੀ ਦੇ ਕਾਰਣ ਸਿੱਖ ਧਰਮ ਦੇ ਪ੍ਰਚਾਰ ਲਈ ਕੋਈ ਸੁਰੱਖਿਅਤ ਸਥਾਨ ਨੂੰ ਕੇਂਦਰ ਬਣਾਇਆ ਜਾਣਾ ਚਾਹੀਦਾ ਹੈ, ਜਿਸ ਨਾਲ ਸਿੱਖ ਧਰਮ ਅੱਗੇ ਵੱਧ ਸਕੇ। ਇਸ ਦ੍ਰਿਸ਼ਟੀਕੋਣ ਨੂੰ ਮੁੱਖ ਰੱਖ ਕੇ ਗੁਰੂ ਦੇਵ ਨੇ ਕੀਰਤਪੁਰ ਤੋਂ ਕੁਝ ਦੂਰ ਮਾਖੋਵਾਲ ਕਸਬੇ ਵਿਚ ਜ਼ਮੀਨ ਖ਼ਰੀਦ ਕੇ ਇਕ ਨਵੇਂ ਨਗਰ ਦੀ ਨੀਂਹ ਰੱਖੀ, ਜਿਸਦਾ ਨਾਮ ਆਪਣੀ ਮਾਤਾ ਜੀ ਦੇ ਨਾਮ ਉੱਪਰ "ਨਾਨਕੀ ਚੱਕ" ਰੱਖਿਆ, ਜੋ ਕਿ ਬਾਅਦ

ਵਿਚ ਆਨੰਦਪੁਰ ਸਾਹਿਬ ਦੇ ਨਾਮ ਨਾਲ ਪ੍ਰਸਿੱਧ ਹੋਇਆ। ਇਹ ਉਹੀ ਨਗਰ ਹੈ ਜਿੱਥੇ ਗੁਰੂ ਗੋਬਿੰਦ ਸਿੰਘ ਨੇ ਸੰਨ 1699 ਈ. ਵਿਚ ਨਿਰਾਲੇ ਖਾਲਸੇ ਦਾ ਨਿਰਮਾਣ ਕੀਤਾ। "ਨਾਨਕੀ ਚੱਕ" ਵਿਚ ਗੁਰੂ ਤੇਗ਼ ਬਹਾਦਰ "ਸੱਚੇ ਬਾਦਸ਼ਾਹ ਦੇ ਨਾਮ ਨਾਲ ਪ੍ਰਸਿੱਧ ਹੋਏ। ਇਨ੍ਹਾਂ ਦੇ ਦਰਬਾਰ ਵਿਚ ਦਰਗਾਹ ਮੱਲ ਦੇ ਸਪੁੱਤਰ ਮਤੀਦਾਸ ਨੂੰ ਦੀਵਾਨ ਦੇ ਪਦ ਉਪਰ ਬੈਠਾ ਦਿੱਤਾ ਗਿਆ। ਭਾਈ ਮਤੀਦਾਸ "ਗੁਰ ਦਰਬਾਰ" ਵਿਚ ਲੇਖਕ ਦੇ ਰੂਪ ਵਿਚ ਕੰਮ ਕਰਦੇ ਗਏ। ਗੁਰੂ ਜੀ ਦੀ ਸਿੱਖਿਆ ਤੋਂ ਪ੍ਰਭਾਵਿਤ ਹੋ ਕੇ ਇਨ੍ਹਾਂ ਦੇ ਸਿੱਖ ਬਣਦੇ ਗਏ। ਇਸ ਪ੍ਰਕਾਰ ਕੁਝ ਹੀ ਸਾਲਾਂ ਵਿਚ ਸੰਖਿਆ ਬਹੁਤ ਵੱਧ ਗਈ। ਇਨ੍ਹਾਂ ਦੇ ਉਪਦੇਸ਼ਾਂ ਦਾ ਪ੍ਰਭਾਵ ਹਿੰਦੂਆਂ ਅਤੇ ਮੁਸਲਮਾਨਾਂ ਉੱਪਰ ਵੀ ਪਿਆ ਅਤੇ ਉਹ ਉਨ੍ਹਾਂ ਨੂੰ ਅਵਤਾਰ ਅਤੇ ਪੈਗੰਬਰ ਦੇ ਰੂਪ ਵਿਚ ਸਨਮਾਨਿਤ ਕਰਨ ਲੱਗੇ। ਇਸ ਸਮੇਂ ਤੱਕ ਆਨੰਦਪੁਰ ਵਿਚ ਹੀ ਗੁਰੂ ਸਾਹਿਬ ਨੇ ਸਿੱਖ ਧਰਮ ਦੇ ਸੰਦੇਸ਼ ਨੂੰ ਸਾਰੇ ਭਾਰਤ ਵਿਚ ਫੈਲਾਉਣ ਦਾ ਨਿਸਚਾ ਕੀਤਾ।

ਤੇਗ਼ ਬਹਾਦਰ ਜੀ ਦੇ ਗੁਰੂ ਬਨਣ ਦੀਆਂ ਸ਼ੁਭ ਸੂਚਨਾਵਾਂ ਇਕਦਮ ਹੀ ਸਾਰੇ ਭਾਰਤ ਵਿਚ ਫੈਲ ਗਈਆਂ। ਗੁਰੂ ਜੀ ਤੋਂ ਪਹਿਲਾਂ ਅਨੇਕ ਸਿੱਖ ਸੰਗਤਾਂ ਉੱਤਰ ਭਾਰਤ ਦੇ ਅਨੇਕ ਦੇਸ਼ਾਂ ਵਿਚ ਬਣ ਚੁੱਕੀਆਂ ਸਨ। ਉੱਤਰ ਪ੍ਰਦੇਸ਼, ਬਿਹਾਰ, ਬੰਗਾਲ ਦੇ ਸਿੱਖਾਂ ਨੇ ਗੁਰੂ ਦਰਸ਼ਨ ਦੀ ਇੱਛਾ ਅਨੇਕਾ ਵਾਰ ਪ੍ਰਗਟ ਕੀਤੀ। ਇਨ੍ਹਾਂ ਦੇਸ਼ਾਂ ਦੇ ਸਿੱਖ ਜਦੋਂ ਵੀ ਪੰਜਾਬ ਆਉਂਦੇ, ਉਹ ਗੁਰੂ ਜੀ ਨੂੰ ਆਪਣੇ ਕੋਲ ਆਉਣ ਦਾ ਨਿਮੰਤਰਣ ਦਿੰਦੇ ਸਨ। ਗੁਰੂ ਜੀ ਨੇ ਅਨੁਭਵ ਕੀਤਾ ਕਿ ਗੁਰੂ ਨਾਨਕ ਦੇ ਮਾਰਗ ਦਾ ਹੋਰ ਅਧਿਕ ਪ੍ਰਚਾਰ ਕਰਨਾ ਚਾਹੀਦਾ ਹੈ। ਇਸੀ ਸਮੇਂ ਉਨ੍ਹਾਂ ਦੇ ਮਨ ਵਿਚ ਵਿਚਾਰ ਉਤਪੰਨ ਹੋਇਆ ਕਿ ਗੁਰੂ ਨਾਨਕ ਦੁਆਰਾ ਸੰਸਥਾਪਿਤ ਸੰਗਤਾਂ ਨੂੰ ਸੰਗਠਿਤ ਤੇ ਦ੍ਰਿੜ ਬਨਾਉਣਾ ਚਾਹੀਦਾ ਹੈ। ਇਸ ਉਦੇਸ਼ ਦੀ ਪੂਰਤੀ ਦੇ ਲਈ ਗੁਰੂ ਸਾਹਿਬ ਨੇ ਮਾਤਾ ਨਾਨਕੀ ਜੀ, ਪਤਨੀ ਗੁਜਰੀ ਜੀ ਅਤੇ ਮਾਮਾ ਕ੍ਰਿਪਾਲ ਚੰਦ ਜੀ ਨਾਲ ਪਹਿਲਾ ਪੜਾਉ ਸੈਫਾਬਾਦ ਦੇ ਨਵਾਬ ਸੈਫਦੀਨ ਦੇ ਘਰ ਕੀਤਾ। ਨਵਾਬ ਸੈਫਦੀਨ ਗੁਰੂ ਘਰ ਦਾ ਸ਼ਰਧਾਲੂ ਸੀ। ਇਸਨੇ ਆਪਣੀ ਬੇਗਮ ਸਹਿਤ ਗੁਰੂ ਪਰਿਵਾਰ ਦੀ ਬਹੁਤ ਸੇਵਾ ਕੀਤੀ। ਉਨ੍ਹਾਂ ਨੇ ਸ਼ਰਧਾਵਸ਼ ਹੋ ਕੇ ਗੁਰੂ ਜੀ ਨੂੰ ਤੰਬੂ, ਘੋੜੇ ਆਦਿ ਦੀ ਭੇਂਟ ਦਿੱਤੀ। ਜਿਸ ਨੂੰ ਗੁਰੂ ਜੀ ਨੇ ਸਵੀਕਾਰ ਕਰਦੇ ਹੋਏ ਉਪਦੇਸ਼ ਦਿੱਤਾ, ਪਰਮਾਤਮਾ ਨੂੰ ਹਮੇਸ਼ਾਂ ਯਾਦ ਕਰਨਾ, ਲੋਕਾਂ ਦੀ ਤਨ-ਮਨ-ਧਨ ਨਾਲ ਸੇਵਾ ਕਰਨਾ ਅਤੇ ਸ਼ੁਭ ਕਰਮਾਂ ਨੂੰ ਜੀਵਨ ਵਿਚ ਮਹੱਤਵਪੂਰਨ ਸਥਾਨ ਦੇਣਾ। ਉਥੋਂ ਗੁਰੂ ਦੇਵ ਕੈਥਲ, ਪਿਹੋਵਾ ਆਦਿ ਸਥਾਨਾਂ ਉਪਰ ਲੋਕਾਂ ਨੂੰ ਸੱਚ ਅਤੇ ਧਰਮ ਦਾ ਉਪਦੇਸ਼ ਦੇਂਦੇ ਹੋਏ ਕੁਰੂਕਸ਼ੇਤਰ ਵਿਚ ਪਹੁੰਚੇ। ਗੁਰੂ ਜੀ ਦੀ ਨਗਰ ਵਿਚ ਪਹੁੰਚਣ ਦੀ ਖ਼ਬਰ ਸੁਣਦੇ ਹੀ ਸਿੱਖ, ਹਿੰਦੂ ਆਦਿ ਇਨ੍ਹਾਂ ਦੇ ਦਰਸ਼ਨ ਕਰਨ ਲਈ ਆਉਣ ਲੱਗੇ। ਉੱਥੇ ਉਨ੍ਹਾਂ ਨੇ ਲੋਕਾਂ ਨੂੰ ਮਾਨਵਤਾ ਦਾ ਪਾਠ ਸਿਖਾਇਆ। ਦਿੱਲੀ ਜਾਂਦੇ ਹੋਏ ਗੁਰੂ ਜੀ ਨੇ ਸਾਤਵਿਕ ਉਦਾਸੀ ਵੈਸ਼ਨਵ ਸਾਧੂ ਭਾਈ ਮਲੂਕ ਦਾਸ ਦਾ ਉੱਧਾਰ ਕੀਤਾ। ਜੋ ਪਹਿਲਾਂ ਉਨ੍ਹਾਂ ਦੇ ਵੀਰ-ਭੇਸ ਨੂੰ ਦੇਖ ਕੇ ਉਨ੍ਹਾਂ ਦੀ ਅਧਿਆਤਮਕ ਸ਼ਕਤੀ ਨੂੰ ਨਾ ਪਹਿਚਾਣ ਸਕਿਆ, ਲੇਕਿਨ ਬਾਅਦ ਵਿਚ ਉਸ ਤੋਂ ਜਾਣੂ ਹੋ ਗਿਆ ਸੀ। ਇਸ ਤੋਂ ਬਾਅਦ ਭਾਈ ਮਲੂਕ ਦਾਸ ਨੇ ਗੁਰੂ ਜੀ ਦੇ ਚਰਨ ਛੂਹੇ ਅਤੇ ਇਕ ਗੁਰਬਾਣੀ ਸੰਬੰਧੀ ਪੁਸਤਕ ਦਿਤੀ, ਜੋ ਅੱਜ ਵੀ ਉਥੋਂ ਦੇ ਇਤਿਹਾਸਕ-ਸਮਾਰਗ ਵਿਚ ਸੁਰੱਖਿਅਤ ਹੈ।

ਇਸ ਤੋਂ ਬਾਅਦ ਗੁਰੂ ਜੀ ਸੱਚ ਧਰਮ ਦਾ ਪ੍ਰਚਾਰ ਕਰਦੇ ਹੋਏ ਦਿੱਲੀ ਪਹੁੰਚੇ। ਡਾ. ਤ੍ਰਿਲੋਚਨ ਸਿੰਘ, ਪ੍ਰੋ. ਪ੍ਰੀਤਮ ਸਿੰਘ ਗਿੱਲ ਆਦਿ ਵਿਦਵਾਨਾਂ ਦਾ ਇਹ ਮੱਤ ਹੈ। ਪਰੰਤੂ ਕਈ ਸਿੱਖ ਇਤਿਹਾਸਕਾਰ ਠਾਕਰ ਦੇਸਰਾਜ, ਗਿਆਨੀ ਗਿਆਨ ਸਿੰਘ, ਭਾਈ ਅਵਤਾਰ ਸਿੰਘ ਆਦਿ ਇਸ ਪੱਖ ਵਿਚ ਨਹੀਂ ਹਨ। ਰਾਜਾ ਜੈ ਸਿੰਘ ਖ਼ਬਰ ਮਿਲਦੇ ਹੀ ਗੁਰੂ ਜੀ ਦੇ ਕੋਲ ਗਏ ਅਤੇ ਉਨ੍ਹਾਂ ਨੂੰ ਆਪਣੇ ਮਹਿਲਾਂ ਵਿਚ ਲੈ ਆਏ। ਰਾਜਾ ਜੈ ਸਿੰਘ ਦੀ ਰਾਣੀ ਨੇ ਗੁਰੂ-ਪਰਿਵਾਰ ਦਾ ਹਾਰਦਿਕ ਸਵਾਗਤ ਕੀਤਾ। ਇਸੀ ਸਮੇਂ ਦਿੱਲੀ ਦਾ ਮਸ਼ਹੂਰ ਸਿੱਖ ਵਿਉਪਾਰੀ ਲੱਖੀ ਰਾਇ ਆਪਣੇ ਪਰਿਵਾਰ ਸਹਿਤ ਗੁਰੂ ਦੇਵ ਦੇ ਦਰਸ਼ਨ ਕਰਨ ਲਈ ਹਾਜ਼ਰ ਹੋਇਆ। ਗੁਰੂ ਜੀ ਨੇ ਉਨ੍ਹਾਂ ਨੂੰ ਸੱਚੇ ਆਚਰਨ ਅਤੇ ਪਰਉਪਕਾਰ ਕਰਨ ਦਾ ਉਪਦੇਸ਼ ਦਿੱਤਾ। ਦਿੱਲੀ ਵਿਚ ਕੁਝ ਸਪਤਾਹ ਰਹਿਣ ਤੋਂ ਬਾਅਦ ਗੁਰੂ ਜੀ ਹਿੰਦੂਆਂ ਦੇ ਪ੍ਰਸਿੱਧ ਸਥਾਨ ਮਥੁਰਾ ਗਏ। ਉਥੇ ਆਪ ਨੇ ਕੰਸ ਟਿੱਲੇ ਉੱਪਰ ਨਿਵਾਸ ਕੀਤਾ। ਉੱਥੋਂ ਗੁਰੂ ਜੀ ਵਿਰੰਦਾਵਨ ਵਿਚ ਭਗਵਾਨ ਸ੍ਰੀ ਕ੍ਰਿਸ਼ਨ ਦੇ ਲੀਲਾ ਸਥਾਨਾਂ ਦੇ ਦਰਸ਼ਨ ਕਰਕੇ ਆਗਰਾ ਨਗਰ ਵਿਚ ਠਹਿਰੇ। ਆਗਰਾ ਨਗਰ ਵਿਚ ਨੌਵੇਂ ਗੁਰੂ ਜੀ ਤੋਂ ਪਹਿਲਾਂ ਗੁਰੂ ਨਾਨਕ ਦੇਵ ਜੀ ਗੁਰੂ ਰਾਮਦਾਸ ਅਤੇ ਭਾਈ ਗੁਰਦਾਸ ਜੀ ਸਿੱਖ ਧਰਮ ਦੇ ਪ੍ਰਤੀਨਿਧ ਦੇ ਰੂਪ ਵਿਚ ਠਹਿਰ ਚੁੱਕੇ ਸਨ। ਇਕ ਧਰਮ ਸ਼ਰਧਾਲੂ ਸੇਵਕਾ ਮਾਈ ਜੱਸੀ ਨੇ ਗੁਰੂ ਜੀ ਨੂੰ ਦੋ ਦਿਨ ਲਈ ਉੱਥੇ ਠਹਿਰਾਇਆ। ਇਹ ਸਥਾਨ ਹੁਣ ਵੀ 'ਮਾਈਥਾਨ ਗੁਰੂ ਸਿਆਰਥ' ਦੇ ਨਾਮ ਨਾਲ ਪ੍ਰਸਿੱਧ ਹੈ। ਉਥੋਂ ਗੁਰੂ ਜੀ ਅਟਾਵਾ, ਕਾਨਪੁਰ, ਫਤਹਿਪੁਰ ਹੁੰਦੇ ਹੋਏ ਪ੍ਰਯਾਗ (ਇਲਾਹਾਬਾਦ) ਪਹੁੰਚੇ। ਪ੍ਰਯਾਗ ਹਿੰਦੂਆਂ ਦਾ ਪ੍ਰਸਿੱਧ ਤੀਰਥ ਅਸਥਾਨ ਹੈ। ਇਹ ਨਗਰ ਤਿੰਨ ਨਦੀਆਂ-ਗੰਗਾ,

ਜਮਨਾ ਅਤੇ ਸਰਸਵਤੀ ਦੇ ਸੰਗਮ ਦੇ ਕਾਰਣ ਤ੍ਰਿਬੇਣੀ ਦੇ ਨਾਮ ਨਾਲ ਪ੍ਰਸਿੱਧ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਿਤਾ ਜੀ ਦੀ ਪ੍ਰਯਾਗ ਤੀਰਥ-ਯਾਤਰਾ ਦਾ ਉਲੇਖ ਕੀਤਾ ਹੈ।

ਮੁਰ ਪਿਤਾ ਪੂਰਬ ਕੀਅਸ ਪਿਆਨਾ।
ਭਾਂਤ-ਭਾਂਤ ਕੇ ਤੀਰਥ ਨਾਨਾ।
ਜ਼ਬ ਹੀ ਜਾਤ ਤ੍ਰਿਬੇਣੀ ਭਏ।
ਪੁੰਨ ਦਾਨ ਦਿਨ ਕਰਤ ਬਿਤਏ।
ਤਹੀ ਪ੍ਰਕਾਸ਼ ਹਮਾਰਾ ਭਈਉ ॥
ਪਟਨਾ ਸ਼ਹਿਰ ਬਿਖੈ ਭਵ ਲਈਉ ॥

ਇਲਾਹਬਾਦ ਵਿਚ ਹੀ ਗੁਰੂ ਜੀ ਨੇ ਪਾਖੰਡੀ ਸਾਧੂਆਂ ਨੂੰ ਸੱਚ-ਧਰਮ ਦਾ ਉਪਦੇਸ਼ ਦਿੱਤਾ। ਉਨ੍ਹਾਂ ਨੂੰ ਆਡੰਬਰ ਵਾਲਾ ਜੀਵਨ ਤਿਆਗਣ ਲਈ ਕਿਹਾ ਅਤੇ ਪਵਿੱਤਰ ਹਿਰਦੇ ਨਾਲ ਪਰਮਾਤਮਾ-ਭਗਤੀ ਕਰਨ ਦਾ ਉਪਦੇਸ਼ ਦਿੱਤਾ। ਇਲਾਹਾਬਾਦ ਵਿਚ ਗੁਰੂ ਜੀ ਕਰੀਬ ਪੰਜ ਮਹੀਨੇ ਰਹੇ।

ਪ੍ਰਯਾਗ ਤੋਂ ਮਿਰਜਾਪੁਰ ਹੁੰਦੇ ਹੋਏ ਗੁਰੂ ਤੇਗ ਬਹਾਦਰ ਜੀ ਵਾਰਾਨਸੀ ਗਏ ਜੋ ਕਿ ਗੁਰੂ ਨਾਨਕ ਮਿਸ਼ਨ ਦਾ ਪ੍ਰਸਿੱਧ ਕੇਂਦਰ ਸੀ। ਉਥੇ ਗੁਰੂ ਜੀ ਦੀ ਵੈਸ਼ਨਵ-ਚਿੰਤਕਾਂ ਨਾਲ ਗੱਲਬਾਤ ਹੋਈ। ਇਨ੍ਹਾਂ ਦੇ ਅਧਿਆਤਮਕ ਗਿਆਨ ਤੋਂ ਸਾਧੂ-ਮਹਾਤਮਾ ਬਹੁਤ ਪ੍ਰਭਾਵਿਤ ਹੋਏ।

ਗੁਰੂ ਜੀ ਨੇ ਪ੍ਰਭੂ ਭਗਤੀ ਦੁਆਰਾ ਮੁਕਤੀ ਪ੍ਰਾਪਤ ਕਰਨ ਦਾ ਉਪਦੇਸ਼ ਲੋਕਾਂ ਨੂੰ ਦਿੱਤਾ-

ਜਾ ਮੈ ਭਜਨੁ ਰਾਮ ਕੋ ਨਾਹੀ,
ਤਿਹ ਨਰ ਜਨਮੁ ਅਕਾਰਥੁ ਖੋਇਆ
ਯਹ ਰਾਖਹੁ ਮਨ ਮਾਹੀ॥੧॥ ਰਹਾਉ ॥
ਤੀਰਖ ਕਰੈ ਬ੍ਰਤ ਫੁਨਿ ਰਾਖੈ
ਨਹ ਮਨੂਆ ਬਸਿ ਜਾ ਕੋ॥
ਨਿਹਫਲ ਧਰਮੁ ਤਾਹਿ ਤੁਮ ਮਾਨਹੁ
ਸਾਚੁ ਕਹਤ ਮੈ ਯਾ ਕਉ॥
ਜੈਸੇ ਪਾਹਨੁ ਜਲ ਮਹਿ ਰਾਖਿਓ
ਭੇਟੇ ਨਾਹਿ ਤਿਹ ਪਾਨੀ।
ਤੈਸੇ ਹੀ ਤੁਮ ਤਾਹਿ ਪਛਾਨਹੁ
ਭਗਤਿ ਹੀਨ ਜੋ ਪ੍ਰਾਨੀ।
ਕਲ ਮੈ ਮੁਕਤਿ ਨਾਮ ਤੇ ਪਾਵਤ,
ਗੁਰੁ ਯਹ ਭੇਦੁ ਬਤਾਵੈ।
ਕਹੁ ਨਾਨਕ ਸੋਈ ਨਰੁ ਗਰੂਆ
ਜੋ ਪ੍ਰਭ ਕੇ ਗੁਨ ਗਾਵੈ।

ਇਸ ਤਰ੍ਹਾਂ ਗੁਰੂ ਜੀ ਨੇ ਦਿਖਾਵੇ ਦੇ ਤੀਰਥ-ਵਰਤ ਰੱਖਣ ਨੂੰ ਵਿਅਰਥ ਕਿਹਾ ਹੈ। ਉਨ੍ਹਾਂ ਨੇ ਪ੍ਰਭੂ ਭਗਤੀ ਦੇ ਮਹੱਤਵ ਨੂੰ ਦਰਸਾਉਂਦੇ ਹੋਏ ਪ੍ਰਭੂ ਨਾਮ ਸਿਮਰਨ ਦੁਆਰਾ ਮੁਕਤੀ-ਪ੍ਰਾਪਤ ਦਾ ਉਪਦੇਸ਼ ਦਿੱਤਾ, ਇਨ੍ਹਾਂ ਦੇ ਸਿੱਧੇ ਸਾਦੇ ਉਪਦੇਸ਼ ਤੋਂ ਲੋਕ ਬਹੁਤ ਪ੍ਰਭਾਵਿਤ ਹੋਏ ਅਤੇ ਉਨ੍ਹਾਂ ਦੇ ਚੇਲੇ ਬਣ ਗਏ।

ਗੁਰੂ ਤੇਗ਼ ਬਹਾਦਰ ਬਨਾਰਸ ਤੋਂ ਸੰਗਮ, ਗੋਆ ਹੁੰਦੇ ਹੋਏ ਪਟਨਾ ਪਹੁੰਚੇ। ਇਨ੍ਹਾਂ ਤੋਂ ਪਹਿਲਾਂ ਗੁਰੂ ਨਾਨਕ ਪਟਨਾ ਆ ਚੁੱਕੇ ਸਨ। ਉਥੇ ਗੁਰੂ ਨਾਨਕ ਦੇ ਚੇਲਿਆਂ ਦੀ ਸੰਖਿਆ ਹਜ਼ਾਰਾਂ ਵਿਚ ਸੀ। ਗੁਰੂ ਨਾਨਕ ਦੇ ਆਗਮਨ ਦੀ ਯਾਦ ਵਿਚ ਗੁਰਦੁਆਰਾ ਵੀ ਬਣਿਆ ਹੋਇਆ ਹੈ। ਗੁਰ ਤੇਗ਼ ਬਹਾਦਰ ਪਟਨਾ ਵਿਚ ਕਰੀਬ ਤਿੰਨ ਮਹੀਨੇ ਠਹਿਰੇ। ਇਨ੍ਹਾਂ ਨੇ ਲੋਕਾਂ ਵਿਚ ਧਰਮ ਦਾ ਪ੍ਰਚਾਰ ਕੀਤਾ। ਲੋਕਾਂ ਨੂੰ ਸੁੱਖ ਅਤੇ ਸ਼ਾਂਤਮਈ ਜੀਵਨ ਬਤੀਤ ਕਰਨ ਦੇ ਲਈ ਅਕਾਲ ਪੁਰਖ ਦੀ ਉਪਾਸਨਾ ਕਰਨ ਉੱਪਰ ਜ਼ੋਰ ਦਿੱਤਾ। ਇਨ੍ਹਾਂ ਨੇ ਆਪਣੇ ਅਨੁਯਾਈਆਂ ਨੂੰ ਉਪਦੇਸ਼ ਦਿੰਦੇ ਹੋਏ ਕਿਹਾ "ਮਾਇਆ ਬਹੁਤ ਬੁਰੀ ਹੈ, ਇਸ ਦੇ ਪ੍ਰਭਾਵ ਤੋਂ ਬਚਣਾ ਚਾਹੀਦਾ ਹੈ ਅਤੇ ਅਕਾਲ ਪੁਰਖ ਦੇ ਗੁਣਾਂ ਦਾ ਗਾਇਨ ਕਰਨਾ ਚਾਹੀਦਾ ਹੈ। ਇਹ ਦ੍ਰਿਸ਼ਟਮਾਨ ਜਗਤ ਨਾਸ਼ਮਾਨ ਹੈ। ਇਸ ਦੇ ਸੁਖ ਇਕ ਛਿਣ ਲਈ ਹਨ ਅਤੇ ਸੰਸਾਰਿਕ ਸੁੱਖਾਂ ਨੂੰ ਅੰਤਿਮ ਅਨੰਦ ਨਹੀਂ ਸਮਝਣਾ ਚਾਹੀਦਾ।" ਅੰਤ ਵਿਚ ਗੁਰੂ ਜੀ ਨੇ ਕਿਹਾ ਕਿ ਉਹੀ ਜੀਵ ਮੁਕਤੀ ਪ੍ਰਾਪਤ ਕਰ ਸਕਦਾ ਹੈ ਜੋ ਕਿ ਅਕਾਲ ਪੁਰਖ ਦੀ ਉਪਾਸਨਾ ਕਰਦਾ ਹੈ। ਇਸ ਤਰ੍ਹਾਂ ਗੁਰੂ ਜੀ ਨੇ ਪਟਨਾ ਨਿਵਾਸੀਆਂ ਨੂੰ ਭੌਤਿਕ ਸੁੱਖਾਂ ਨੂੰ ਅੰਤਿਮ ਮੰਜ਼ਿਲ ਨਾ ਮੰਨ ਕੇ ਪਰਮਾਤਮਾ-ਚਿੰਤਨ ਵੱਲ ਪ੍ਰੇਰਿਤ ਕੀਤਾ।

ਗੁਰੂ ਤੇਗ਼ ਬਹਾਦਰ ਦੀ ਪਟਨੇ ਵਿਚ ਹਿੰਦੂਆਂ, ਮੁਸਲਮਾਨਾਂ ਅਤੇ ਨਾਥਾਂ ਨਾਲ ਧਰਮ, ਦਰਸ਼ਨ ਆਦਿ ਵਿਸ਼ਿਆਂ ਉੱਪਰ ਅਨੇਕ ਵਾਰ ਗੱਲਬਾਤ ਹੋਈ। ਗੁਰੂ ਜੀ ਦੇ ਵਿਚਾਰਾਂ ਤੋਂ ਸਿੱਖ ਹੀ ਨਹੀਂ ਬਲਕਿ ਦੂਸਰੇ ਧਰਮਾਂ ਵਾਲੇ ਵੀ ਪ੍ਰਭਾਵਿਤ ਹੁੰਦੇ ਹਨ। ਇਕ ਵਾਰ ਨਾਥ-ਜੋਗੀ ਗੁਰੂ ਦੇਵ ਦੇ ਕੋਲ ਆਏ ਅਤੇ ਉਨ੍ਹਾਂ ਤੋਂ ਸੱਚੇ ਜੋਗੀ ਦੇ ਸਰੂਪ ਬਾਰੇ ਪੁੱਛਿਆ, ਗੁਰੂ ਜੀ ਨੇ ਉਨ੍ਹਾਂ ਨੂੰ ਸੱਚੇ ਜੋਗੀ ਦੇ ਗੁਣਾਂ ਦੀ ਚਰਚਾ ਕਰਦੇ ਹੋਏ ਨਿਮਨਲਿਖਿਤ ਸ਼ਬਦ ਦਾ ਉਚਾਰਨ ਕੀਤਾ-

ਤਿਹ ਜੋਗੀ ਕਉ ਜੁਗਤਿ ਨ ਜਾਨਉ॥
ਲੋਭ ਮੋਹ ਮਾਇਆ ਮਮਤਾ ਫੁਨਿ
ਜਿਹ ਘਟਿ ਮਾਹਿ ਪਛਾਨਉ ॥ ਰਹਾਉ ॥

ਪਰ ਨਿੰਦਾ ਉਸਤਤਿ ਨਹ ਜਾ ਕੈ
ਕੰਚਨ ਲੋਹ ਸਮਾਨੋ।
ਹਰਖ ਸੋਗ ਤੇ ਰਹੈ ਅਤੀਤਾ
ਜੋਗੀ ਤਾਹਿ ਬਖਾਨੋ।

ਅਰਥਾਤ ਉਸ ਜੋਗੀ ਨੂੰ ਪਰਮਾਤਮਾ ਦੀ ਪ੍ਰਾਪਤੀ ਨਹੀਂ ਹੋ ਸਕਦੀ ਜਿਸ ਦੇ ਹਿਰਦੇ ਵਿਚ ਹਮੇਸ਼ਾਂ ਸੰਸਾਰਕ ਸੁੱਖਾਂ ਦੀ ਮੋਹ ਮਮਤਾ ਰਹਿੰਦੀ ਹੈ। ਜੋ ਯੋਗੀ ਲੋਕਾਂ ਦੀ ਨਿੰਦਾ ਨਹੀਂ ਕਰਦਾ, ਆਪਣੇ ਸੁਆਰਥ ਦੇ ਲਈ ਲੋਕਾਂ ਦੀ ਪ੍ਰਸ਼ੰਸਾ ਨਹੀਂ ਕਰਦਾ, ਜੋ ਸੰਪੱਤੀ ਨੂੰ ਕੋਈ ਮਹੱਤਵ ਨਹੀਂ ਦਿੰਦਾ ਅਤੇ ਜੋ ਪ੍ਰਸੰਨਤਾ-ਅਪ੍ਰਸੰਨਤਾ ਨੂੰ ਇੱਕ ਸਮਾਨ ਸਮਝਦਾ ਹੈ, ਉਸ ਯੋਗੀ ਨੂੰ ਪਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ।

ਕਹਿਣ ਦਾ ਭਾਵ ਹੈ ਕਿ ਅਜਿਹਾ ਯੋਗੀ ਹੀ ਪਰਮਾਤਮਾ ਨਾਲ ਏਕਤਾ ਸਥਾਪਿਤ ਕਰਦਾ ਹੈ। ਗੁਰੂ ਦੇਵ ਨੂੰ ਪਟਨਾ ਵਿਚ ਪਤਾ ਲੱਗਿਆ ਕਿ ਸ਼ਿਵਾ ਜੀ ਔਰੰਗਜ਼ੇਬ ਦੀ ਕੈਦ ਵਿਚੋਂ ਭੱਜ ਗਿਆ ਹੈ ਅਤੇ ਔਰੰਗਜ਼ੇਬ ਨੇ ਰਾਜਾ ਰਾਮ ਸਿੰਘ ਜੋ ਕਿ ਸ਼ਿਵਾ ਜੀ ਦੀ ਦੇਖ-ਰੇਖ ਕਰਨ ਵਾਲਾ ਸੀ, ਨਜ਼ਰਬੰਦ ਕਰ ਦਿੱਤਾ ਹੈ।

ਗੁਰੂ ਤੇਗ਼ ਬਹਾਦਰ ਜੀ ਨੇ ਬੰਗਾਲ ਆਦਿ ਦੇਸ਼ਾਂ ਲਈ ਪ੍ਰਸਥਾਨ ਕੀਤਾ। ਕਿਉਂਕਿ ਇਨ੍ਹਾਂ ਦੀ ਪਤਨੀ (ਮਾਤਾ) ਗੁਜਰੀ ਜੀ ਗਰਭਵਤੀ ਸੀ। ਇਨ੍ਹਾਂ ਨੇ ਆਪਣੇ ਪਰਿਵਾਰ ਦੇ ਮੈਂਬਰਾਂ ਨੂੰ ਪਟਨਾ ਵਿਚ ਹੀ ਰਹਿਣ ਦਾ ਆਦੇਸ਼ ਦਿੱਤਾ। ਮਾਤਾ ਨਾਨਕੀ ਜੀ ਦੀ ਸਹਾਇਤਾ ਲਈ ਭਾਈ ਦਿਆਲ ਦਾਸ ਜੀ ਵੀ ਉਥੇ ਰੁਕ ਗਏ ਸਨ। ਰਾਜਾ ਫਤਹਿ ਚੰਦ ਅਤੇ ਉਨ੍ਹਾਂ ਦੀ ਰਾਣੀ ਨੇ ਗੁਰੂ ਪਰਿਵਾਰ ਦੀ ਪੂਰੀ ਸੇਵਾ ਕਰਨ ਦਾ ਯਕੀਨ ਦਿਵਾਇਆ। ਗੁਰੂ ਦੇਵ ਪੂਰਾ ਪ੍ਰਬੰਧ ਕਰ ਕੇ ਢਾਕਾ ਵੱਲ ਚੱਲ ਪਏ, ਗੁਰੂ ਜੀ ਦੇ ਨਾਲ ਉਨ੍ਹਾਂ ਦੇ ਸੇਵਕ ਵੀ ਚੱਲ ਪਏ। ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਗੁਰੂ ਜੀ ਰਾਜਾ ਰਾਮ ਸਿੰਘ ਦੇ ਨਾਲ ਢਾਕਾ ਵੱਲ ਚੱਲ ਪਏ। ਪਰੰਤੂ ਡਾ. ਤ੍ਰਿਲੋਚਨ ਸਿੰਘ ਨੇ ਅਨੇਕਾਂ ਦਲੀਲਾਂ ਦੇ ਆਧਾਰ ਉਪਰ ਸਿੱਧ ਕੀਤਾ ਹੈ ਕਿ ਰਾਜਾ ਰਾਮ ਸਿੰਘ ਗੁਰੂ ਜੀ ਨੂੰ ਸਭ ਤੋਂ ਪਹਿਲਾਂ ਢਾਕਾ ਵਿਚ ਹੀ ਮਿਲਦੇ ਹਨ।

ਗੁਰੂ ਤੇਗ ਬਹਾਦਰ ਪਟਨਾ ਤੋਂ ਚੱਲ ਕੇ ਜਿਸ ਸਥਾਨ ਤੇ ਰੁਕੇ, ਉਹ ਮੁਘੇਰ ਨਾਮ ਨਾਲ ਪ੍ਰਸਿੱਧ ਹੈ। ਆਪ ਇਸ ਨਗਰ ਵਿਚ ਲੱਗਭਗ ਇਕ ਮਹੀਨੇ ਲਈ ਰੁਕੇ। ਰਸਤੇ ਵਿਚ ਗੁਰੂ ਜੀ ਜਿਸ ਸਥਾਨ ਤੇ ਰੁਕਦੇ, ਕੀਰਤਨ ਹੁੰਦਾ ਅਤੇ ਗਿਆਨ ਚਰਚਾ ਹੁੰਦੀ। ਗੁਰੂ ਦੇਵ ਪਾਪ ਨਿਵਾਰਣ ਸੰਬੰਧੀ ਸੰਗੀਤ ਦਾ ਉਚਾਰਨ ਕਰਦੇ ਅਤੇ ਭਾਈ ਸਤੀਦਾਸ ਇਸ ਨੂੰ ਲਿਖਦੇ ਜਾਂਦੇ।

ਮੁਘੇਰ ਤੋਂ ਗੁਰੂ ਤੇਗ਼ ਬਹਾਦਰ ਜੀ ਭਾਗਲਪੁਰ, ਕੋਗੋਗ, ਸਾਹਿਬ ਗੰਜ ਹੁੰਦੇ ਹੋਏ ਕਾਂਤ ਨਗਰ ਪਹੁੰਚੇ। ਬਿਹਾਰ ਦੇਸ਼ ਦੇ ਇਸ ਖੇਤਰ ਦੇ ਲੋਕ ਅੱਜ ਵੀ ਸਿੱਖ ਧਰਮ ਦੇ ਉਪਾਸਕ ਹਨ ਭਾਵੇਂ ਉਨ੍ਹਾਂ ਦੀ ਭਾਸ਼ਾ ਮੈਥਲੀ ਹੈ। ਉਥੇ ਚੱਲ ਕੇ ਗੁਰੂ ਜੀ ਨੇ ਅਗਲਾ ਪੜਾਉ ਸੂਫੀਮਤ ਦੇ ਪ੍ਰਸਿੱਧ ਕੇਂਦਰ ਮਾਲਦਾ ਵਿਚ ਕੀਤਾ। ਇਸ ਨਗਰ ਦੇ ਸੂਫੀ ਪੀਰ ਅਤੇ ਫਕੀਰ ਗੁਰੂ ਜੀ ਨਾਲ ਗਿਆਨ ਸੰਬੰਧੀ ਚਰਚਾ ਕਰ ਕੇ ਬਹੁਤ ਪ੍ਰਭਾਵਿਤ ਹੋਏ। ਇਸ ਤੋਂ ਬਾਅਤ ਗੁਰੂਜੀ ਗੋਦਾਵਰ, ਗੋਪਾਲਪੁਰ, ਪਾਬਲਾ ਆਦਿ ਸਥਾਨਾਂ ਉੱਪਰ ਧਰਮ ਪ੍ਰਚਾਰ ਦਾ ਕੰਮ ਕਰਦੇ ਹੋਏ ਸੰਨ 1666 ਈ. ਵਿਚ ਅਕਤੂਬਰ ਮਹੀਨੇ ਦੇ ਅੰਤ ਵਿਚ ਢਾਕਾ ਪਹੁੰਚੇ, ਜੋ ਕਿ ਸਿੱਖ ਧਰਮ ਦਾ ਇਕ ਪ੍ਰਮੁੱਖ ਕੇਂਦਰ ਸੀ। ਉਨ੍ਹਾਂ ਦਿਨਾਂ ਵਿਚ ਗੁਰੂਆਂ ਦਾ ਸੰਦੇਸ਼ ਬੰਗਾਲ ਆਦਿ ਪੂਰਬੀ ਦੇਸ਼ਾਂ ਵਿਚ ਪਹੁੰਚ ਚੁੱਕਿਆ ਸੀ। ਸਰਦਾਰ ਜੀ.ਬੀ. ਸਿੰਘ ਨੇ ਆਪਣੇ ਇਕ ਲੇਖ "ਰੇਲਿਕਮ ਇਨ ਈਸਟਰਨ ਬੰਗਾਲ" ਵਿਚ ਲਿਖਿਆ ਹੈ ਉਥੇ (ਪੂਰਬੀ ਬੰਗਾਲ) ਸਭ ਪਾਸੇ ਸਿੱਖ ਸੰਗਤਾਂ ਅਤੇ ਮੱਠਾਂ ਦਾ ਚੰਗਾ ਜਾਲ ਫੈਲ ਗਿਆ ਸੀ। ਪੱਛਮ ਵਿਚ ਰਾਜਮਹਿਲ ਤੋਂ ਲੈ ਕੇ ਪੂਰਬ ਤੋਂ ਸਿਲਹਟ ਤੱਕ ਅਤੇ ਉੱਤਰ ਵਿਚ ਪੂਰਬ ਤੋਂ ਲੈ ਕੇ ਦੱਖਣ ਵਿਚ ਬੰਸਖਾਲੀ ਅਤੇ ਫਤੇਕਚਿਹਰੀ ਤੱਕ ਮੁਗਲਾਂ ਦੇ ਸ਼ਾਸਨਕਾਲ ਵਿਚ ਕੋਈ ਹੀ ਅਜਿਹਾ ਪ੍ਰਮੁੱਖ ਸਥਾਨ ਹੋਵੇਗਾ। ਜਿੱਥੇ ਕੋਈ ਸਿੱਖ ਗੁਰਦੁਆਰਾ ਨਾ ਹੋਵੇ ਜਾਂ ਕਿਸੇ ਸਿੱਖ-ਸੰਨਿਆਸੀ ਨੇ ਆਪਣੇ ਆਪ ਨੂੰ ਵਸਾ ਨਾ ਲਿਆ ਹੋਵੇ ਅਤੇ ਆਪਣੇ ਚਾਰੇ ਪਾਸੇ ਸ਼ਰਧਾਲੂਆਂ ਦੀ ਇਕ ਚੰਗੀ ਸੰਖਿਆ ਇਕੱਤਰ ਨਾ ਕਰ ਲਈ ਹੋਵੇ। ਇਹ ਅੰਦੋਲਨ ਸ਼ਾਹਜ਼ਹਾਂ ਦੇ ਸਮੇਂ ਵਿਚ ਸੰਦੀਪ ਆਦਿ ਕੁਝ ਦੀਪਾਂ ਵਿਚ ਵੀ ਫੈਲ ਗਿਆ ਸੀ। ਇਹ ਸੰਗਤ ਅਲਮਸਤ ਅਤੇ ਨਾਥੇ ਸਾਹਿਬ ਦੁਆਰਾ ਭਲੀ ਪ੍ਰਕਾਰ ਸੰਗਠਿਤ ਕੀਤੀ ਗਈ ਸੀ। ਢਾਕਾ ਇਸ ਭਾਗ ਦੀ "ਹਜ਼ੂਰੀ ਸੰਗਤ" ਜਾਂ ਪ੍ਰਧਾਨ ਸੰਗਤ ਸੀ, ਜਿਸ ਦੇ ਅਧੀਨ ਹੋਰ ਸੰਗਤਾਂ ਸਨ। ਇਨ੍ਹਾਂ ਸਥਾਨਕ ਸੰਗਤਾਂ ਵਿਚ ਸਥਾਨਕ ਲੋਕਾਂ ਦੇ ਅਤਿਰਿਕਤ ਪੰਜਾਬ ਅਤੇ ਸਿੰਧ ਦੇ ਸਿੱਖ ਵਿਉਪਾਰੀਆਂ ਦੀ ਇਕ ਚੰਗੀ ਸੰਖਿਆ ਸਦਾ ਉਪਸਥਿਤ ਰਹਿੰਦੀ ਸੀ। ਜਿਹਾ ਕਿ ਉਨ੍ਹਾਂ ਨੂੰ ਗੁਰੂ ਤੇਗ਼ ਬਹਾਦਰ ਦੁਆਰਾ ਲਿਖੇ ਗਏ ਪੱਤਰਾਂ ਤੋਂ ਇਹ ਸਪੱਸ਼ਟ ਹੈ ਕਿ ਉਹ ਆਪਣੇ ਅਧਿਆਤਮਿਕ ਮਾਰਗ ਦਰਸ਼ਕ ਨਾਲ ਸੰਬੰਧ ਰੱਖਣ ਲਈ ਹਮੇਸ਼ਾਂ ਉਤਸੁਕ ਰਿਹਾ ਕਰਦੇ ਸਨ ਅਤੇ ਸਮੇਂ-ਸਮੇਂ ਉੱਪਰ ਆਪਣੀ ਭੇਂਟ ਭੇਜਿਆ ਕਰਦੇ ਸਨ।

ਗੁਰੂ ਸਾਹਿਬ ਢਾਕਾ ਵਿਚ ਉੱਥੋਂ ਦੇ ਪ੍ਰਸਿੱਧ ਮਹਾਪੁਰਸ਼ ਬੁਲਾਕੀ ਦਾਸ ਦੇ ਕੋਲ ਠਹਿਰੇ। ਬੁਲਾਕੀ ਦਾਸ ਦੀ ਮਾਤਾ ਗੁਰੂ ਜੀ ਦੀ ਅਨਿੰਨ ਭਗਤ ਸੀ। ਉੱਥੇ ਗੁਰੂ ਜੀ ਨੇ ਲੋਕਾਂ ਨੂੰ ਸੱਚ ਅਤੇ ਧਰਮ ਦੀ ਸਿੱਖਿਆ ਦਿੱਤੀ। ਇਨ੍ਹਾਂ ਦੇ ਉਪਦੇਸ਼ਾਂ ਨੂੰ ਸਭ ਧਰਮਾਂ ਦੇ ਲੋਕ ਬੜੇ ਆਦਰ ਦੇ ਨਾਲ ਸ੍ਰਵਣ ਕਰਦੇ ਸਨ। ਉਨ੍ਹਾਂ ਨੇ ਜੋ ਉਪਦੇਸ਼ ਸਭ ਧਰਮਾਂ ਦੇ ਲੋਕਾਂ ਨੂੰ ਦਿੱਤੇ ਉਨ੍ਹਾਂ ਵਿੱਚੋਂ ਇਕ "ਸ਼ਬਦ" ਦੀ ਉਦਾਹਰਣ ਪੇਸ਼ ਹੈ-

ਕੋਊ ਮਾਈ ਭੂਲਿਓ ਮਨੁ ਸਮਝਾਵੈ॥
ਬੇਦ ਪੁਰਾਨ ਸਾਧ ਮਗ ਸੁਨਿ ਕਰਿ
ਨਿਮਖ ਨ ਹਰਿ ਗੁਨ ਗਾਵੈ॥ ਰਹਾਉ॥
ਦੁਰਲਭ ਦੇਹ ਪਾਇ ਮਾਨਸ ਕੀ
ਬਿਰਥਾ ਜਨਮੁ ਸਿਰਾਵੈ॥
ਮਾਇਆ ਮੋਹ ਮਹਾ ਸੰਕਟ ਬਨ
ਤਾ ਸਿਉ ਰੁਚ ਉਪਜਾਵੈ॥
ਅੰਤਰਿ ਬਾਹਰਿ ਸਦਾ ਸੰਗਿ ਪ੍ਰਭੁ
ਤਾ ਸਿਉ ਨੇਹੁ ਨਾ ਲਾਵੈ॥
ਨਾਨਕ ਮੁਕਤਿ ਤਾਹਿ ਤੁਮ ਮਾਨਹੁ
ਜਿਹ ਘਟਿ ਰਾਮੁ ਸਮਾਵੈ॥

ਗੁਰੂ ਦੇਵ ਜਦੋਂ ਢਾਕਾ ਵਿੱਚ ਸੱਚੇ ਧਰਮ ਦਾ ਪ੍ਰਚਾਰ ਕਰ ਰਹੇ ਸਨ, ਉਸੇ ਸਮੇਂ ਉਨ੍ਹਾਂ ਨੂੰ ਪਟਨਾ ਵਿਚ ਆਪਣੇ ਪੁੱਤਰ ਦੇ ਜਨਮ ਦਾ ਸ਼ੁਭ ਸਮਾਚਾਰ ਮਿਲਿਆ। ਆਪਣੇ ਇਕਲੌਤੇ ਪੁੱਤਰ ਦਾ ਨਾਮ ਗੋਬਿੰਦ ਦਾਸ ਰੱਖਿਆ। ਗੋਬਿੰਦ ਦਾਸ ਦਾ ਜਨਮ 22 ਦਿਸੰਬਰ 1666 ਈ. ਨੂੰ ਹੋਇਆ। ਇਕ ਹੋਰ ਇਤਿਹਾਸਕਾਰ "ਗੋਬਿੰਦ ਰਾਇ" ਨਾਮ ਲਿਖਦਾ ਹੈ। ਆਪ ਨੇ ਪਟਨਾ ਨਗਰ ਵਿਚ ਸੰਗਤਾਂ ਨੂੰ ਬਾਲਕ "ਗੋਬਿਦ ਦਾਸ" ਦੀ ਦੇਖ-ਰੇਖ ਕਰਨ ਅਤੇ "ਵਾਹਿਗੁਰੂ' ਦੇ ਨਾਮ ਦਾ ਜਾਪ ਕਰਨ ਦਾ ਸੰਦੇਸ਼, ਪੱਤਰ ਦੁਆਰਾ ਭੇਜਿਆ। ਇਸ ਤੋਂ ਬਾਅਦ ਬੰਗਾਲ ਦੇ ਹੋਰ ਸਥਾਨਾਂ ਦੀ ਯਾਤਰਾ ਦੇ ਲਈ ਨਿਕਲੇ।

ਢਾਕਾ ਵਿਚ ਰਹਿ ਕੇ ਗੁਰੂ ਜੀ ਨੇ ਗੁਰੂ ਨਾਨਕ ਦੇ ਧਰਮ ਦਾ ਵਿਆਪਕ ਰੂਪ ਵਿਚ ਪ੍ਰਚਾਰ ਕੀਤਾ। ਚਟਗਾਂਵ, ਸਿਲਹਟ ਆਦਿ ਨਗਰਾਂ ਦੇ ਲੋਕਾਂ ਉੱਤੇ ਇਨ੍ਹਾਂ ਦੇ ਉਪਦੇਸ਼ਾਂ ਦਾ ਬਹੁਤ ਪ੍ਰਭਾਵ ਪਿਆ। ਇਸ ਸਮੇਂ ਕਾਮਰੂਪ ਦੀ ਇਕ ਰਿਆਸਤ ਦਾ ਰਾਜਾ ਰਾਮਰਾਇ ਗੁਰੂ ਜੀ ਦੇ ਦਰਸ਼ਨਾਂ ਨੂੰ ਆਇਆ ਅਤੇ ਇਨ੍ਹਾਂ ਦੇ ਤੇਜੱਸਵੀ ਵਿਅਕਤਿਤਵ ਤੋਂ ਪ੍ਰਭਾਵਿਤ ਹੋ ਕੇ ਸੇਵਕ ਬਣ ਗਿਆ। ਉਸ ਨੂੰ ਗੁਰੂ ਦੇਵ ਨੇ ਆਸ਼ੀਰਵਾਦ ਦਿੱਤਾ।

ਆਸਾਮ ਦੇਸ਼ ਦੀ ਅਹਮ ਜਾਤੀ ਦੇ ਲੋਕਾਂ ਨੇ ਦਿੱਲੀ ਸਾਮਰਾਜ ਵਿਰੁੱਧ ਸੰਨ 1667 ਈ. ਵਿੱਚ ਵਿਦਰੋਹ ਆਰੰਭ ਕਰ ਦਿੱਤਾ ਸੀ। ਇਨ੍ਹਾਂ ਦੇ ਰਾਜਾ ਚਕਰਧਵਜ ਸਿੰਘ ਨੇ ਗੋਹਾਟੀ ਉੱਪਰ ਅਧਿਕਾਰ ਕਰ ਲਿਆ ਸੀ। ਜਿਵੇਂ ਹੀ ਔਰੰਗਜ਼ੇਬ ਨੂੰ ਇਸ ਦੀ ਸੂਚਨਾ ਮਿਲੀ, ਉਸ ਨੂੰ ਬਹੁਤ ਚਿੰਤਾ ਹੋਈ ਉਸ ਨੇ ਕਾਫ਼ੀ ਸੋਚ-ਵਿਚਾਰ ਤੋਂ ਬਾਅਦ ਰਾਜਾ ਰਾਮ ਸਿੰਘ ਨੂੰ ਵਿਦਰੋਹ ਦਬਾਉਣ ਦੇ ਲਈ ਆਸਾਮ ਭੇਜਣ ਦਾ ਨਿਸ਼ਚਾ ਕੀਤਾ। ਔਰੰਗਜ਼ੇਬ ਨੇ ਅਜਿਹਾ ਕੁਝ ਵਿਸ਼ਸ਼ਿਟ ਉਦੇਸ਼ਾਂ ਦੀ ਪੂਰਤੀ ਦੇ ਲਈ ਕੀਤਾ ਸੀ। ਪਹਿਲਾਂ ਬਾਦਸ਼ਾਹ ਨੇ ਸੋਚਿਆ ਜੇ ਰਾਮ ਸਿੰਘ ਯੁੱਧ ਵਿਚ ਮਾਰਿਆ ਗਿਆ ਤਾਂ ਸ਼ਾਹੀ ਸੈਨਾ ਦਾ ਇਕ ਵਿਸ਼ਵਾਸਘਾਤੀ ਵਿਅਕਤੀ ਸਮਾਪਤ ਹੋ ਜਾਵੇਗਾ, ਕਿਉਂਕਿ ਬਾਦਸ਼ਾਹ ਰਾਜਾ ਰਾਮ ਸਿੰਘ ਨੂੰ ਹੀ ਸ਼ਿਵਾ ਜੀ ਦੇ ਕੈਦ ਵਿਚੋਂ ਭੱਜ ਜਾਣ ਦਾ ਕਾਰਨ ਮੰਨਦਾ ਸੀ। ਦੂਸਰਾ ਜੇ ਰਾਜਾ ਰਾਮ ਸਿੰਘ ਯੁੱਧ ਵਿਚ ਜਿੱਤ ਗਿਆ ਤਾਂ ਦਿੱਲੀ ਸਾਮਰਾਜ ਦਾ ਵਿਸਥਾਰ ਹੋਵੇਗਾ। ਇਸ ਦ੍ਰਿਸ਼ਟੀਕੋਣ ਨੂੰ ਦਿਮਾਗ ਵਿੱਚ ਰੱਖ ਕੇ ਬਾਦਸ਼ਾਹ ਔਰੰਗਜੇਬ ਨੇ ਰਾਜਾ ਰਾਮ ਸਿੰਘ ਨੂੰ ਰਸਤੇ ਵਿਚੋਂ ਜ਼ਰੂਰਤ ਅਨੁਸਾਰ ਹੋਰ ਅਧਿਕ ਫੌਜ ਨਾਲ ਲੈ ਜਾਣ ਦਾ ਵੀ ਹੁਕਮ ਦਿੱਤਾ।

ਰਾਜਾ ਰਾਮ ਸਿੰਘ ਸੰਨ 1668 ਈ. ਦੇ ਆਸ-ਪਾਸ ਢਾਕਾ ਪਹੁੰਚਿਆ। ਉਥੇ ਉਸ ਨੂੰ ਪਤਾ ਲਗਾ ਕਿ ਗੁਰੂ ਤੇਗ ਬਹਾਦਰ ਧਰਮ-ਪ੍ਰਚਾਰ ਲਈ ਯਾਤਰਾ ਕਰ ਰਹੇ ਹਨ। ਉਹ ਢਾਕਾ ਵਿਚ ਗੁਰੂ ਜੀ ਨੂੰ ਮਿਲਿਆ ਅਤੇ ਉਨ੍ਹਾਂ ਪ੍ਰਤੀ ਆਪਣੀ ਸ਼ਰਧਾ ਪ੍ਰਗਟ ਕੀਤੀ। ਰਾਜਾ ਰਾਮ ਸਿੰਘ ਨੇ ਆਪਣੇ ਆਉਣ ਦਾ ਕਾਰਨ ਦੱਸਿਆ ਅਤੇ ਉਨ੍ਹਾਂ ਕੋਲੋਂ ਸਹਾਇਤਾ ਮੰਗੀ। ਗੁਰੂ ਜੀ ਕੁਝ ਸੋਚ-ਵਿਚਾਰ ਕਰਨ ਤੋਂ ਬਾਅਦ ਉਸ ਨਾਲ ਜਾਣ ਲਈ ਤਿਆਰ ਹੋ ਗਏ। ਉਨ੍ਹਾਂ ਨੇ ਆਸਾਮ ਜਾਣ ਦੀ ਸੂਚਨਾ ਧੂਰਬੀ ਦੀ ਸਿੱਖ-ਸੰਗਤ ਨੂੰ ਪਹਿਲਾਂ ਹੀ ਪਹੁੰਚਾ ਦਿੱਤੀ। ਇਹ ਰਾਜਾ ਰਾਮ ਸਿੰਘ ਦੇ ਨਾਲ ਦਸੰਬਰ, 1668 ਈ. ਵਿੱਚ ਢਾਕਾ ਤੋਂ ਆਸਾਮ ਜਾਣ ਲਈ ਰਵਾਨਾ ਹੋ ਗਏ। ਆਸਾਮ ਵਿਚ ਗੁਰੂ ਜੀ ਅਤੇ ਉਨ੍ਹਾਂ ਦੇ ਸ਼ਿਸ਼ ਧੂਰਬੀ ਵਿਚ ਰਹਿ ਕੇ ਧਰਮ ਪ੍ਰਚਾਰ ਕਰਨ ਲੱਗੇ। ਰਾਜਾ ਰਾਮ ਸਿੰਘ ਦੀ ਫ਼ੌਜ ਦਾ ਪੜਾਉ ਵੀਹ ਮੀਲ ਦੀ ਦੂਰੀ ਉਪਰ ਰੰਗਮਾਈ ਨਾਮਕ ਸਥਾਨ 'ਤੇ ਰਿਹਾ।

ਮਾਰਚ 1699 ਈ. ਵਿਚ ਆਸਾਮ ਦੇ ਰਾਜਾ ਚਕਰਧਵਜ ਅਤੇ ਰਾਜਾ ਰਾਮ ਸਿੰਘ ਦੀਆਂ ਸੈਨਾਵਾਂ ਵਿੱਚ ਘਮਾਸਾਨ ਯੁੱਧ ਹੋਇਆ। ਦੋਨਾਂ ਫ਼ੌਜ਼ਾਂ ਦੀ ਜਾਨ ਅਤੇ ਧਨ ਦੀ ਹਾਨੀ ਹੋਈ। ਕੁਝ ਮਹੀਨੇ ਲੜਨ ਤੋਂ ਬਾਅਦ ਦੋਨੋਂ

ਪਾਸਿਆਂ ਤੋਂ ਹੀਂ ਯੁੱਧ ਸਮਾਪਤ ਕਰਨ ਦੇ ਉਪਾਅ ਸੋਚੇ ਜਾਣ ਲੱਗੇ। ਆਸਾਮ ਨਿਵਾਸੀਆਂ ਨੇ ਗੁਰੂ ਤੇਗ ਬਹਾਦਰ ਦੇ ਅਲੌਕਿਕ ਗੁਣਾਂ ਦੀ ਪ੍ਰਸ਼ੰਸਾ ਪਹਿਲਾਂ ਹੀ ਸੁਣ ਰੱਖੀ ਸੀ। ਉਨ੍ਹਾਂ ਵਿਚੋਂ ਅਧਿਕ ਗੁਰੂ ਜੀ ਨੂੰ ਪਰਮਾਤਮਾ ਦਾ ਅਵਤਾਰ ਮੰਨਦੇ ਸਨ। ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਗੁਰੂਦੇਵ ਦੋਨਾਂ ਫੌਜਾਂ ਵਿਚ ਯੁੱਧ ਰੋਕਣ ਦਾ ਇਕ ਪ੍ਰਸਤਾਵ ਰੱਖਣਾ ਚਾਹੁੰਦੇ ਹਨ ਤਾਂ ਉਹ ਤੁਰੰਤ ਸਹਿਮਤ ਹੋ ਗਏ। ਗੁਰੂ ਤੇਗ਼ ਬਹਾਦਰ ਨੇ ਦੋਨਾਂ ਰਾਜਿਆਂ ਦੇ ਸਾਹਮਣੇ ਇਹ ਪ੍ਰਸਤਾਵ ਰੱਖਿਆ ਕਿ ਜਿੱਥੋਂ ਤੱਕ ਮੁਗਲ ਫੌਜ ਨੇ ਅਧਿਕਾਰ ਕਰ ਲਿਆ ਹੈ ਉਹ ਮੁਗਲ ਸਾਮਰਾਜ ਦਾ ਹਿੱਸਾ ਮੰਨਿਆ ਜਾਏ। ਗੋਹਾਟੀ ਆਦਿ ਦੇਸ਼ ਜੋ ਕਿ ਰਾਜਾ ਚਕਰਧਵਧ ਦੇ ਅਧੀਨ ਹੈ ਉਸ ਉਪਰ ਆਸਾਮੀਆਂ ਦਾ ਹੀ ਅਧਿਕਾਰ ਬਣਿਆ ਰਹੇ। ਗੁਰੂ ਦੇਵ ਦੇ ਇਸ ਪ੍ਰਸਤਾਵ ਨੂੰ ਦੋਨਾਂ ਰਾਜਿਆਂ ਨੇ ਸਵੀਕਾਰ ਕਰ ਲਿਆ। ਦੋਨਾਂ ਰਾਜਾਂ ਵਿਚ ਸਮਝੌਤਾ ਹੋ ਜਾਣ ਤੇ ਚਾਰੇ ਪਾਸਿਆਂ ਵਿਚ ਖੁਸ਼ੀ ਦੀ ਲਹਿਰ ਦੌੜ ਗਈ। ਸਾਰੇ ਪਾਸੇ ਸ਼ਾਂਤੀ ਦਾ ਵਾਤਾਵਰਣ ਛਾ ਗਿਆ। ਇਸ ਸੰਧੀ ਨੂੰ ਸਵੀਕ੍ਰਿਤੀ ਪ੍ਰਦਾਨ ਕਰਨ ਦੇ ਲਈ ਦੋਨਾਂ ਫੌਜਾਂ ਨੇ ਰੰਗਾ ਘਾਟੀ ਤੋਂ ਮਿੱਟੀ ਲਿਆ ਕੇ ਚਿੰਨਾਤਮਕ ਰੂਪ ਵਿਚ ਗੁਰਦੁਆਰੇ ਦਾ ਨਿਰਮਾਣ ਕੀਤਾ, ਜੋ ਅੱਜ ਵੀ "ਸ਼ਾਂਤੀ ਦੇ ਅਵਤਾਰ" ਦੇ ਮਹਾਨ ਚਮਤਕਾਰ ਦੀ ਯਾਦ ਦਿਵਾਉਂਦਾ ਹੈ। ਇਸ ਪ੍ਰਸਿੱਧ ਘਟਨਾ ਦਾ ਵਰਨਣ ਆਸਾਮ ਦੇ ਇਤਿਹਾਸਕ ਲੇਖਾਂ ਵਿਚ ਮਿਲਦਾ ਹੈ–

ਆਸਾਮ ਦੇਸ਼ ਵਿਚ ਗੁਰੂ ਤੇਗ਼ ਬਹਾਦਰ ਪਰਮਾਤਮਾ ਦੇ ਅਵਤਾਰ ਰੂਪ ਵਿਚ ਪੂਜੇ ਜਾਣ ਲੱਗੇ। ਸਿੱਖ, ਹਿੰਦੂ ਅਤੇ ਮੁਸਲਮਾਨ ਇਨ੍ਹਾਂ ਨੂੰ ਗੁਰੂ, ਅਵਤਾਰ ਅਤੇ ਪੀਰ ਦੇ ਰੂਪ ਵਿਚ ਸਨਮਾਨਿਤ ਕਰਨ ਲੱਗੇ। ਆਸਾਮ ਦੇਸ਼ ਵਿਚ ਸ਼ਾਂਤੀ ਦਾ ਵਾਤਾਵਰਣ ਦੇਖ ਕੇ ਇਨ੍ਹਾਂ ਦੀ ਅਭਿਲਾਸ਼ਾ ਪਟਨਾ ਜਾ ਕੇ ਸਾਹਿਬਜ਼ਾਦੇ ਗੋਬਿੰਦ ਨੂੰ ਦੇਖਣ ਲਈ ਹੋਈ। ਪਟਨਾ ਮੁੜਦੇ ਸਮੇਂ ਗੁਰੂ ਜੀ ਕੁਝ ਦਿਨਾਂ ਦੇ ਲਈ ਜਗਨਨਾਥ ਪੁਰੀ ਪਹੁੰਚੇ। ਉਥੇ ਉਨ੍ਹਾਂ ਦੀ ਹਿੰਦੂ-ਵੈਸ਼ਨਵਾਂ ਨਾਲ ਅਧਿਆਤਮਕ ਵਿਸ਼ਿਆਂ ਉਪਰ ਗੱਲਬਾਤ ਹੋਈ। ਵੈਸ਼ਨਵ ਭਗਤ ਗੁਰੂ ਜੀ ਦੇ ਵਿਚਾਰਾਂ ਤੋਂ ਬਹੁਤ ਪ੍ਰਭਾਵਿਤ ਹੋਏ। ਜਗਨ ਨਾਥ ਪੁਰੀ ਵਿਚ ਗੁਰੂ ਜੀ ਨੂੰ ਸੂਚਨਾ ਮਿਲੀ ਕਿ ਔਰੰਗਜ਼ੇਬ ਨੇ ਗੈਰ-ਮੁਸਲਮਾਨਾਂ ਉੱਪਰ ਅੱਤਿਆਚਾਰ ਕਰਨੇ ਆਰੰਭ ਕਰ ਦਿੱਤੇ ਹਨ। ਉਹ ਸਾਰੇ ਭਾਰਤ ਵਿਚ ਕੇਵਲ ਮੁਸਲਮਾਨ ਹੀ ਦੇਖਣਾ ਚਾਹੁੰਦਾ ਹੈ। ਦੇਸ਼ ਦੀ ਅਜਿਹੀ ਅਵਸਥਾ ਵਿਚ ਗੁਰੂ ਜੀ ਨੇ ਜਲਦੀ ਪਟਨਾ ਜਾਣਾ ਹੀ ਜ਼ਰੂਰੀ ਸਮਝਿਆ।

ਗੁਰੂ ਤੇਗ ਬਹਾਦਰ ਨੇ ਪਟਨੇ ਦੀ ਪਹੁੰਚਣ ਦੀ ਸੂਚਨਾ ਪਹਿਲਾਂ ਹੀ ਪਟਨੇ ਦੀ ਸੰਗਤ ਨੂੰ ਭੇਜ ਦਿੱਤੀ ਸੀ। ਪਟਨਾ ਵਿਚ ਪਰਿਵਾਰ ਦੇ ਸਾਰੇ ਮੈਂਬਰ ਗੁਰੂ ਜੀ ਦੇ ਦਰਸ਼ਨਾਂ ਦੇ ਲਈ ਉਤਾਵਲੇ ਹੋ ਗਏ। ਪਟਨਾ ਨਗਰ ਦੇ ਨਿਵਾਸੀਆਂ ਵਿਚ ਇਕ ਅਜੀਬ ਕਿਸਮ ਦੀ ਖੁਸ਼ੀ ਨਜ਼ਰ ਆਉਣ ਲੱਗੀ। ਪਟਨਾ ਦੇ ਨਵਾਬ ਰਹੀਮ ਬਖਸ਼ ਤੇ ਕਰੀਮ ਬਖਸ਼ ਨੇ ਆਪਣਾ ਬਾਗ਼ ਗੁਰੂ-ਪਰਿਵਾਰ ਨੂੰ ਭੇਂਟ ਕੀਤਾ ਸੀ। ਇਸ ਬਾਗ਼ ਵਿਚ ਗੁਰੂ ਗੋਬਿੰਦ ਦਾਸ ਜੀ ਨੇ ਸਭ ਤੋਂ ਪਹਿਲਾਂ ਆਪਣੇ ਪਿਤਾ ਦੇ ਚਰਨ ਸਪਰਸ਼ ਕੀਤੇ ਅਤੇ ਉਨ੍ਹਾਂ ਤੋਂ ਅਸ਼ੀਰਵਾਦ ਲਿਆ। ਬਾਲਕ ਦੇ ਸੁੰਦਰ ਪਾਲਣ-ਪੋਸ਼ਣ ਤੋਂ ਗੁਰੂ ਜੀ ਬਹੁਤ ਪ੍ਰਸੰਨ ਹੋਏ, ਉਨ੍ਹਾਂ ਨੇ ਮਾਮਾ ਕ੍ਰਿਪਾਲ ਚੰਦ ਅਤੇ ਹੋਰ ਲੋਕਾਂ ਦਾ ਧੰਨਵਾਦ ਕੀਤਾ।

ਮਾਤਾ ਨਾਨਕੀ ਆਪਣੇ ਪੁੱਤਰ ਨੂੰ ਦੇਖ ਕੇ ਬਹੁਤ ਖੁਸ਼ ਹੋਈ। (ਮਾਤਾ) ਗੁਜਰੀ ਵੀ ਪਤੀ ਨੂੰ ਮਿਲ ਕੇ ਬਹੁਤ ਪ੍ਰਸੰਨ ਹੋਈ। ਗੁਰੂ ਘਰ ਦੇ ਹੋਰ ਸ਼ਿਸ਼ ਦਿਆਲ ਦਾਸ ਨੂੰ ਗੁਰੂ ਜੀ ਨੇ ਗਲੇ ਨਾਲ ਲਗਾ ਕੇ ਹਮੇਸ਼ਾਂ ਸੁਖੀ ਰਹਿਣ ਦਾ ਆਸ਼ੀਰਵਾਦ ਦਿੱਤਾ। ਸਾਰੇ ਪਟਨਾ ਨਗਰ ਵਿਚ ਖੁਸ਼ੀ ਦਾ ਵਾਤਾਵਰਣ ਛਾ ਗਿਆ। ਗੁਰੂ ਦੇਵ ਨੇ ਗੁਰੂ ਨਾਨਕ ਦੇ ਮੱਤ ਨੂੰ ਅਧਿਕ ਫੈਲਾਉਣ ਦੇ ਲਈ ਪ੍ਰਚਾਰ ਦਾ ਕੰਮ ਜਾਰੀ ਰੱਖਿਆ। ਇਨ੍ਹਾਂ ਨੇ ਬਿਨਾਂ ਕਿਸੇ ਭੇਦ-ਭਾਵ ਲੋਕਾਂ ਨੂੰ ਉਤਮ ਅਤੇ ਸੁਖੀ ਜੀਵਨ ਬਿਤਾਉਣ ਦਾ ਉਪਦੇਸ਼ ਦਿੱਤਾ। ਇਹੀ ਕਾਰਨ ਹੈ ਕਿ ਥੋੜੇ ਹੀ ਦਿਨਾਂ ਵਿਚ ਸਿੱਖਾਂ ਦੇ ਅਤਿਰਿਕਤ ਹਿੰਦੂ ਅਤੇ ਮੁਸਲਮਾਨ ਇਨ੍ਹਾਂ ਨੂੰ ਮਹਾਂਪੁਰਸ਼ ਦੇ ਰੂਪ ਵਿਚ ਪੂਜਣ ਲੱਗੇ। ਇਨ੍ਹਾਂ ਦੇ ਸਮੇਂ ਵਿਚ ਪਟਨਾ ਸਿੱਖ ਧਰਮ ਦਾ ਇਕ ਪ੍ਰਸਿੱਧ ਕੇਂਦਰ ਬਣ ਗਿਆ।

ਗੁਰੂ ਤੇਗ਼ ਬਹਾਦਰ ਦੇਸ਼ ਦੀ ਸਮਾਜਿਕ ਅਤੇ ਰਾਜਨੀਤਿਕ ਅਵਸਥਾ ਤੋਂ ਹਮੇਸ਼ਾਂ ਜਾਣੂ ਰਹਿੰਦੇ ਸਨ। ਪਟਨਾ ਵਿਚ ਇਨ੍ਹਾਂ ਨੂੰ ਪਤਾ ਲੱਗਾ ਕਿ ਔਰੰਗਜੇਬ ਨੇ ਉਤਰ ਭਾਰਤ ਵਿਚ ਗੈਰ-ਮੁਸਲਮਾਨਾਂ ਦੇ ਪ੍ਰਤੀ ਆਪਣੀ ਆਧਾਰਮਿਕ ਅਤੇ ਹਿੰਸਕ ਨੀਤੀ ਨੂੰ ਤੇਜ਼ ਕਰ ਦਿੱਤਾ ਹੈ। ਹਿੰਦੂਆਂ ਦੇ ਮੰਦਰ ਡੇਗੇ ਜਾ ਰਹੇ ਹਨ, ਉਨ੍ਹਾਂ ਉਤੇ ਤਰ੍ਹਾਂ-ਤਰ੍ਹਾਂ ਦੇ ਕਰ ਲਗਾਏ ਜਾ ਰਹੇ ਹਨ। ਤਲਵਾਰ ਦੇ ਜ਼ੋਰ ਨਾਲ ਸ਼ਰਾ ਦਾ ਪ੍ਰਚਾਰ ਹੋਣ ਲੱਗਾ। ਸਿੱਖਾਂ ਨਾਲ ਵੀ ਅਜਿਹਾ ਹੀ ਵਰਤਾਉ ਹੋ ਰਿਹਾ ਸੀ। ਅਜਿਹੇ ਅਨੇਕ ਜ਼ੁਲਮਾਂ ਤੋਂ ਹਿੰਦੂਜਨਤਾ ਕੁਰਲਾ ਉਠੀ। ਹਿੰਦੂਆਂ ਉੱਪਰ ਹੀ ਨਹੀਂ

ਬਲਕਿ (ਸੁੰਨੀ) ਮੁਸਲਮਾਨਾਂ ਅਤੇ ਸੂਫੀ ਫਕੀਰਾਂ ਉਪਰ ਵੀ ਔਰੰਗਜੇਬ ਦੇ ਅਨੇਕ ਅਤਿਆਚਾਰਾਂ ਤੋਂ ਪੰਜਾਬ ਅਤੇ ਕਸ਼ਮੀਰ ਵਿਚ ਹਾਹਾਕਾਰ ਮਚ ਗਈ। ਇਨ੍ਹਾਂ ਸਭ ਗੱਲਾਂ ਨੂੰ ਸੁਣ ਕੇ ਗੁਰੂ ਜੀ ਬਹੁਤ ਦੁਖੀ ਹੋਏ ਅਤੇ ਉਨ੍ਹਾਂ ਨੇ ਪੰਜਾਬ ਵੱਲ ਮੁੜਨ ਦਾ ਫੈਸਲਾ ਕੀਤਾ। ਗੁਰੂ ਜੀ ਨੇ ਅਨੁਭਵ ਕੀਤਾ ਕਿ ਸਿੱਖਾਂ ਵਿਚ ਆਤਮ-ਵਿਸ਼ਵਾਸ ਨੂੰ ਪੈਦਾ ਕਰਨ ਦੀ ਬਹੁਤ ਜ਼ਰੂਰਤ ਸੀ। ਇਸ ਤਰ੍ਹਾਂ ਪੰਜਾਬ ਦੇ ਹਿੰਦੂ ਵੀ ਹੁਣ ਮੁਸਲਮਾਨ ਅਧਿਕਾਰੀਆਂ ਦੇ ਅਤਿਆਚਾਰ ਤੋਂ ਬਚਣ ਲਈ ਗੁਰੂ ਦੇਵ ਦੀ ਸ਼ਰਨ ਲੱਗ ਗਏ ਸਨ।

ਗੁਰੂ ਤੇਗ਼ ਬਹਾਦਰ ਨੇ ਪੰਜਾਬ ਦੀ ਸਥਿਤੀ ਨੂੰ ਦੇਖਣ ਲਈ ਪਟਨਾ ਨਿਵਾਸੀਆਂ ਤੋਂ ਵਿਦਾ ਲਈ। ਡਾ. ਤ੍ਰਿਲੋਚਨ ਸਿੰਘ ਅਨੁਸਾਰ ਗੁਰੂ ਜੀ ਨੇ ਪਹਿਲਾਂ ਇੱਕਲੇ ਹੀ ਪੰਜਾਬ ਜਾਣ ਦਾ ਫੈਸਲਾ ਕੀਤਾ। ਪਰੰਤੂ ਕੁਝ ਦਿਨਾਂ ਤੋਂ ਬਾਅਦ ਪਰਿਵਾਰ ਨੂੰ ਨਾਲ ਲੈ ਕੇ ਜਾਣ ਦਾ ਫੈਸਲਾ ਕੀਤਾ ਅਤੇ ਉਹ ਸੰਨ 1671 ਈ. ਨੂੰ ਵਿਸਾਖੀ ਤੋਂ ਪਹਿਲਾਂ ਅਨੰਦਪੁਰ ਪਹੁੰਚ ਗਏ।

ਅਨੰਦਪੁਰ ਵਿਚ ਗੁਰੂ ਜੀ ਦੇ ਸਾਹਮਣੇ ਦੋ ਕੰਮ ਸਨ-ਪਹਿਲਾ ਬਾਲਕ ਗੋਬਿੰਦ ਦੀ ਸਿੱਖਿਆ ਅਤੇ ਦੂਸਰਾ ਸਿੱਖਾਂ ਨੂੰ ਸੰਗਠਿਤ ਕਰ ਕੇ ਸ਼ਕਤੀਸ਼ਾਲੀ ਬਨਾਉਣਾ। ਉਹ ਸਿੱਖਾਂ ਨੂੰ ਨਿਡਰ ਬਣਾ ਕੇ ਅਨਿਆਇ ਦੇ ਵਿਰੁੱਧ ਲੜਨ ਦੇ ਲਈ ਤਿਆਰ ਕਰਨਾ ਚਾਹੁੰਦੇ ਸਨ।

ਗੁਰੂ ਦੇਵ ਨੇ ਬਾਲਕ ਗੋਬਿੰਦ ਦੀ ਸਿੱਖਿਆ ਵੱਲ ਵਿਸ਼ੇਸ਼ ਧਿਆਨ ਦਿੱਤਾ। ਬਾਲਕ ਗੋਬਿੰਦ ਦੇ ਲਈ ਪੰਜਾਬੀ ਅਤੇ ਫ਼ਾਰਸੀ ਦਾ ਅਧਿਐਨ ਜ਼ਰੂਰੀ ਸੀ ਅਤੇ ਪੰਜਾਬੀ ਦੇ ਲਈ ਸਾਹਿਬ ਚੰਦ ਜੀ ਅਤੇ ਫ਼ਾਰਸੀ ਦੇ ਲਈ ਪੀਰ ਮੁਹੰਮਦ ਨਾਂਅ ਨਾਲ ਪ੍ਰਸਿੱਧ ਵਿਦਵਾਨਾਂ ਨੂੰ ਨਿਯੁਕਤ ਕੀਤਾ ਗਿਆ। ਇਨ੍ਹਾਂ ਦੋਨਾਂ ਵਿਦਵਾਨਾਂ ਨੇ ਬਾਲਕ ਨੂੰ ਇਨ੍ਹਾਂ ਭਾਸ਼ਾਵਾਂ ਸੰਬੰਧੀ ਪੂਰੀ ਜਾਣਕਾਰੀ ਦਿੱਤੀ। ਬਾਲਕ ਨੂੰ ਸੰਸਕ੍ਰਿਤ ਦੀ ਸਿੱਖਿਆ ਵੀ ਦਿੱਤੀ ਗਈ। ਸ਼ਸਤਰ ਵਿੱਦਿਆ ਅਤੇ ਘੋੜ ਸਵਾਰੀ ਆਦਿ ਦੇ ਲਈ ਆਪਣੇ ਸਮੇਂ ਦੇ ਪ੍ਰਸਿੱਧ ਅਤੇ ਅਨੁਭਵੀ ਬਹਾਦਰ ਬੱਜਰ ਨਾਮਕ ਰਾਜਪੂਤ ਨੂੰ ਨਿਯੁਕਤ ਕੀਤਾ ਗਿਆ। ਇਸ ਪ੍ਰਕਾਰ ਗੁਰੂ ਜੀ ਨੇ (ਬਾਲ) ਗੋਬਿੰਦ ਦੀ ਸਿੱਖਿਆ ਆਦਿ ਦਾ ਚੰਗਾ ਪ੍ਰਬੰਧ ਕੀਤਾ। ਇਸ ਦੇ ਸੰਬੰਧ ਵਿਚ ਗੁਰੂ ਗੋਬਿੰਦ ਸਿੰਘ ਦੀ ਆਪਣੀ ਕਥਾ ਬਚਿੱਤਰ ਨਾਟਕ ਵਿੱਚ ਨਿਮਨਲਿਖਿਤ ਪੰਕਤੀਆਂ ਇਸ ਤਰ੍ਹਾਂ ਹਨ-

**ਮੱਦ ਦੇਸ ਹਮ ਕੋ ਲੇ ਆਏ।**
**ਭਾਂਤਿ-ਭਾਂਤਿ ਦਾਈਅਨ ਦੁਲਰਾਏ॥**
**ਕੀਨੀ ਅਨਿਕ ਭਾਂਤਿ ਤਨ ਰੱਛਾ।**
**ਦੀਨੀ ਭਾਂਤਿ-ਭਾਂਤਿ ਕੀ ਸਿੱਛਾ॥**

ਇਸ ਤਰ੍ਹਾਂ ਗੁਰੂ ਜੀ ਨੇ ਬਾਲਕ ਗੋਬਿੰਦ ਦੀ ਸਿੱਖਿਆ ਅਤੇ ਪਾਲਣ-ਪੋਸ਼ਣ ਦਾ ਉਚਿਤ ਪ੍ਰਬੰਧ ਕੀਤਾ ਸੀ।

ਆਨੰਦਪੁਰ ਵਿਚ ਸਿੱਖ-ਕੇਂਦਰ ਨੂੰ ਸੰਗਠਿਤ ਕਰ ਕੇ ਗੁਰੂ ਤੇਗ਼ ਬਹਾਦਰ ਪੰਜਾਬ ਅਤੇ ਮਾਲਵਾ ਆਦਿ ਦੇਸ਼ ਦੇ ਲੋਕਾਂ ਵਿਚ ਜਾਗ੍ਰਿਤੀ ਪੈਦਾ ਕਰਨ ਦੇ ਲਈ ਤਿਆਰ ਹੋਏ। ਇਨ੍ਹਾਂ ਨੇ ਪੰਜਾਬ ਦੀ ਇਹ ਯਾਤਰਾ ਸੰਨ 1672 ਈ. ਵਿਚ ਆਰੰਭ ਕੀਤੀ।

ਗੁਰੂ ਤੇਗ਼ ਬਹਾਦਰ ਨੇ ਪਟਿਆਲਾ, ਸਰਹੰਦ, ਮਾਨਸਾ, ਬਠਿੰਡਾ, ਸੰਗਰੂਰ, ਬਰਨਾਲਾ ਆਦਿ ਸਥਾਨਾਂ ਵਿਚ ਸਿੱਖ ਮੱਤ ਦਾ ਪ੍ਰਚਾਰ ਕੀਤਾ। ਸਿੱਖਾਂ ਵਿਚ ਜਾਗਰਿਤੀ ਲਿਆਉਣ ਦੇ ਲਈ ਪਿੰਡ-ਪਿੰਡ ਵਿਚ ਪ੍ਰਚਾਰ ਕੀਤਾ। ਇਨ੍ਹਾਂ ਦੇ ਵਿਚਾਰਾਂ ਨਾਲ ਸਿੱਖਾਂ ਤੋਂ ਇਲਾਵਾ ਹਿੰਦੂ ਅਤੇ ਮੁਸਲਮਾਨ ਵੀ ਪ੍ਰਭਾਵਿਤ ਹੁੰਦੇ ਸਨ। ਇਨ੍ਹਾਂ ਨੇ ਸਿੱਖਾਂ ਵਿਚ ਆਤਮ-ਵਿਸ਼ਵਾਸ ਪੈਦਾ ਕਰਨ ਦੇ ਲਈ ਨਿਮਨ ਪ੍ਰਕਾਰ ਦੇ ਪਦਾਂ ਦੀ ਰਚਨਾ ਕੀਤੀ-

**ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ।**
**ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥**

ਗੁਰੂ ਦੇਵ ਵਾਸਤਵ ਵਿਚ ਅਜਿਹੇ ਆਦਰਸ਼ ਮਨੁੱਖਾਂ ਨੂੰ ਸੰਗਠਿਤ ਕਰਦੇ ਸਨ ਜੋ ਕਿ ਧਰਮ ਅਤੇ ਨਿਆਂ ਦੀ ਰੱਖਿਆ ਕਰ ਸਕੇ। ਅਜਿਹੇ ਮਨੁੱਖਾਂ ਵਿਚ ਦੁੱਖ-ਸੁੱਖ, ਲੋਭ-ਮੋਹ, ਨਿੰਦਾ-ਉਸਤਤੀ ਅਤੇ ਖੁਸ਼ੀ-ਗਮੀ ਦਾ ਕੋਈ ਭੇਦ ਨਹੀਂ ਰਹਿੰਦਾ ਹੈ। ਗੁਰੂ ਜੀ ਦਾ ਨਿਮਨ ਲਿਖਤ ਸ਼ਬਦ ਅਜਿਹੇ ਹੀ ਆਦਰਸ਼ ਮਨੁੱਖਾਂ ਦੇ ਲਈ ਉਚਾਰਨ ਕੀਤਾ ਗਿਆ ਸੀ-

**ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ।**
**ਸੁਖ ਸਨੇਹੁ ਅਰੁ ਭੈ ਨਹੀ ਜਾ ਕੈ**
**ਕੰਚਨ ਮਾਟੀ ਮਾਨੈ॥੧॥ ਰਹਾਉ॥**
**ਨਹ ਨਿੰਦਿਆ ਨਹ ਉਸਤਤਿ**
**ਜਾ ਕੈ ਲੋਭੁ ਮੋਹੁ ਅਭਿਮਾਨਾ।**
**ਹਰਖ ਸੋਗ ਤੇ ਰਹੈ ਨਿਆਰਉ**
**ਨਾਹਿ ਮਾਨ ਅਪਮਾਨਾ।**
**ਆਸਾ ਮਨਸਾ ਸਗਲ ਤਿਆਗੈ**

**ਜਗ ਤੇ ਰਹੈ ਨਿਰਾਸਾ॥**
**ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ॥**
**ਤਿਹ ਘਟਿ ਬ੍ਰਹਮੁ ਨਿਵਾਸਾ।**
**ਗੁਰ ਕਿਰਪਾ ਜਿਹ ਨਰ ਕਉ ਕੀਨੀ**
**ਤਿਹ ਇਹ ਜੁਗਤਿ ਪਛਾਨਿ।**
**ਨਾਨਕ ਲੀਨ ਭਇਓ ਗੋਬਿੰਦ ਸਿਉ**
**ਜਿਉ ਪਾਨੀ ਸੰਗਿ ਪਾਨੀ॥**

ਗੁਰੂ ਤੇਗ਼ ਬਹਾਦਰ ਦੇ ਸੇਵਕਾਂ ਦੀ ਸੰਖਿਆ ਦਿਨ ਦੁੱਗਣੀ ਅਤੇ ਰਾਤ ਚੌਗੁਣੀ ਵੱਧਣ ਲੱਗੀ। ਗੁਰੂ ਜੀ ਜਿੱਥੇ ਵੀ ਪ੍ਰਚਾਰ ਦੇ ਲਈ ਜਾਂਦੇ, ਹਜ਼ਾਰਾਂ ਦੀ ਸੰਖਿਆ ਵਿਚ ਸਿੱਖ ਇਕੱਠੇ ਹੋ ਜਾਂਦੇ ਅਤੇ ਇਨ੍ਹਾਂ ਨੂੰ ਤਰ੍ਹਾਂ-ਤਰ੍ਹਾਂ ਦੀ ਭੇਟ ਚੜਾਉਂਦੇ ਸਨ। ਇਸ ਸਮੇਂ ਤੱਕ ਸਿੱਖ ਸ਼ਕਤੀ ਬਹੁਤ ਮਜ਼ਬੂਤ ਹੋ ਗਈ ਸੀ। ਇੰਨਾ ਹੀ ਨਹੀਂ ਗੁਰੂ ਤੇਗ਼ ਬਹਾਦਰ ਦੇ ਧਾਰਮਿਕ ਅਤੇ ਕ੍ਰਾਂਤੀਕਾਰੀ ਵਿਅਕਤਿਤਵ ਦਾ ਪ੍ਰਭਾਵ ਹਿੰਦੂਆਂ ਅਤੇ ਮੁਸਲਮਾਨਾਂ ਉੱਪਰ ਵੀ ਪਿਆ। ਅਨੇਕ ਮੁਸਲਮਾਨ ਫ਼ਕੀਰ ਇਨ੍ਹਾਂ ਦੇ ਸ਼ਰਧਾਲੂ ਬਣ ਗਏ। ਮਾਲਵਾ ਦੇ ਸੈਂਕੜੇ ਪਠਾਨਾਂ ਨੇ ਸਿੱਖ ਮਤ ਨੂੰ ਧਾਰਣ ਕੀਤਾ। ਸਿੱਖ, ਹਿੰਦੂ ਅਤੇ ਮੁਸਲਮਾਨ ਗੁਰੂ ਜੀ ਨੂੰ "ਸੱਚੇ ਬਾਦਸ਼ਾਹ" ਦੇ ਨਾਮ ਨਾਲ ਸੱਦਣ ਲੱਗੇ। ਗੁਰੂ ਦੇਵ ਜੀ ਦੀਆਂ ਇਨ੍ਹਾਂ ਗਤੀਵਿਧੀਆਂ ਦੀ ਸੂਚਨਾ ਦਿੱਲੀ ਦਰਬਾਰ ਨੂੰ ਪਹੁੰਚਣ ਲੱਗੀ। ਔਰੰਗਜ਼ੇਬ ਨੂੰ ਸਿੱਖਾਂ ਦੀ ਵੱਧਦੀ ਹੋਈ ਸ਼ਕਤੀ ਨੂੰ ਦੇਖ ਕੇ ਬਹੁਤ ਚਿੰਤਾ ਹੋਈ। ਉਹ ਸੰਗਠਿਤ ਸਿੱਖ ਸ਼ਕਤੀ ਨੂੰ ਆਪਣੇ ਰਾਜ ਦੇ ਲਈ ਖਤਰਾ ਸਮਝਣ ਲੱਗਾ।

ਇਸ ਸਮੇਂ ਕਸ਼ਮੀਰ ਦੇ ਸੂਬੇਦਾਰ ਸ਼ੇਰ ਅਫਗਾਨ ਨੇ ਬਾਦਸ਼ਾਹ ਔਰੰਗਜ਼ੇਬ ਦੀ ਨਵੀਂ ਧਰਮ ਪਰਿਵਰਤਨ ਦੀ ਨੀਤੀ ਦੇ ਅਨੁਸਾਰ ਹਿੰਦੂਆਂ ਉਤੇ ਅੱਤਿਆਚਾਰ ਕਰਨੇ ਸ਼ੁਰੂ ਕਰ ਦਿੱਤੇ। ਹਿੰਦੂਆਂ ਦੀ ਤਰਸਯੋਗ ਹਾਲਤ ਦੇਖ ਕੇ ਮਟਨ-ਨਿਵਾਸੀ ਕ੍ਰਿਪਾ ਰਾਮ ਕਰੀਬ 500 ਹਿੰਦੂ ਬ੍ਰਾਹਮਣਾਂ ਨੂੰ ਲੈ ਕੇ ਗੁਰੂ ਦਰਬਾਰ ਵਿਚ ਹਾਜ਼ਰ ਹੋਇਆ ਅਤੇ ਗੁਰੂ ਤੇਗ਼ ਬਹਾਦਰ ਜੀ ਨੂੰ ਹਿੰਦੂਆਂ ਉੱਪਰ ਹੋ ਰਹੇ ਅੱਤਿਆਚਾਰ ਦੀ ਕਹਾਣੀ ਸੁਣਾਈ। ਗੁਰੂ ਜੀ ਕਸ਼ਮੀਰ ਸਮਾਚਾਰਾਂ ਨੂੰ ਸੁਣਕੇ ਹੈਰਾਨ ਹੋਏ, ਉਨ੍ਹਾਂ ਨੇ ਕਸ਼ਮੀਰ ਦੇ ਹਿੰਦੂਆਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਉਨ੍ਹਾਂ ਦੀ ਸਹਾਇਤਾ ਕਰਨਗੇ। ਇਸ ਸਮੇਂ ਤੱਕ ਗੁਰੂ ਜੀ ਨੇ ਮਨ ਵਿਚ ਫੈਸਲਾ ਕਰ ਲਿਆ ਕਿ ਹਿੰਦੂਆਂ ਉੱਪਰ ਅਨਿਆਇ ਹੋ ਰਿਹਾ ਹੈ ਅਤੇ ਇਸ ਅਨਿਆਇ ਨੂੰ ਦੂਰ ਕਰਨਾ ਹੋਵੇਗਾ।

ਗੁਰੂ ਤੇਗ਼ ਬਹਾਦਰ ਨੇ ਹਿੰਦੂਆਂ ਨੂੰ ਮੁਗ਼ਲ-ਸ਼ਾਸਕਾਂ ਦਾ ਵਿਰੋਧ ਕਰਨ ਦੇ ਲਈ ਵੀ ਉਤਸ਼ਾਹਿਤ ਕੀਤਾ। ਉਨ੍ਹਾਂ ਨੇ ਪੂਰਾ ਵਿਸ਼ਵਾਸ ਦਿਵਾਇਆ ਕਿ ਉਹ ਉਨ੍ਹਾਂ ਦਾ ਇਸ ਧਰਮ ਪਰਿਵਰਤਨ ਦੇ ਸਮੇਂ ਸਾਥ ਦੇਣਗੇ। ਅੰਤ ਵਿਚ ਉਨ੍ਹਾਂ ਨੂੰ ਕਿਹਾ ਕਿ ਉਹ ਕਸ਼ਮੀਰ ਜਾ ਕੇ ਸੂਬੇਦਾਰ ਨੂੰ ਕਹਿ ਦੇਣ ਕਿ ਸਾਡੇ ਅਧਿਆਤਮਕ ਗੁਰੂ "ਨੌਵੇਂ ਨਾਨਕ" ਹਨ। ਜੇਕਰ ਮੁਸਲਮਾਨ ਧਰਮ ਉਹ ਧਾਰਣ ਕਰ ਲੈਣ ਤਾਂ ਅਸੀਂ ਵੀ ਮੁਸਲਮਾਨ ਬਣ ਜਾਵਾਂਗੇ।

ਗੁਰੂ ਤੇਗ਼ ਬਹਾਦਰ ਅਤੇ ਕਸ਼ਮੀਰ ਦੇ ਹਿੰਦੂਆਂ ਦੀ ਇਸਲਾਮ ਵਿਚ ਜ਼ਬਰਦਸਤੀ ਪਰਿਵਰਤਨ ਕਰਨ (ਦੀ ਸਰਕਾਰੀ ਨੀਤੀ) ਦੇ ਖੁੱਲੇ ਵਿਰੋਧ ਦੀ ਸੂਚਨਾ ਔਰੰਗਜੇਬ ਨੂੰ ਦੇ ਦਿੱਤੀ ਗਈ। ਇਹ ਸੁਣਦੇ ਹੀ ਔਰੰਗਜ਼ੇਬ ਨੇ (ਗੁਰੂ) ਤੇਗ਼ ਬਹਾਦਰ ਨੂੰ ਦਿੱਲੀ ਆਉਣ ਦਾ ਹੁਕਮ ਦਿੱਤਾ। ਸ਼ਾਹੀ ਫ਼ੁਰਮਾਨ ਨੂੰ ਲੈ ਕੇ ਅਧਿਕਾਰੀ ਅਨੰਦਪੁਰ ਪਹੁੰਚਿਆ। ਪਰੰਤੂ ਗੁਰੂ ਜੀ ਇਸ ਤੋਂ ਪਹਿਲਾਂ ਹੋਣ ਵਾਲੀਆਂ ਘਟਨਾਵਾਂ ਦਾ ਅਨੁਮਾਨ ਲਗਾ ਕੇ ਦਿੱਲੀ ਨੂੰ ਰਵਾਨਾ ਹੋ ਗਏ। ਜਾਂਦੇ ਸਮੇਂ ਗੁਰੂ ਜੀ ਨੇ ਬਾਲਕ ਗੋਬਿੰਦ ਦਾਸ ਨੂੰ ਗੁਰ ਦਰਬਾਰ ਦੀ ਸਾਰੀ ਜ਼ਿੰਮੇਵਾਰੀ ਸੌਂਪ ਦਿੱਤੀ। ਇਸ ਤੋਂ ਬਾਅਦ ਕ੍ਰਿਪਾਲ ਚੰਦ ਆਦਿ ਨਾਲ ਮਿਲਕੇ ਗੁਰੂ ਜੀ ਆਪਣੇ ਪੰਜ ਸੇਵਕਾਂ ਨਾਲ ਦਿੱਲੀ ਵੱਲ ਤੁਰ ਪਏ।

ਗੁਰੂ ਤੇਗ਼ ਬਹਾਦਰ ਦੇ ਆਨੰਦਪੁਰ ਵਿਚ ਨਾ ਮਿਲਣ ਤੇ ਔਰੰਗਜ਼ੇਬ ਨੇ ਲਾਹੌਰ ਦੇ ਹਾਕਮ ਨੂੰ ਆਦੇਸ਼ ਦਿੱਤਾ ਕਿ (ਗੁਰੂ) ਤੇਗ਼ ਬਹਾਦਰ ਨੂੰ ਕੈਦ ਵਿਚ ਰੱਖਣ। ਗੁਰੂ ਜੀ ਇਸ ਸਮੇਂ ਆਗਰਾ ਵਿਚ ਧਰਮ ਪ੍ਰਚਾਰ ਕਰ ਰਹੇ ਸਨ। ਇਨ੍ਹਾਂ ਨੇ ਉੱਥੇ ਹੀ ਬਾਦਸ਼ਾਹ ਔਰੰਗਜ਼ੇਬ ਨੂੰ ਮਿਲਣ ਦਾ ਨਿਸ਼ਚਾ ਕੀਤਾ। ਪਰੰਤੂ ਔਰੰਗਜ਼ੇਬ ਨੂੰ ਕਾਬੁਲ ਤੋਂ ਮੁੜਦੇ ਸਮੇਂ ਦੇਰ ਹੋ ਗਈ। ਆਗਰਾ ਵਿਚ ਠਹਿਰੇ। ਬਾਗ਼ ਵਿਚ ਠਹਿਰਨ ਦੇ ਦੌਰਾਨ ਹੀ ਗੁਰੂ ਜੀ ਇਕ ਆਯਾਲੀ ਬਾਬਾ ਹਸਨ ਅਲੀ ਦੇ ਦੁਆਰਾ ਬੜੇ ਨਾਟਕੀ ਢੰਗ ਨਾਲ ਗ੍ਰਿਫਤਾਰ ਹੋਏ। ਉਥੋਂ ਦੇ ਕੋਤਵਾਲ ਦੇ ਦੁਆਰਾ ਬਾਦਸ਼ਾਹ ਨੂੰ ਸੂਚਨਾ ਤੇ ਉਨ੍ਹਾਂ ਨੂੰ ਆਪਣੇ ਇਕ ਸਰਦੀਨ ਉਮਰਾਉ ਨੂੰ ਆਗਰਾ ਭੇਜ ਕੇ ਗੁਰੂ ਜੀ ਨੂੰ ਦਿੱਲੀ ਬੁਲਵਾ ਲਿਆ ਅਤੇ ਕੈਦ ਕਰ ਲਿਆ। ਔਰੰਗਜ਼ੇਬ ਦੇ ਮਨ ਵਿਚ ਸਾਰੀ ਹਿੰਦੂਜਾਤੀ ਨੂੰ ਇਸਲਾਮ

ਧਰਮ ਵਿਚ ਸ਼ਾਮਲ ਕਰਨ ਦੀ ਇੱਛਾ ਸੀ, ਜਿਸ ਲਈ ਉਸ ਨੇ ਗੁਰੂ ਜੀ ਤੋਂ ਸਹਿਯੋਗ ਅਤੇ ਸਹਾਇਤਾ ਮੰਗੀ। ਉਸਨੇ ਆਪਣਾ ਸਿਖਿਆ ਕਾਰਜ ਪੂਰਾ ਕਰਨ ਦੇ ਲਈ ਗੁਰੂ ਜੀ ਅਤੇ ਉਨ੍ਹਾਂ ਦੇ ਅਨੁਯਾਈਆਂ ਨੂੰ ਉੱਚੀ ਪਦਵੀ ਦੇਣ ਦਾ ਵਚਨ ਦਿੱਤਾ। ਵਜ਼ੀਰ ਨੇ ਗੁਰੂ ਤੇਗ਼ ਬਹਾਦਰ ਨੂੰ ਇਸਲਾਮ ਧਰਮ ਅਪਨਾਉਣ ਦੇ ਲਈ ਅਨੇਕ ਲੋਭ ਦਿੱਤੇ। ਗੁਰੂ ਜੀ ਦੇ ਅਸਵੀਕਾਰ ਕਰਨ ਉੱਤੇ ਉਨ੍ਹਾਂ ਨੂੰ ਡਰਾਇਆ ਵੀ ਗਿਆ। ਪਰੰਤੂ ਗੁਰੂ ਜੀ ਨੇ ਨਿਰਭੈ ਹੋ ਕੇ ਵਜ਼ੀਰ ਨੂੰ ਕਿਹਾ, "ਬਾਦਸ਼ਾਹ ਔਰੰਗਜ਼ੇਬ, ਜੇ ਪੈਗੰਬਰ ਸਾਰੇ ਵਿਸ਼ਵ ਵਿਚ ਇਸਲਾਮ ਧਰਮ ਨੂੰ ਨਹੀਂ ਫੈਲਾ ਸਕਿਆ ਅਤੇ ਨਾ ਹੀ ਵਿਸ਼ਵ ਦੇ ਲੋਕਾਂ ਉਤੇ ਠੋਸ ਸਕਿਆ, ਫਿਰ ਬਾਦਸ਼ਾਹ ਇਹ ਕਿਵੇਂ ਕਰ ਸਕਦਾ ਹੈ?" ਤਾਂ ਫਿਰ ਗੁਰੂ ਜੀ ਨੇ ਅੱਗੇ ਚਲ ਕੇ ਕਿਹਾ, "ਬਾਦਸ਼ਾਹ ਔਰੰਗਜ਼ੇਬ ਨੂੰ ਇਹ ਭਲੀ ਪ੍ਰਕਾਰ ਸਮਝ ਲੈਣਾ ਚਾਹੀਦਾ ਹੈ ਕਿ ਭਾਰਤ ਵਿਚ ਇਸਲਾਮ ਦੇ ਨਾਲ-ਨਾਲ ਸਿੱਖ ਅਤੇ ਹਿੰਦੂ ਆਦਿ ਧਰਮ ਹਮੇਸ਼ਾਂ ਜੀਵਤ ਰਹਿਣਗੇ ਅਤੇ ਮੁਸਲਮਾਨਾਂ, ਸਿੱਖਾਂ ਅਤੇ ਹਿੰਦੂਆਂ ਨੂੰ ਇਕ ਦੂਸਰੇ ਦੇ ਧਰਮ ਵਿਚ ਰੁਕਾਵਟ ਨਹੀਂ ਬਣਨਾ ਚਾਹੀਦਾ ਅਤੇ ਮਿਲ ਕੇ ਰਹਿਣਾ ਚਾਹੀਦਾ ਹੈ।

ਇਸ ਤੋਂ ਬਾਅਦ ਗੁਰੂ ਦੇਵ ਜੀ ਨੂੰ ਕੋਈ ਪਰਮਾਤਮਾਈ ਚਮਤਕਾਰ ਦਿਖਾਉਣ ਦੇ ਲਈ ਕਿਹਾ ਗਿਆ। ਗੁਰੂ ਜੀ ਨੇ ਚਮਤਕਾਰ ਪ੍ਰਦਰਸ਼ਨ ਨੂੰ ਅਕਾਲ ਪੁਰਖ ਦੀ ਇੱਛਾ ਦੇ ਵਿਰੁੱਧ ਕਹਿ ਕੇ ਅਸਵੀਕਾਰ ਕਰ ਦਿੱਤਾ। ਪਰੰਤੂ ਗੁਰੂ ਜੀ ਆਪਣੇ ਇਰਾਦੇ ਉੱਪਰ ਅਟੱਲ ਰਹੇ। ਉਹ ਤਾਂ ਮੁਗ਼ਲ ਰਾਜ ਦੀਆਂ ਜੜ੍ਹਾਂ ਉਖਾੜਨ ਦੇ ਲਈ ਹਰ ਤਰ੍ਹਾਂ ਦੀ ਕੁਰਬਾਨੀ ਦੇਣ ਲਈ ਤਿਆਰ ਸਨ। "ਗੁਰ ਪ੍ਰਤਾਪ ਸੂਰਜ" ਵਿਚ ਗੁਰੂ ਜੀ ਦੇ ਕਾਰਾਵਾਸ ਵਿਚ ਰਹਿੰਦੇ ਸਮੇਂ ਦੇ ਅਨੇਕ ਚਮਤਕਾਰ ਚਰਿੱਤਰ ਦਾ ਵਰਨਣ ਮਿਲਦਾ ਹੈ। ਜਿਵੇਂ ਜਮਨਾ ਨਦੀ ਵਿਚ ਇਸ਼ਨਾਨ ਕਰਨ ਜਾਣਾ, ਆਪਣੇ ਸਿੱਖਾਂ ਦੇ ਘਰਾਂ ਵਿੱਚ ਭੋਜਨ ਖਾਣ ਲਈ ਜਾਣਾ ਆਦਿ। ਪਰੰਤੂ "ਮਹਿਮਾ ਪ੍ਰਕਾਸ਼" ਅਤੇ "ਗੁਰ ਬਿਲਾਸ" ਆਦਿ ਵਿਚ ਅਜਿਹੇ ਚਰਿੱਤਰਾਂ ਦਾ ਕੋਈ ਸੰਕੇਤ ਨਹੀਂ ਮਿਲਦਾ। ਅੰਤ ਵਿਚ ਗੁਰੂ ਜੀ ਨੂੰ ਕਾਰਾਵਾਸ ਵਿਚ ਬੰਦ ਕਰ ਦਿੱਤਾ ਗਿਆ ਅਤੇ ਇਨ੍ਹਾਂ ਦੇ ਮਨ ਵਿਚ ਡਰ ਪੈਦਾ ਕਰਨ ਲਈ ਇਨ੍ਹਾਂ ਦੇ ਸ਼ਿਸ਼ ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰਿਆ ਗਿਆ ਅਤੇ ਭਾਈ ਦਿਆਲ ਦਾਸ ਨੂੰ ਦੇਗ ਵਿੱਚ ਉਬਾਲਿਆ ਗਿਆ। ਗੁਰੂ ਦੇ ਇਨ੍ਹਾਂ ਚੇਲਿਆਂ ਨੇ ਮੌਤ ਨੂੰ ਤਾਂ ਅਪਨਾ ਲਿਆ, ਪਰੰਤੂ ਧਰਮ ਪਰਿਵਰਤਨ ਕਰਨਾ ਸਵੀਕਾਰ ਨਹੀਂ ਕੀਤਾ। ਇਸ ਤਰ੍ਹਾਂ ਦੇ ਘੋਰ ਕਸ਼ਟਾਂ ਤੋਂ ਵੀ ਗੁਰੂ ਜੀ ਨੂੰ ਅਪ੍ਰਭਾਵਿਤ ਦੇਖ ਕੇ ਬਾਦਸ਼ਾਹ ਨੇ ਦੂਸਰੇ ਸੇਵਕਾਂ ਨੂੰ ਛੱਡ ਦਿੱਤਾ, ਉਹ ਵੀ ਅਜਿਹੀ ਭਿਆਨਕ ਮੌਤ ਦੇਖ ਕੇ ਕੁਝ ਡਰ ਗਏ ਅਤੇ ਜੇਲ੍ਹ ਵਿਚੋਂ ਨਿਕਲਣ ਦੇ ਲਈ ਗੁਰੂ ਜੀ ਤੋਂ ਇਜਾਜਤ ਮੰਗਣ ਲੱਗੇ। ਜਦੋਂ ਗੁਰੂ ਜੀ ਨੇ ਉਨ੍ਹਾਂ ਨੂੰ ਇਜ਼ਾਜਤ ਦੇ ਦਿੱਤੀ ਤਾਂ ਉਨ੍ਹਾਂ ਨੇ ਕਾਰਾਵਾਸ ਤੋਂ ਮੁਕਤ ਹੋ ਕੇ ਬਾਹਰ ਰਹਿੰਦੇ ਗੁਰੂ ਸੇਵਾ ਦਾ ਪ੍ਰਣ ਲਿਆ। ਔਰੰਗਜੇਬ ਨੂੰ ਜਦੋਂ ਇਹ ਖਬਰ ਮਿਲੀ ਤਾਂ ਉਸਨੇ ਗੁਰੂ ਜੀ ਨੂੰ ਲੋਹੇ ਦੇ ਪਿੰਜਰੇ ਵਿਚ ਬੰਦ ਕਰ ਦਿੱਤਾ। ਪਰੰਤੂ ਗੁਰੂ ਜੀ ਉਪਰ ਇਸ ਦਾ ਵੀ ਕੋਈ ਪ੍ਰਭਾਵ ਨਹੀਂ ਪਿਆ। ਉਨ੍ਹਾਂ ਨੇ ਹੁਣ ਸਰੀਰ ਤਿਆਗ ਦੇਣ ਦਾ ਨਿਸ਼ਚਾ ਕਰਕੇ ਬਾਲਕ ਗੋਬਿੰਦ ਰਾਏ ਦੀ ਪਰੀਖਿਆ ਲੈਣ ਲਈ ਨਿਮਨ-ਲਿਖਤ ਸ਼ਲੋਕ ਉਸਦੇ ਕੋਲ ਭਿਜਵਾਇਆ-

**ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ॥**
**ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ॥**

ਇਸਦੇ ਉੱਤਰ ਵਿਚ ਗੁਰੂ ਗੋਬਿੰਦ ਦਾਸ ਨੇ ਨਿਮਨਲਿਖਤ ਸ਼ਲੋਕ ਉਨ੍ਹਾਂ ਦੇ ਕੋਲ ਭੇਜਿਆ ਜਿਸ ਤੋਂ ਵਿਸ਼ਵਾਸ ਹੋ ਗਿਆ ਕਿ ਉਨ੍ਹਾਂ ਤੋਂ ਬਾਅਦ ਗੋਬਿੰਦ ਗੁਰਗੱਦੀ ਦੇ ਯੋਗ ਹੋ ਗਏ ਹਨ-

**ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ॥**
**ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ॥**

ਇਸ ਤਰ੍ਹਾਂ ਹੀ ਉਨ੍ਹਾਂ ਨੇ ਆਪਣੀ ਮਾਤਾ ਨਾਨਕੀ ਅਤੇ ਪਤਨੀ ਗੁਜਰੀ ਜੀ ਨੂੰ ਸੰਸਾਰ ਦੀ ਨਾਸ਼ਮਾਨਤਾ ਦਾ ਸੰਦੇਸ਼ ਦੇਣ ਦੇ ਲਈ ਵੈਰਾਗ ਭਾਵਨਾ ਨਾਲ ਭਰੇ ਸ਼ਬਦ ਲਿਖ ਕੇ ਭੇਜੇ ਸਨ। ਜਿਸ ਨਾਲ ਪ੍ਰਭੂ ਭਾਣੇ ਨੂੰ ਸਵੀਕਾਰ ਕਰਨ ਦੀ ਅਦੁੱਤੀ ਸ਼ਕਤੀ ਉਤਪੰਨ ਹੋ ਸਕੇ।

**ਰਾਮ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ॥**
**ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ॥**
**ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ॥**
**ਇਹ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀ ਕੋਇ॥**
**ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ॥**
**ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ॥**

ਇਸ ਤਰ੍ਹਾਂ ਗੁਰੂ ਤੇਗ਼ ਬਹਾਦਰ ਜੀ ਆਪਣੇ ਪਰਿਵਾਰਕ ਮੈਂਬਰਾਂ ਨੂੰ ਸੰਭਾਵਨਾ ਦੇਣ ਤੋਂ ਬਾਅਤ ਇਸ

ਨਾਸ਼ਵਾਨ ਸਰੀਰ ਨੂੰ ਤਿਆਗ ਦੇਣ ਦਾ ਇੱਧਰ ਦ੍ਰਿੜ ਇਰਾਦਾ ਕਰ ਹੀ ਰਹੇ ਸਨ ਕਿ ਓਧਰ ਔਰੰਗਜ਼ੇਬ ਨੇ ਆਪਣੀਆਂ ਸ਼ਰਤਾਂ ਪੂਰੀਆਂ ਹੁੰਦੀਆਂ ਨਾ ਵੇਖ ਕੇ ਗੁਰੂ ਜੀ ਉੱਤੇ ਨਾ ਕੇਵਲ ਅਧਿਕ ਕਠੋਰਤਾ ਕਰਨੀ ਆਰੰਭ ਕਰ ਦਿੱਤੀ ਬਲਕਿ ਗੁਰੂ ਜੀ ਨੂੰ ਕਤਲ ਕਰ ਦੇਣ ਦਾ ਹੁਕਮ ਵੀ ਦੇ ਦਿੱਤਾ।

ਸ਼ਹਿਰ ਵਿਚ ਇਸ ਬਾਰੇ ਮੁਨਾਦੀ ਕਰ ਦਿੱਤੀ ਗਈ। ਵੀਰਵਾਰ (12 ਮੱਘਰ) ਸੰਮਤ 1732 ਨੂੰ ਚਾਂਦਨੀ ਚੌਂਕ ਵਿਚ ਸੀਸ ਗੰਜ ਗੁਰਦੁਆਰੇ ਸਥਾਨ ਉੱਤੇ ਸਮਾਨਾ ਦੇ ਜਲਾਲੁਦੀਨ ਨਾਮ ਜਲਾਦ ਦੇ ਦੁਆਰਾ ਗੁਰੂ ਜੀ ਨੂੰ ਸ਼ਹੀਦ ਕਰ ਦਿੱਤਾ ਗਿਆ। 'ਗੁਰ ਪ੍ਰਤਾਪ ਸੂਰਜ' ਦੇ ਅਨੁਸਾਰ ਉਸ ਸਮੇਂ ਚਾਰੇ ਪਾਸੇ ਹਾਹਾਕਾਰ ਮਚ ਗਈ, ਬੱਦਲ ਅਤੇ ਹਨੇਰੀ ਛਾ ਗਈ। ਗੁਰੂ ਜੀ ਦਾ ਸੀਸ ਉੱਡ ਕੇ ਭਾਈ ਜੈਤਾ ਦੀ ਗੋਦੀ ਵਿਚ ਡਿੱਗਿਆ, ਜਿਸ ਨੂੰ ਉਸਨੇ ਛੁਪਾ ਲਿਆ ਅਤੇ ਆਨੰਦਪੁਰ ਲੈ ਗਿਆ। ਗੁਰੂ ਜੀ ਦਾ ਧੜ ਉਸ ਸਥਾਨ ਉੱਪਰ ਪਿਆ ਰਿਹਾ। ਬਾਦਸ਼ਾਹ ਦੇ ਜ਼ੁਲਮ ਤੋਂ ਡਰਦਾ ਕੋਈ ਵੀ ਅੱਗੇ ਨਹੀਂ ਵੱਧ ਰਿਹਾ ਸੀ। ਭਾਈ ਲੱਖੀ ਸ਼ਾਹ ਵਣਜਾਰੇ ਨੇ ਚਤੁਰਾਈ ਨਾਲ ਧੜ ਨੂੰ ਆਪਣੇ ਗੱਡੇ ਵਿਚ ਰੱਖ ਲਿਆ ਅਤੇ ਆਪਣੇ ਘਰ ਵਿਚ ਹੀ ਚਿਤਾ ਬਣਾ ਕੇ ਗੁਰੂ ਜੀ ਦੇ ਸਰੀਰ ਦਾ ਸੰਸਕਾਰ ਕੀਤਾ। ਉਧਰ ਜਦੋਂ ਭਾਈ ਜੈਤਾ ਅਨੰਦਪੁਰ ਪਹੁੰਚਿਆ ਤਾਂ ਗੋਬਿੰਦ ਦਾਸ ਨੇ "ਰੰਗਰੇਟਾ ਗੁਰੂ ਕਾ ਬੇਟਾ" ਕਹਿ ਕੇ ਉਸ ਦਾ ਸਤਿਕਾਰ ਕੀਤਾ ਅਤੇ ਬੜੇ ਸਨਮਾਨ ਦੇ ਨਾਲ ਗੁਰੂ ਜੀ ਦੇ ਸੀਸ ਦਾ ਸੰਸਕਾਰ ਕੀਤਾ। ਇਸ ਤਰ੍ਹਾਂ "ਹਿੰਦ ਦੀ ਚਾਦਰ" ਗੁਰੂ ਜੀ ਨੇ ਆਪਣਾ ਬਲੀਦਾਨ ਦੇ ਕੇ ਹਿੰਦੂ ਧਰਮ ਦੀ ਰੱਖਿਆ ਕੀਤੀ।

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਅਮਰ ਗ੍ਰੰਥ "ਬਚਿੱਤਰ ਨਾਟਕ" ਵਿਚ ਇਸ ਅਦੁੱਤੀ ਬਲੀਦਾਨ ਦਾ ਉਲੇਖ ਇਸ ਪ੍ਰਕਾਰ ਕੀਤਾ ਹੈ–

**ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥**
**ਕੀਨੋ ਬਡੋ ਕਲੂ ਮਹਿ ਸਾਕਾ।**
**ਸਾਧਨ ਹੇਤਿ ਇਤੀ ਜਿਨਿ ਕਰੀ॥**
**ਸੀਸੁ ਦੀਆ ਪਰ ਸੀ ਨਾ ਉਚਰੀ।**
**ਧਰਮ ਹੇਤ ਸਾਕਾ ਜਿਨਿ ਕੀਆ॥**
**ਸੀਸੁ ਦੀਆ ਪਰੁ ਸਿਰਰੁ ਨ ਦੀਆ॥**
**ਨਾਟਕ ਚੇਟਕ ਕੀਏ ਕੁਕਾਜਾ॥**
**ਪ੍ਰਭ ਲੋਗਨ ਕਹ ਆਵਤ ਲਾਜਾ।**

**ਦੋਹਰਾ**

**ਠਕਿਰ ਫੋਰਿ ਦਿਲੀਸ ਸਿਰਿ ਪ੍ਰਭ ਪੁਰਿ ਕੀਯਾ ਪਯਾਨ।**
**ਤੇਗ ਬਹਾਦਰੁ ਸੀ ਕ੍ਰਿਆ ਕਰੀ ਨਾ ਕਿਨਹੂੰ ਆਨਿ।**
**ਤੇਗ ਬਹਾਦੁਰ ਕੇ ਚਲਤ ਭਯੋ ਜਗਤ ਕੋ ਸੋਕ॥**
**ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕਿ॥**

ਗੁਰੂ ਜੀ ਦੇ ਬਲੀਦਾਨ ਦਾ ਵਰਨਣ "ਗੁਰ ਪ੍ਰਤਾਪ ਸੂਰਜ" ਵਿਚ ਬੜਾ ਸੋਹਣਾ ਹੋਇਆ ਹੈ। ਭਾਈ ਸੰਤੋਖ ਸਿੰਘ ਨੇ ਇਨ੍ਹਾਂ ਦੇ ਬਲੀਦਾਨ ਦੇ ਵਿਸ਼ੇ ਵਿਚ ਇਕ ਸਥਾਨ ਉੱਤੇ ਲਿਖਿਆ ਹੈ–

ਇਸ ਤਰ੍ਹਾਂ ਨਾਲ ਗੁਰੂ ਜੀ ਨੇ ਆਪਣੇ ਅਦੁੱਤੀ ਬਲੀਦਾਨ ਦੁਆਰਾ ਹਿੰਦੂਆਂ ਅਤੇ ਭਾਰਤੀ ਸੰਸਕ੍ਰਿਤੀ ਦੀ ਰੱਖਿਆ ਕੀਤੀ। ਇਸ ਸੰਬੰਧ ਵਿਚ "ਗੁਰ ਸੋਭਾ" ਦੇ ਰਚੇਤਾ ਕਵੀ ਸੈਨਾਪਤੀ ਦੇ ਵਿਚਾਰ ਪੇਸ਼ ਹਨ–

ਇਸ ਬਲੀਦਾਨ ਨੇ ਗੁਰੂ ਗੋਬਿੰਦ ਸਿੰਘ ਨੂੰ ਏਨਾ ਪ੍ਰਭਾਵਿਤ ਕੀਤਾ ਕਿ ਉਨ੍ਹਾਂ ਨੇ ਮੁਗਲ ਸ਼ਾਸਕਾਂ ਦੇ ਅਤਿਆਚਾਰਾਂ ਨੂੰ ਸਮਾਪਤ ਕਰਨ ਦੇ ਲਈ "ਖਾਲਸਾ" ਦਾ ਨਿਰਮਾਣ ਕੀਤਾ। ਇਤਿਹਾਸ ਇਸ ਤੱਥ ਦਾ ਗਵਾਹ ਹੈ ਕਿ ਅੰਤ ਵਿਚ ਗੁਰੂ ਗੋਬਿੰਦ ਸਿੰਘ ਜੀ ਮੁਗ਼ਲ ਸਾਮਰਾਜ ਦੇ ਪਤਨ ਦਾ ਮੁੱਖ ਕਾਰਣ ਬਣੇ ਬੈਠੇ ਹਨ।

ਇਸ ਬਲੀਦਾਨ ਨੇ ਭਾਰਤੀਆਂ ਵਿਚ ਉਤਸ਼ਾਹ ਇਸ ਹੱਦ ਤੱਕ ਭਰ ਦਿੱਤਾ ਕਿ ਹੁਣ ਉਨ੍ਹਾਂ ਕੋਲ ਉਹ ਸ਼ਕਤੀ ਇਕੱਠੀ ਹੋ ਗਈ ਸੀ ਕਿ ਉਹ ਬਾਦਸ਼ਾਹ ਔਰੰਗਜ਼ੇਬ ਨੂੰ ਵੀ ਪੱਥਰ ਮਾਰ ਸਕਦੇ ਹਨ। ਡਾ. ਤ੍ਰਿਲੋਚਨ ਸਿੰਘ ਦਾ ਕਥਨ ਹੈ ਕਿ ਗੁਰੂ ਜੀ ਦੇ ਬਲੀਦਾਨ ਨੇ ਵਿਭਿੰਨ ਧਰਮਾਂ ਅਤੇ ਸੰਸਕ੍ਰਿਤੀਆਂ ਦੇ ਲੋਕਾਂ ਵਿਚ ਇਕ ਦੂਸਰੇ ਦੇ ਧਰਮ ਦੇ ਪ੍ਰਤੀ ਆਦਰ ਭਾਵ ਦਿਖਾਉਣ ਦੀ ਪ੍ਰੇਰਨਾ ਪ੍ਰਦਾਨ ਕੀਤੀ।

ਗੁਰੂ ਤੇਗ਼ ਬਹਾਦਰ ਦੇ ਧਰਮ ਅਤੇ ਨਿਆਂ ਲਈ ਦਿੱਤੇ ਹੋਏ ਬਲੀਦਾਨ ਨੂੰ ਦੇਖ ਕੇ ਭਾਰਤੀਆਂ ਨੇ ਇਨ੍ਹਾਂ ਨੂੰ "ਹਿੰਦ ਦੀ ਚਾਦਰ" ਦੀ ਉਪਾਧੀ ਨਾਲ ਸਨਮਾਨਿਤ ਕੀਤਾ।

ਭਾਈ ਸੰਤੋਖ ਸਿੰਘ ਅਨੁਸਾਰ ਆਪ ਦਸ ਸਾਲ, 7 ਮਹੀਨੇ ਅਤੇ ਇੱਕੀ ਦਿਨ ਗੁਰੂ ਨਾਨਕ ਦੇ ਪਵਿੱਤਰ ਸਿੰਘਾਸਨ ਉਤੇ ਬਿਰਾਜਮਾਨ ਰਹੇ। ਭਾਈ ਕਾਨ੍ਹ ਸਿੰਘ ਅਨੁਸਾਰ ਗੁਰ-ਗੱਦੀ ਉੱਪਰ ਬਿਰਾਜਮਾਨ ਰਹਿਣ ਦਾ ਸਮਾਂ 10 ਸਾਲ, 7 ਮਹੀਨੇ, 18 ਦਿਨ ਹੈ। ਮਹਿਮਾ ਪ੍ਰਕਾਸ਼ ਵਿਚ ਆਪ ਦੇ 17

ਸਾਲ, 7 ਮਹੀਨੇ, 21 ਦਿਨ ਤੱਕ ਇਸ ਉੱਤੇ ਬਿਰਾਜਮਾਨ ਰਹਿਣ ਦੇ ਸਮੇਂ ਦਾ ਉਲੇਖ ਮਿਲਦਾ ਹੈ। (ਵਿਦਵਾਨ-ਲੋਕ) ਸੰਤੋਖ ਸਿੰਘ ਅਤੇ ਭਾਈ ਕਾਨ੍ਹ ਸਿੰਘ ਦੁਆਰਾ ਦਿੱਤਾ ਸਮਾਂ ਠੀਕ ਮੰਨਦੇ ਹਨ। ਇਸ ਤਰ੍ਹਾਂ ਆਪ ਇਸ ਸੰਸਾਰ ਵਿੱਚ 54 ਸਾਲ, 7 ਮਹੀਨੇ ਅਤੇ 7 ਦਿਨ ਤੱਕ ਰਹੇ।

ਭਾਈ ਸੰਤੋਖ ਸਿੰਘ ਨੇ ਗੁਰੂ ਜੀ ਦੇ ਜੀਵਨ ਨਾਲ ਸੰਬੰਧਤ ਵਿਭਿੰਨ ਸਥਾਨਾਂ ਦੀ ਯਾਤਰਾ ਕਰਨ ਤੋਂ ਬਾਅਦ ਅਤੇ ਇਤਿਹਾਸਕ ਤੱਥਾਂ ਦੀ ਛਾਣਬੀਨ ਕਰਦੇ ਹੋਏ, ਗੁਰੂ ਗੋਬਿੰਦ ਸਿੰਘ ਜੀ ਦੇ 'ਸ਼ਬਦਾਂ' ਨੂੰ ਵੀ ਇਸ ਸੰਬੰਧ ਵਿਚ ਪੇਸ਼ ਕੀਤਾ ਹੈ। ਪਰੰਤੂ 'ਮਹਿਮਾ ਪ੍ਰਕਾਸ਼' ਦੇ ਕਰਤਾ ਸਰੂਪ ਦਾਸ ਭੱਲਾ ਦਾ ਵਰਨਣ ਕੁਝ ਭਿੰਨ ਪ੍ਰਕਾਰ ਦਾ ਹੈ। ਉਸ ਦਾ ਕਹਿਣਾ ਹੈ ਕਿ ਗੁਰੂ ਜੀ ਨੇ ਆਪ ਚੱਕੀ ਵਾਲੇ ਰਾਜਪੂਤ ਨੂੰ ਕਤਲ ਕਰਨ ਦੇ ਲਈ ਪ੍ਰੇਰਿਤ ਕੀਤਾ ਸੀ ਅਤੇ ਉਸ ਤੋਂ ਬਾਅਦ ਗੁਰੂ ਜੀ ਦਾ ਧੜ ਆਨੰਦਪੁਰ ਲਿਆਂਦਾ ਗਿਆ ਸੀ। ਜਦੋਂ ਕਿ ਗੁਰੂ ਜੀ ਦੇ ਧੜ ਦਾ (ਸਸਕਾਰ ਦਿੱਲੀ ਵਿਖੇ ਭਾਈ ਲੱਖੀ ਸ਼ਾਹ ਵਣਜਾਰਾ ਦੇ ਘਰ ਵਾਲੇ ਸਥਾਨ ਉਪਰ ਹੀ ਹੋਇਆ) ਅਤੇ ਉਨ੍ਹਾਂ ਦੇ ਸੀਸ ਦਾ ਆਨੰਦਪੁਰ ਲਿਆਇਆ ਜਾਣਾ ਹੀ ਅਧਿਕਤਰ ਇਤਿਹਾਸਕਾਰਾਂ ਨੂੰ (ਭਾਈ ਸੰਤੋਖ ਸਿੰਘ ਦਾ ਕਥਨ ਠੀਕ ਲੱਗਦਾ ਹੈ।) ਸਰਲਮੁਤਾਖਰੀਨ ਦੇ ਕਰਤਾ ਦਾ ਕਹਿਣਾ ਹੈ ਕਿ ਗੁਰੂ ਜੀ ਦਾ ਕਤਲ ਗਵਾਲੀਅਰ ਵਿਚ ਹੋਇਆ ਸੀ। ਗੁਰੂ ਜੀ ਦੇ ਸਰੀਰ ਦੇ ਚਾਰ ਟੁਕੜੇ ਕਿਲ੍ਹੇ ਦੀਆਂ ਚਾਰ ਦੀਵਾਰਾਂ ਉੱਪਰ ਟੰਗੇ ਗਏ ਸਨ ਪਰੰਤੂ ਇਸ ਤਰ੍ਹਾਂ ਦੇ ਕਿਸੇ ਤੱਥ ਨੂੰ ਵੀ ਸਿੱਖ ਗੁਰੂ ਇਤਿਹਾਸ ਪਰੰਪਰਾ ਵਿਚ ਮਾਨਤਾ ਪ੍ਰਾਪਤ ਨਹੀਂ ਹੈ। ਸਿੱਖ ਗੁਰੂ-ਇਤਿਹਾਸ ਦੇ ਅਨੁਸਾਰ ਗੁਰੂ ਜੀ ਦਾ ਬਲੀਦਾਨ ਦਿੱਲੀ ਵਿਚ ਹੋਇਆ ਸੀ।

ਗੁਰੂ ਤੇਗ਼ ਬਹਾਦਰ ਦਾ ਵਿਅਕਤਿਤਵ ਮਹਾਨ ਅਤੇ ਵਿਲੱਖਣ ਹੈ। ਇਨ੍ਹਾਂ ਦਾ ਵਿਅਕਤਿਤਵ ਅਤਿਅੰਤ ਪ੍ਰਭਾਵਸ਼ਾਲੀ ਸੀ। ਉਹ ਇਨ੍ਹਾਂ ਨੂੰ ਆਪਣਾ ਗੁਰੂ ਮੰਨਦੇ ਸਨ ਅਤੇ "ਸੱਚੇ ਪਾਤਸ਼ਾਹ" ਦੇ ਨਾਮ ਨਾਲ ਸੰਬੋਧਨ ਕਰਦੇ ਸਨ। ਉਹ ਗੁਰੂ ਦੇ ਵਿਅਕਤਿਤਵ ਦਾ ਹੀ ਚਮਤਕਾਰ ਸੀ ਕਿ ਗੁਰੂ ਗੋਬਿੰਦ ਸਿੰਘ ਨੇ "ਖਾਲਸਾ" ਦਾ ਨਿਰਮਾਣ ਕੀਤਾ ਅਤੇ ਅੱਤਿਆਚਾਰੀ ਮੁਗਲ ਸਾਮਰਾਜ ਦੀਆਂ ਜੜ੍ਹਾਂ ਹਿਲਾ ਦਿੱਤੀਆਂ। ਲੋਕ ਇਨ੍ਹਾਂ ਦੇ ਆਲੌਕਿਕ ਰੂਪ ਨੂੰ ਦੇਖ ਕੇ ਹੈਰਾਨ ਰਹਿ ਜਾਂਦੇ ਸਨ। ਇਨ੍ਹਾਂ ਦੀ ਗਤੀ ਸੰਤੁਲਿਨ ਅਤੇ ਮਸਤ ਸੀ। ਸੰਖੇਪ ਰੂਪ ਵਿਚ ਗੁਰੂ ਦੇਵ ਦਾ ਬਾਹਰੀ ਵਿਅਕਤਿਤਵ ਬਹੁਤ ਪ੍ਰਭਾਵਸ਼ਾਲੀ ਸੀ।

ਗੁਰੂ ਦੇਵ ਮਹਾਨ ਯੋਧਾ ਅਤੇ ਪੂਰਨ ਤੇਜਸਵੀ ਸਨ। ਇਨ੍ਹਾਂ ਨੇ ਬਾਲ ਅਵਸਥਾ ਵਿਚ ਹੀ ਸ਼ਸਤਰ ਵਿੱਦਿਆ ਦੇ ਪ੍ਰਸਿੱਧ ਅਚਾਰੀਆ-ਬਾਲਕ ਅਤੇ ਯੋਧਾ ਮਲ ਤੋਂ ਯੁੱਧ ਕਲਾ-ਕੌਸ਼ਲ ਦੀ ਸਿੱਖਿਆ ਪ੍ਰਾਪਤ ਕੀਤੀ ਸੀ। ਇਨ੍ਹਾਂ ਦੇ ਪਿਤਾ ਗੁਰੂ ਹਰਿਗੋਬਿੰਦ ਆਪਣੇ ਯੁੱਗ ਦੇ ਵੀਰ ਯੋਧਾ ਸਨ, ਜਿਨ੍ਹਾਂ ਦਾ ਪ੍ਰਭਾਵ ਗੁਰੂ ਜੀ ਉੱਪਰ ਵਿਸ਼ੇਸ਼ ਪਿਆ। ਗੁਰੂ ਦੇਵ ਦੀ ਬੀਰਤਾ ਦਾ ਪ੍ਰਦਰਸ਼ਨ ਸਾਨੂੰ ਕਰਤਾਪੁਰ ਦੇ ਯੁੱਧ ਵਿਚ ਹੁੰਦਾ ਹੈ। ਇਸ ਯੁੱਧ ਵਿਚ ਇਨ੍ਹਾਂ ਨੇ ਪੂਰੀ ਬੀਰਤਾ ਦਾ ਪ੍ਰਦਰਸ਼ਨ ਕੀਤਾ ਸੀ ਅਤੇ ਅੰਤ ਵਿਚ ਇਨ੍ਹਾਂ ਦੇ ਪਿਤਾ ਨੂੰ ਜਿੱਤ ਪ੍ਰਾਪਤ ਹੋਈ। ਮਹਾਂ ਕਵੀ ਸੰਤੋਖ ਸਿੰਘ ਨੇ ਇਨ੍ਹਾਂ ਦੀ ਬੀਰਤਾ ਨੂੰ ਪੇਸ਼ ਕੀਤਾ ਹੈ-

ਤਰੀ ਤੇਗ ਬਹਾਦਰ ਫਿਰਤਿ ਮਾਹਿ।
ਬਰਜਤ ਬਹੁਤ, ਘਰਿ ਹਟਤਿ ਨਾਹਿ।
ਨਿਜ ਨਿਜ ਤੁਰਗ ਫਿਰਤੇ ਧਵਾਏ।
ਗੁਰ ਮਾਹਿ ਸਹਾਇ ਇਤ ਉਤਹਿ ਜਾਹਿ।
ਸੁਨਿ ਦਲੇਰ ਕਰਤੇ ਬਡੇਰ।
.....................
ਰਣ ਤਿਆਗਿ ਦੇਨਿ ਇਹ ਧਰਮ ਨਾਹਿ।
ਰਨ ਰਿਧਨ ਹਨੋਰੀ ਹਮ ਜਗ ਮਾਹਿ।
ਗੁਰ ਪਿਤਾ ਜਥਾ ਹਥਿਆਰ ਧਾਰਿ॥
ਤੁਰਕਾਨ ਸੰਨ ਅਨਰਾਨ ਸੰਘਾਰਿ॥

ਗੁਰੂਦੇਵ ਸਾਹਸੀ ਅਤੇ ਨਿਡਰ ਸਨ। ਇਨ੍ਹਾਂ ਨੇ ਸਿੱਖ ਧਰਮ ਦੇ ਪ੍ਰਚਾਰ ਲਈ ਅਨੇਕ ਕਠਿਨਾਈਆਂ ਅਤੇ ਰੁਕਾਵਟਾਂ ਦਾ ਸਾਹਸ ਪੂਰਵਕ ਮੁਕਾਬਲਾ ਕੀਤਾ।ਇਹ ਜੀਵਨ ਵਿਚ ਹਮੇਸ਼ਾਂ ਕ੍ਰਿਆਸ਼ੀਲ ਰਹੇ। ਇਕ ਪਾਸੇ ਇਨ੍ਹਾਂ ਨੇ ਅੱਤਿਆਚਾਰੀ ਮੁਗਲਾਂ ਨਾਲ ਮੁਕਾਬਲਾ ਕਰਨਾ ਸੀ ਅਤੇ ਦੂਸਰੇ ਪਾਸੇ ਗੁਰੂ ਪਰਿਵਾਰ ਨਾਲ ਸੰਬੰਧਤ ਧੀਰਮੱਲ-ਰਾਮ ਰਾਇ ਆਦਿ ਲੋਕਾਂ ਨਾਲ ਸੰਘਰਸ਼ ਕਰਨਾ ਸੀ। ਇਹ ਨਿਡਰ ਹੋ ਕੇ ਇਨ੍ਹਾਂ ਦੋਨਾਂ ਸ਼ਕਤੀਆਂ ਨਾਲ ਸੰਘਰਸ਼ ਕਰਦੇ ਰਹੇ। ਧੀਰਮਲ ਅਤੇ ਰਾਮ ਰਾਏ ਉਪਰ ਇਨ੍ਹਾਂ ਨੇ ਪੂਰਨ ਸਫਲਤਾ ਪ੍ਰਾਪਤ ਕਰ ਲਈ। ਮੁਗਲ ਸ਼ਾਸਕਾਂ ਦੇ ਨਾਲ ਲੜਦੇ ਸਮੇਂ ਗੁਰੂ ਜੀ ਹਮੇਸ਼ਾਂ ਆਪਣਾ ਆਦਰਸ਼ ਨਿਮਨ ਲਿਖਿਤ ਦੋਹਾ

ਰੱਖਦੇ ਸਨ-

**ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ।**
**ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ।**

ਗੁਰੂ ਦੇਵ ਦੇ ਵਿਅਕਤਿਤਵ ਦੀ ਇਕ ਹੋਰ ਵਿਸ਼ੇਸ਼ਤਾ ਗੁਣ ਗ੍ਰਾਹਕਤਾ ਸੀ। ਇਨ੍ਹਾਂ ਨੇ ਬਿਨਾਂ ਕਿਸੇ ਝਿਜਕ ਦੇ ਹਿੰਦੂ ਧਰਮ ਦੇ ਮਹਾਂਪੁਰਸ਼ਾਂ ਦਾ ਉਲੇਖ ਆਪਣੀ ਬਾਣੀ ਵਿਚ ਕੀਤਾ। ਗੁਰੂ ਜੀ ਦੀ ਮਾਤ-ਭਾਸ਼ਾ ਪੰਜਾਬੀ ਸੀ, ਪਰੰਤੂ ਇਨ੍ਹਾਂ ਨੇ ਆਪਣੇ ਵਿਚਾਰਾਂ ਨੂੰ ਵਿਆਪਕਤਾ ਪ੍ਰਦਾਨ ਕਰਨ ਦੇ ਲਈ ਹਿੰਦੀ (ਬ੍ਰਿਜ) ਭਾਸ਼ਾ ਦਾ ਪ੍ਰਯੋਗ ਕੀਤਾ। ਇਸ ਤਰ੍ਹਾਂ ਪੰਜਾਬੀ ਹੁੰਦੇ ਹੋਏ ਵੀ ਹਿੰਦੀ ਭਾਸ਼ਾ ਨੂੰ ਆਪਣੀ ਬਾਣੀ ਦਾ ਮਾਧਿਅਮ ਬਣਾ ਕੇ ਇਨ੍ਹਾਂ ਨੇ ਲੋਕਾਂ ਦੀ ਸੰਕੀਰਣਤਾ ਨੂੰ ਦੂਰ ਕੀਤਾ। ਇਹ ਇਨ੍ਹਾਂ ਦੀ ਗੁਣ-ਗ੍ਰਾਹਕ ਸ਼ਕਤੀ ਦੀ ਉਦਾਹਰਣ ਕਹੀ ਜਾ ਸਕਦੀ ਹੈ।

ਗੁਰੂ ਜੀ ਉੱਚ ਕੋਟੀ ਦੇ ਕਵੀ ਸਨ। ਇਨ੍ਹਾਂ ਦੀ ਬਾਣੀ ਵਿਚ ਉੱਤਮ ਕਵਿਤਾ ਦੇ ਸਾਰੇ ਗੁਣ ਸਨ। ਇਕ ਮਹਾਨ ਸੰਗੀਤਕ ਦੇ ਰੂਪ ਵਿਚ ਕੇਵਲ ਇਨ੍ਹਾਂ ਨੇ ਹੀ ਜੈਜਾਵੰਤੀ ਰਾਗ ਵਿਚ ਬਾਣੀ ਦਾ ਉਚਾਰਣ ਕੀਤਾ। ਇਨ੍ਹਾਂ ਤੋਂ ਪਹਿਲਾਂ ਹੋਰ ਕਿਸੇ ਗੁਰੂ ਨੇ ਇਸ ਰਾਗ ਵਿਚ ਬਾਣੀ ਦਾ ਉਚਾਰਣ ਨਹੀਂ ਕੀਤਾ ਹੈ। ਇਨ੍ਹਾਂ ਦੇ ਸੰਬੰਧ ਵਿਚ ਕਿਹਾ ਜਾਂਦਾ ਹੈ ਕਿ ਇਹ ਆਪਣੇ ਉਪਦੇਸ਼ਾਂ ਦਾ ਪ੍ਰਚਾਰ ਗਾ-ਗਾ ਕੇ ਕਰਦੇ ਸਨ। ਇਕ ਮਹਾਨ ਪ੍ਰਦਰਸ਼ਕ ਦੇ ਰੂਪ ਵਿਚ ਇਨ੍ਹਾਂ ਸਾਰੇ ਉੱਤਰ ਭਾਰਤ ਦੀ ਯਾਤਰਾ ਕੀਤੀ।

ਗੁਰੂ ਤੇਗ਼ ਬਹਾਦਰ ਦੇ ਵਿਅਕਤਿਤਵ ਦੀ ਇਕ ਹੋਰ ਵਿਸ਼ੇਸ਼ਤਾ ਹੈ ਦੇਸ਼ ਭਗਤੀ, ਇਨ੍ਹਾਂ ਨੇ ਅੱਤਿਆਚਾਰੀ ਮੁਗਲ ਸ਼ਾਸਕਾਂ ਦੀ ਧਾਰਮਿਕ ਨੀਤੀ ਦਾ ਖੁੱਲ੍ਹੇ ਆਮ ਵਿਰੋਧ ਕੀਤਾ। ਵਿਦੇਸ਼ੀ ਸੱਤਾ ਨੂੰ ਸਮਾਪਤ ਕਰਨ ਦੇ ਲਈ, ਸਿੱਖਾਂ ਨੂੰ ਸੰਗਠਿਤ ਕੀਤਾ, ਉਨ੍ਹਾਂ ਨੂੰ ਨਿਡਰ ਬਣਾ ਕੇ ਸ਼ਕਤੀਸ਼ਾਲੀ ਬਣਾਇਆ। ਗੁਰੂ ਜੀ ਨੇ ਇਸੇ ਉਦੇਸ਼ ਨਾਲ ਹਿੰਦੂਆਂ ਨੂੰ ਔਰੰਗਜ਼ੇਬ ਦੀ ਧਰਮ ਪਰਿਵਰਤਨ ਨੀਤੀ ਦੇ ਵਿਰੋਧ ਵਿਚ ਇੱਕਠਿਆਂ ਕੀਤਾ ਅਤੇ ਉਨ੍ਹਾਂ ਨੂੰ ਆਪਣੇ ਧਰਮ ਵਿਚ ਅਡੋਲ ਰਹਿਣ ਦੇ ਲਈ ਉਤਸ਼ਾਹਿਤ ਕੀਤਾ।

ਗੁਰੂ ਤੇਗ਼ ਬਹਾਦਰ ਦੇ ਵਿਅਕਤਿਤਵ ਵਿਚ ਸਹਿਣਸ਼ੀਲਤਾ ਅਤੇ ਤਿਆਗ ਦੇ ਗੁਣ ਵੀ ਵਿਦਮਾਨ ਸਨ। ਗੁਰੂ ਜੀ ਨੂੰ ਕਈ ਵਾਰ ਉਨ੍ਹਾਂ ਦੇ ਵਿਰੋਧੀਆਂ ਨੇ ਮਾਰਨ ਦਾ ਨਿਸ਼ਚਾ ਕੀਤਾ। ਇਕ ਵਾਰ ਧੀਰਮੱਲ ਨੇ ਗੁਰਗੱਦੀ ਨਾ ਮਿਲਣ ਤੇ ਗੁਰੂਦੇਵ ਉੱਪਰ ਮਸੰਦ ਦੁਆਰਾ ਗੋਲੀਆਂ ਚਲਵਾਈਆਂ, ਜਿਸ ਨਾਲ ਗੁਰੂ ਜੀ ਨੂੰ ਸਾਧਾਰਣ ਸੱਟਾਂ ਵੱਜੀਆਂ। ਏਨਾ ਹੀ ਨਹੀਂ, ਧੀਰਮੱਲ ਨੇ ਗੁਰੂ ਜੀ ਦਾ ਸਾਮਾਨ ਵੀ ਲੁਟਵਾ ਦਿੱਤਾ। ਗੁਰੂਦੇਵ ਨੇ ਆਪਣੇ ਸੁਭਾਉ ਅਨੁਸਾਰ ਇਨ੍ਹਾਂ ਘਟਨਾਵਾਂ ਉੱਪਰ ਰੋਸ ਪ੍ਰਗਟ ਨਹੀਂ ਕੀਤਾ ਬਲਕਿ ਕੁਝ ਸਮੇਂ ਦੇ ਬਾਅਦ ਇਨ੍ਹਾਂ ਲੋਕਾਂ ਨੂੰ ਮੁਆਫ਼ ਕਰ ਦਿੱਤਾ।

ਗੁਰੂ ਦੇਵ ਨੇ ਹਿੰਦੂ ਧਰਮ ਦੀ ਰੱਖਿਆ ਦੇ ਲਈ ਆਪਣੇ ਪ੍ਰਾਣਾਂ ਦਾ ਤਿਆਗ ਕਰ ਦਿੱਤਾ। ਇਨ੍ਹਾਂ ਦਾ ਇਹ ਤਿਆਗ ਵਿਸ਼ਵ-ਇਤਿਹਾਸ ਵਿਚ ਕਿਤੇ ਹੋਰ ਨਹੀਂ ਮਿਲਦਾ। ਸੰਖੇਪ ਵਿਚ ਗੁਰੂ ਤੇਗ਼ ਬਹਾਦਰ ਵਿੱਚ ਨਾਨਕ ਵਰਗੀ ਨਿਰੰਕਾਰੀ ਮਸਤੀ, ਦਾਦਾ ਵਰਗੀ ਸਹਿਣ-ਸ਼ੀਲਤਾ, ਤਿਆਗ, ਪਿਤਾ ਵਰਗੀ ਤੇਜਸਿਕਤਾ ਆਦਿ ਸਭ ਮਿਲਾ ਕੇ ਅਦਭੁੱਤ ਵਿਅਕਤਿਤਵ ਦਾ ਵਿਕਾਸ ਹੋਇਆ।

ਗੁਰੂ ਤੇਗ਼ ਬਹਾਦਰ ਜੀ ਦੀ ਸਾਰੀ ਬਾਣੀ ਆਦਿ ਗੁਰੂ ਗ੍ਰੰਥ ਸਾਹਿਬ ਵਿਚ ਆਪਣੇ ਪ੍ਰਮਾਣਿਕ ਰੂਪ ਵਿਚ ਸੰਕਲਿਤ ਹੈ। ਇਨ੍ਹਾਂ ਦੀ ਬਾਣੀ ਵਿਚ ਵੈਰਾਗ ਦੀ ਭਾਵਨਾ ਪ੍ਰਧਾਨ ਹੁੰਦੇ ਹੋਏ ਵੀ ਪਾਠਕ ਨੂੰ ਇਹ ਕਿਰਿਆਸ਼ੀਲ ਜੀਵਨ ਬਤੀਤ ਕਰਨ ਦੀ ਪ੍ਰੇਰਨਾ ਦਿੰਦੀ ਹੈ। ਇਨ੍ਹਾਂ ਦੀ ਸਾਰੀ ਬਾਣੀ ਗੁਰੂ ਗੋਬਿੰਦ ਸਿੰਘ ਜੀ ਦੇ ਕੋਲ ਸੀ। ਉਨ੍ਹਾਂ ਨੇ ਇਸ ਨੂੰ ਗ੍ਰੰਥ ਸਾਹਿਬ ਵਿਚ ਸ਼ਾਮਲ ਕਰ ਦਿੱਤਾ ਸੀ।

ਗੁਰੂ ਗ੍ਰੰਥ ਸਾਹਿਬ ਵਿਚ ਇਨ੍ਹਾਂ ਦੀ ਬਾਣੀ "ਮਹਲਾ ੯" ਦੇ ਅੰਤਰਗਤ ਦਰਜ ਹੈ। ਇਨ੍ਹਾਂ ਦੀ ਬਾਣੀ ਦੂਸਰੇ ਗੁਰੂਆਂ ਦੀ ਤੁਲਨਾ ਵਿਚ ਬਹੁਤ ਘੱਟ ਹੈ। ਗੁਰੂ ਕਵੀ ਨੇ ਇਹ ਬਾਣੀ ਸੰਨ 1664 ਈ. ਤੋਂ ਲੈ ਕੇ ਸੰਨ 1675 ਈ. ਦੇ ਵਿਚਕਾਰ ਰਚੀ। ਇਨ੍ਹਾਂ ਦੀ ਸਾਰੀ ਬਾਣੀ ਦਾ ਵਰਨਣ ਇਸ ਪ੍ਰਕਾਰ ਹੈ। ਗੁਰੂ ਤੇਗ਼ ਬਹਾਦਰ ਨੇ 16 ਰਾਗਾਂ ਵਿਚ 59 ਪਦਾਂ ਅਤੇ 57 ਸ਼ਲੋਕਾਂ ਦੀ ਰਚਨਾ ਕੀਤੀ। ਇਹ 16 ਰਾਗ ਇਸ ਪ੍ਰਕਾਰ ਹਨ। ਗਉੜੀ, ਆਸਾ, ਦੇਵਗੰਧਾਰੀ, ਬਿਹਾਗੜਾ, ਸੋਰਠ, ਧਨਾਸਰੀ, ਜੈਤਸਰੀ, ਟੋਡੀ, ਤਿਲੰਗ, ਬਿਲਵਾਲ, ਰਾਮਕਲੀ, ਮਾਰੂ ਬਸੰਤ (ਹਿਡੋਲ), ਸਾਰੰਗ, ਜੈਜਾਵੰਤੀ, ਸ਼ਲੋਕ, ਵਾਰਾਂ ਤੇ ਵਧੀਕ।

......................................................

# ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਵਿਚਾਰਧਾਰਕ ਪ੍ਰਸੰਗ

**ਡਾ. ਸਰਬਜੀਤ ਸਿੰਘ**

ਗੁਰੂ ਤੇਗ ਬਹਾਦਰ ਜੀ (1 ਅਪ੍ਰੈਲ 1621-11 ਨਵੰਬਰ 1675) ਸਿੱਖ ਇਤਿਹਾਸ ਦੀ ਲਾਸਾਨੀ ਸ਼ਖ਼ਸ਼ੀਅਤ ਤਾਂ ਹਨ ਹੀ ਪਰੰਤੂ ਭਾਰਤ ਦੇ ਬਹੁਧਰਮੀ ਸਮਾਜ ਅਤੇ ਇਤਿਹਾਸ ਵਿਚ ਵੀ ਅਜਿਹੀ ਲਾਮਿਸਾਲ ਸਖ਼ਸ਼ੀਅਤ ਹੈ ਜਿਸਨੇ ਦੂਸਰੇ ਧਰਮ ਦੀ ਸੁਤੰਤਰ ਅਤੇ ਵਿਲੱਖਣ ਹੋਂਦ ਨੂੰ ਬਣਾ ਕੇ ਰੱਖਣ ਲਈ ਸ਼ਹਾਦਤ ਦਿੱਤੀ। ਸਿੱਖ ਧਰਮ ਵਿਚ ਸ਼ਹਾਦਤ ਦੀ ਪਰੰਪਰਾ ਨਿਵੇਕਲੀ, ਵਿਲੱਖਣ ਅਤੇ ਰਾਜਸੀ ਅਰਥਾਂ ਵਾਲੀ ਹੈ ਜਿਸ ਨੇ ਮਨੁੱਖੀ ਆਜ਼ਾਦੀ, ਬਰਾਬਰੀ ਅਤੇ ਮਨੁੱਖੀ ਸ਼ਾਨ ਲਈ ਕੁਰਬਾਨੀ ਦੇ ਨਵੇਂ ਸੰਕਲਪ ਨੂੰ ਪੈਦਾ ਕੀਤਾ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੇ ਸਪੱਸ਼ਟ ਅਰਥ ਰਾਜਨੀਤਕ ਹਨ ਪਰੰਤੂ ਸਨਾਤਨੀ ਸਿੱਖ ਪਰੰਪਰਾ ਦੀ ਉਸ ਦਾਰਸ਼ਨਿਕ ਰਵਾਇਤ ਦੇ ਡੂੰਘੇ ਅਰਥਾਂ ਨਾਲ ਵੀ ਜੁੜੀ ਹੋਈ ਹੈ ਜਿਸ ਵਿਚ ਵੰਨ-ਸੁਵੰਨਤਾ ਅਤੇ ਦੂਸਰੇ (others) ਦਾ ਮਹੱਤਵ ਵੀ ਹੈ। ਕੋਈ ਪਰੰਪਰਾ ਸਿਰਫ਼ ਸਿਧਾਂਤ (Theory) ਦੀ ਪੱਧਰ ਉੱਪਰ ਹੀ ਮਹਾਨ ਨਹੀਂ ਹੁੰਦੀ ਸਗੋਂ ਉਸ ਪਰੰਪਰਾ ਦੀਆਂ ਸਿਰਜੀਆਂ ਰਵਾਇਤਾਂ ਅਤੇ ਅਮਲ (Practice) ਹੀ ਉਸ ਪਰੰਪਰਾ ਨੂੰ ਪ੍ਰਮਾਣਿਕ ਅਤੇ ਪ੍ਰਵਾਨਿਤ ਵੀ ਬਣਾਉਂਦੇ ਹਨ। ਸਿੱਖ ਇਤਿਹਾਸ ਵਿਚ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਇਸ ਪੱਖ ਤੋਂ ਆਪਣੇ-ਆਪ ਵਿਚ ਡੂੰਘੇ ਅਧਿਐਨ ਦੀ ਮੰਗ ਕਰਦੀ ਹੈ।

ਗੁਰੂ ਤੇਗ਼ ਬਹਾਦਰ ਜੀ ਦੀ ਸਖ਼ਸ਼ੀਅਤ ਸਿੱਖ ਧਰਮ ਦੇ ਇਤਿਹਾਸ ਵਿਚ ਇਤਿਹਾਸਕ ਭੂਮਿਕਾ ਨਿਭਾਉਂਦੀ ਹੈ ਕਿਉਂਕਿ ਸਿੱਖ ਧਰਮ ਦੇ ਵਿਕਾਸ ਵਿੱਚ ਜਿਸ ਮੀਰੀ-ਪੀਰੀ ਦੇ ਸਿਧਾਂਤ ਰਾਹੀਂ ਇਕ ਨਵਾਂ ਮੋੜ ਵਾਪਰਦਾ ਹੈ, ਉਸ ਨੂੰ ਗਤੀ ਪ੍ਰਦਾਨ ਕਰਨੀ ਸਹਿਲ ਕਾਰਜ ਨਹੀਂ ਸੀ। ਇਤਿਹਾਸ ਦੇ ਆਰ-ਪਾਰ ਗੁਰੂ ਤੇਗ਼ ਬਹਾਦਰ ਜੀ ਦੇ ਇਸ ਮਹੱਤਵ ਨੂੰ ਠੀਕ ਪ੍ਰਸੰਗ ਵਿਚ ਡਾ. ਜੇ. ਐਸ. ਗਰੇਵਾਲ ਨੇ ਪਛਾਣਿਆ ਹੈ "ਗੁਰੂ ਤੇਗ਼ ਬਹਾਦਰ ਜੀ ਦੇ ਗੁਰੂਤੱਵ ਦੀ ਭਾਰੀ ਮਹੱਤਤਾ ਇਸ ਤੱਥ ਵਿੱਚ ਹੈ ਕਿ ਗੂੜ੍ਹ ਇਤਿਹਾਸਕ ਅਰਥਾਂ ਵਿਚ ਉਨ੍ਹਾਂ ਨੇ ਸਿੱਖ ਇਤਿਹਾਸ ਦੇ ਕੇਂਦਰੀ ਧਾਰੇ ਨੂੰ ਸੁਰਜੀਤ ਕੀਤਾ। ਉਹ ਆਪਣੇ ਪਿਤਾ ਅਤੇ ਆਪਣੇ ਪੁੱਤਰ ਵਿਚਕਾਰ ਨੈਤਿਕ ਅਤੇ ਇਤਿਹਾਸਕ ਕੜੀ ਬਣ ਗਏ। ਉਨ੍ਹਾਂ ਗੁਰੂ ਗੋਬਿੰਦ ਸਿੰਘ ਦੀ ਪ੍ਰਾਪਤੀ ਲਈ ਰਾਹ ਤਿਆਰ ਕੀਤਾ। ਸਿੱਖ ਪੰਥ ਨੂੰ ਨਵੀਂ ਏਕਤਾ ਦਿੱਤੀ ਅਤੇ ਇਸ ਨੂੰ ਇਸ ਯੋਗ ਬਣਾਇਆ ਕਿ ਇਹ ਵਕਤ ਦੀ ਹਕੂਮਤ ਵਿਰੁੱਧ ਜ਼ਮੀਰ ਦੀਆਂ ਮੰਗਾਂ ਦੀ ਰੱਖਿਆ ਕਰ ਸਕੇ। ਅਠਾਰਵੀਂ ਸਦੀ ਦੀ ਸਿੱਖਾਂ ਦੀ ਰਾਜਸੀ ਆਜ਼ਾਦੀ ਉਸ ਜ਼ਮੀਰ ਦੀ ਆਜ਼ਾਦੀ ਦਾ ਤਰਕਸੰਗਤ ਅਤੇ ਇਤਿਹਾਸਕ ਵਿਕਾਸ ਸੀ, ਜਿਸ ਦੀ ਗੁਰੂ ਤੇਗ ਬਹਾਦਰ ਜੀ ਨੇ ਰੱਖਿਆ ਕੀਤੀ ਅਤੇ ਉਸਨੂੰ ਗੁਰੂ ਗੋਬਿੰਦ ਸਿੰਘ ਨੇ ਯਕੀਨੀ ਬਣਾਇਆ।"[1] ਇਉਂ ਗੁਰੂ ਤੇਗ਼ ਬਹਾਦਰ ਜੀ ਨੈਤਿਕ ਅਤੇ ਇਤਿਹਾਸਕ ਕੜੀ ਬਣ ਕੇ ਸਿੱਖ ਧਰਮ ਨੂੰ ਜੋ ਇਤਿਹਾਸਕ ਗਤੀ ਪ੍ਰਦਾਨ ਕਰਦੇ ਹਨ, ਉਹ ਬਹੁਤ ਅਹਿਮ ਅਤੇ ਇਤਿਹਾਸਕ ਮਹੱਤਤਾ ਵਾਲੀ ਹੈ। ਦੂਸਰੇ ਪਾਸੇ ਸਿੱਖ ਧਰਮ ਅੰਦਰੂਨੀ ਸੰਕਟਾਂ ਦਾ ਸ਼ਿਕਾਰ ਹੋ ਗਿਆ ਸੀ। ਧੀਰ ਮੱਲੀਏ ਅਤੇ ਮੀਣਿਆਂ ਦਾ ਵਰਤਾਰਾ ਸਿੱਖ ਧਰਮ ਦੇ ਅੰਦਰਲੇ ਗੰਭੀਰ ਸੰਕਟਾਂ ਦਾ ਸੰਕੇਤ ਹੈ। ਗੁਰੂ ਤੇਗ ਬਹਾਦਰ ਜੀ ਨੂੰ ਜਿਨ੍ਹਾਂ ਸੰਕਟਾਂ ਵਿਚੋਂ ਗੁਜ਼ਰਨਾ ਪੈਂਦਾ ਹੈ, ਸ਼ਾਇਦ ਅਜਿਹੇ ਅੰਦਰੂਨੀ ਸੰਕਟ ਕਿਸੇ ਹੋਰ ਗੁਰੂ ਸਾਹਿਬਾਨ ਦੇ ਦਰਪੇਸ਼ ਨਹੀਂ ਸਨ। ਗੁਰੂ ਸਾਹਿਬ ਨੂੰ ਗੁਰਗੱਦੀ ਉਪਰੰਤ ਧੀਰਮੱਲੀਏ ਗੁਰੂ ਸਾਹਿਬ ਉਪਰ ਗੋਲੀ ਚਲਾਉਂਦੇ ਹਨ ਅਤੇ ਲੁੱਟ ਮਾਰ ਕਰਦੇ ਹਨ ਤਾਂ ਦੂਜੇ ਪਾਸੇ ਮੀਣੇ ਜਿਨ੍ਹਾਂ ਦਾ ਉਸ ਸਮੇਂ ਦਰਬਾਰ ਸਾਹਿਬ, ਅੰਮ੍ਰਿਤਸਰ ਉਪਰ ਕਬਜ਼ਾ ਸੀ, ਗੁਰੂ ਤੇਗ ਬਹਾਦਰ ਸਾਹਿਬ ਲਈ ਦਰਵਾਜ਼ੇ ਬੰਦ ਕਰ ਦਿੰਦੇ ਹਨ। ਧੀਰ ਮੱਲ ਅਤੇ ਰਾਮ ਰਾਇ ਦੋਹਾਂ ਨੂੰ ਮਸੰਦਾਂ ਦੀ ਹਿਮਾਇਤ ਪ੍ਰਾਪਤ ਸੀ ਤੇ ਉਹ ਯਕੀਨੀ ਤੌਰ 'ਤੇ ਸਥਾਪਤੀ ਪੱਖੀ ਸਨ। ਇਉਂ ਗੁਰੂ ਤੇਗ਼ ਬਹਾਦਰ ਜੀ ਨੂੰ ਗੁਰੂਤੱਵ ਮਿਲਣਾ ਹੀ ਸੱਤਾ ਵਿਰੋਧੀ ਸੀ। ਇਸੇ ਕਰਕੇ ਡਾ. ਜੇ. ਐਸ. ਗਰੇਵਾਲ ਦਾ ਇਹ ਕਹਿਣਾ ਬਹੁਤ ਸਾਰਥਕ ਹੈ, "1664 ਈ. ਵਿਚ ਗੁਰੂ ਹਰਿ



**ਮੁਖੀ, ਪੰਜਾਬੀ ਵਿਭਾਗ**
**ਪੰਜਾਬ ਯੂਨੀਵਰਸਿਟੀ ਚੰਡੀਗੜ੍ਹ**

ਕ੍ਰਿਸ਼ਨ ਜੀ ਦੇ ਜੋਤੀ-ਜੋਤ ਸਮਾਉਣ ਉਪਰੰਤ ਸਿੱਖਾਂ ਦੀ ਗੁਰਿਆਈ ਸਵੀਕਾਰ ਕਰਨੀ ਔਰੰਗਜ਼ੇਬ ਦੀ ਇੱਛਾ ਦੇ ਖਿਲਾਫ਼ ਜਾਣ ਵਾਲੀ ਗੱਲ ਸੀ। ਗੁਰੂ ਤੇਗ਼ ਬਹਾਦਰ ਜੀ ਇਸ ਗੱਲ ਤੋਂ ਪੂਰੀ ਤਰ੍ਹਾਂ ਸੁਚੇਤ ਸਨ। ਇਸ ਲਈ ਉਨ੍ਹਾਂ ਦਾ ਗੁਰਿਆਈ ਦਾ ਪਦ ਧਾਰਨ ਕਰਨਾ ਵੱਡੇ ਹੌਂਸਲੇ ਵਾਲਾ ਕੰਮ ਸੀ ਅਤੇ ਨਿਰਸੰਦੇਹ ਔਰੰਗਜ਼ੇਬ ਦੀ ਨਾਰਾਜ਼ਗੀ ਮੁੱਲ ਲੈਣਾ ਸੀ।"[2] ਇਉਂ ਇਤਿਹਾਸਕ ਤੌਰ 'ਤੇ ਉਹ ਸਥਿਤੀ ਬਹੁਤ ਵੰਗਾਰ ਭਰੀ ਸੀ ਜਦੋਂ ਗੁਰੂ ਤੇਗ਼ ਬਹਾਦਰ ਜੀ ਸਿੱਖ ਧਰਮ ਦੀ ਅਗਵਾਈ ਪ੍ਰਾਪਤ ਕਰਦੇ ਹਨ। ਇਸ ਵੰਗਾਰ ਨੂੰ ਗੁਰੂ ਸਾਹਿਬ ਦੀ ਸ਼ਹਾਦਤ ਤੋਂ ਅਲੱਗ ਕਰਕੇ ਨਹੀਂ ਦੇਖਿਆ ਜਾ ਸਕਦਾ ਕਿਉਂਕਿ ਭੱਟ ਵਹੀਆਂ ਵਿਚੋਂ ਮਿਲਦੇ ਵੇਰਵੇ ਇਸ ਤੱਥ ਦੀ ਜਾਣਕਾਰੀ ਦਿੰਦੇ ਹਨ ਕਿ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਤੋਂ ਪਹਿਲਾਂ ਵੀ ਮੁਗਲੀਆ ਸਲਤਨਤ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਸੀ। ਭਾਈ ਸਰੂਪ ਸਿੰਘ ਕੌਸ਼ਿਸ਼ ਜਿਸ ਨੇ ਭੱਟਾਂ ਦੀਆਂ ਮਿਲਦੀਆਂ ਵਹੀਆਂ ਵਿਚੋਂ ਤੱਥਾਤਮਕ ਜਾਣਕਾਰੀ ਇਕੱਤਰ ਕਰਕੇ ਹਿੰਦੁਸਤਾਨੀ ਵਿਚ 'ਗੁਰੂ ਕੀਆਂ ਸਾਖੀਆਂ' ਪੁਸਤਕ 1790 ਈ. ਵਿਚ ਲਿਖੀ ਸੀ। ਉਸ ਵਿਚੋਂ ਗੁਰੂ ਤੇਗ਼ ਬਹਾਦਰ ਜੀ ਸੰਬੰਧੀ ਬਹੁਤ ਮੁੱਲਵਾਨ ਜਾਣਕਾਰੀ ਮਿਲਦੀ ਹੈ, "ਏਕ ਸਿੱਖ ਭੰਨਾ ਭੰਨਾ (ਦੌੜਿਆ-ਦੌੜਿਆ) ਗੁਰੂ ਜੀ ਕੇ ਪਾਸ ਆਇਆ, ਇਸੇ ਹਾਥ ਬਾਂਧ ਬੇਨਤੀ ਕੀ, ਮਹਾਰਾਜ! ਤੁਰਕ ਚੌਂਕੀ ਜਹਾਂ ਸੇ ਨੇੜੇ ਹੈ, ਚਲੇ ਜਾਨਾ ਚਾਹੀਏ। ਗੁਰੂ ਜੀ ਨੇ ਕਹਾ, ਭਾਈ ਸਿੱਖਾ ! ਕਰਤਾਰ ਕੇ ਜੋ ਭਾਵੇ ਸਭ ਕਿਛ ਉਸ ਰਾਜ਼ਕ ਕੀ ਰਜਾਇ ਮੇਂ ਹੋਇ ਰਹਾ ਹੈ। ਇਤਨੇ ਅਰਸਾ ਮੇਂ ਚੌਂਕੀ ਕਾ ਸਰਦਾਰ (ਪਰਗਨਾ ਬਾਂਗਰ ਵਿਚ ਆਲਮ ਖਾਨ ਰੁਹੇਲਾ) ਕੂਏ ਤੇ ਆਇ ਗਿਆ। ਗੁਰੂ ਜੀ ਕੋ ਦੇਖ ਕੇ ਬੋਲਾ, ਜਿਸੇ ਹਮ ਖੋਜਤੇ ਥੇ, ਉਸੇ ਪਾਇ ਲੀਆ ਹੈ। ਸਰਦਾਰ ਨੇ ਘੋੜੇ ਸੇ ਉਤਰ ਕੇ ਕਹਾ, ਪੀਰ ਜੀ। ਤੁਮਹੇਂ ਦਿਹਲੀ ਮੇਂ ਬਾਦਸ਼ਾਹ ਨੇ ਬੁਲਾਇਆ ਹੈ, ਤਿਆਰੀ ਕਰੀਏ। .... ਇਤਨਾ ਕਹਿ ਕੇ ਘੋੜੀ ਤੇ ਅਸਵਾਰ ਹੋਇ ਚੌਂਕੀ ਸਰਦਾਰ ਕੇ ਗੈਲ ਦਿਹਲੀ ਕੋ ਆਏ।... ਸੰਮਤ ਸਤਾਰਾਂ ਸੈ ਬਾਈਸ ਕ੍ਰਿਸ਼ਨਾ ਪੱਖੇ ਪੋਖ ਮਾਸ ਕੀ ਪੰਚਮੀ ਕੋ ਗੁਰੂ ਜੀ ਮਾਸ ਤੀਨ ਦਿਹੁੰ ਬੰਦੀਵਾਨ ਰਹਿ ਕੇ ਬੰਦੀਖਾਨੇ ਸੇ ਬਾਹਰ ਰਾਣੀ ਪੁਸ਼ਪਾ ਦੇਵੀ ਦੇ ਗ੍ਰਿਹਿ ਮੇਂ ਆਇ ਗਏ।"[3] ਗਿਆਨੀ ਗਰਜਾ ਸਿੰਘ ਵੀ ਉਪਰੋਕਤ ਤੱਥਾਂ ਦਾ ਜ਼ਿਕਰ ਕਰਦਾ ਹੈ ਅਤੇ ਚਉਪਾ ਸਿੰਘ ਹਜ਼ੂਰੀ, ਰਹਿਤਨਾਮਾ ਅਤੇ ਬਾਦਸ਼ਾਹ ਬੁਰੰਜੀ 'ਚੋਂ ਹਵਾਲਾ ਦੇ ਕੇ ਦੱਸਦਾ ਹੈ, "ਸੰਮਤ 1722 ਬਿ. ਮਾਂਹ ਕੱਤਕ (1665 ਈ.) ਰਾਜਾ ਜੈ ਸਿੰਘ ਮਿਰਜ਼ਾ ਦੇ ਪੁੱਤਰ ਕੰਵਰ ਰਾਮ ਸਿੰਘ ਨੇ ਗੁਰੂ ਤੇਗ਼ ਬਹਾਦਰ ਜੀ ਨੂੰ ਜ਼ਮਾਨਤ ਉੱਤੇ ਰਿਹਾਅ ਕਰਵਾ ਕੇ ਦਿੱਲੀਓਂ ਬਾਹਰ ਭੇਜ ਦਿੱਤਾ, ਜਿਸ ਉੱਤੇ ਬਾਦਸ਼ਾਹ ਔਰੰਗਜ਼ੇਬ ਰਾਮ ਸਿੰਘ ਉੱਤੇ ਖਫ਼ਾ ਹੋਇਆ।"[4] ਉਪਰੋਕਤ ਹਵਾਲੇ ਇਸ ਤੱਥ ਦੀ ਪੁਖਤਾ ਜਾਣਕਾਰੀ ਹਨ ਕਿ ਗੁਰੂ ਤੇਗ ਬਹਾਦਰ ਜੀ ਦਾ ਸਮਾਂ ਮੁਗਲ ਸਲਤਨਤ ਨਾਲ ਸਹਿਜ ਨਹੀਂ ਸਗੋਂ ਤਣਾਓ ਭਰਪੂਰ ਅਤੇ ਵੰਗਾਰ ਭਰਿਆ ਸੀ। ਇਹੋ ਵੰਗਾਰਾਂ ਉਨ੍ਹਾਂ ਦੀ ਸ਼ਹੀਦੀ ਦੇ ਠੋਸ ਇਤਿਹਾਸਕ ਕਾਰਨਾਂ ਵਿਚ ਸ਼ਾਮਲ ਹਨ। ਇਸ ਦੇ ਨਾਲ ਹੀ ਗੁਰੂ ਸਾਹਿਬ ਨੂੰ 1670 ਈ. ਵਿਚ ਮੁੜ ਹਕੂਮਤ ਦੀ ਨਿਗਰਾਨੀ ਵਿਚ ਰੱਖਿਆ ਗਿਆ। "1666 ਤੋਂ 1670 ਈ. ਤੱਕ ਗੁਰੂ ਸਾਹਿਬ ਪੰਜਾਬ ਤੋਂ ਬਾਹਰ ਸੰਨ ਅਤੇ ਪ੍ਰਯਾਗ, ਬਨਾਰਸ, ਬੁੱਧ ਗਯਾ, ਪਟਨਾ, ਮੌਂਘੇਰ, ਮਾਲਦਾ, ਢਾਕਾ ਅਤੇ ਧਬੂਰੀ (ਆਸਾਮ) ਵਰਗੀਆਂ ਥਾਵਾਂ ਦਾ ਰਟਨ ਕਰ ਰਹੇ ਸਨ। 1670 ਈ. ਵਿਚ ਉਨ੍ਹਾਂ ਨੂੰ ਦਿੱਲੀ ਪਰਤਣ ਤੇ ਦੋ ਮਹੀਨੇ ਤੋਂ ਜ਼ਿਆਦਾ ਸਮੇਂ ਲਈ ਹਕੂਮਤ ਦੀ ਨਿਗਰਾਨੀ ਹੇਠ ਰੱਖਿਆ ਗਿਆ ਅਤੇ ਇਸ ਪਿਛੋਂ ਉਨ੍ਹਾਂ ਨੂੰ ਬਕਾਲੇ ਅਤੇ ਮਾਖੋਵਾਲ ਜਾਣ ਦੀ ਇਜਾਜ਼ਤ ਮਿਲੀ।"[5] ਇਉਂ ਗੁਰੂ ਤੇਗ਼ ਬਹਾਦਰ ਜੀ ਨਿਰੰਤਰ ਮੁਗਲ ਸਲਤਨਤ ਦੀ ਨਜ਼ਰ ਹੇਠ ਸਨ। ਇਹ ਨਜ਼ਰ ਹੀ ਉਨ੍ਹਾਂ ਇਤਿਹਾਸਕ ਹਾਲਾਤ ਨੂੰ ਸਿਰਜਦੀ ਹੈ ਜਿਹੜੀ ਉਨ੍ਹਾਂ ਨੂੰ ਸ਼ਹੀਦੀ ਤੱਕ ਲਿਜਾਂਦੀ ਹੈ। ਇਸ ਦੀ ਚਰਮ ਸੀਮਾ ਉਹ ਘਟਨਾ ਬਣਦੀ ਹੈ ਜੋ 25 ਮਈ 1675 ਨੂੰ ਕਸ਼ਮੀਰੀ ਬ੍ਰਾਹਮਣਾਂ ਦਾ ਇਕ ਵਫ਼ਦ ਚੱਕ ਨਾਨਕੀ ਵਿਖੇ ਮਟਨ ਨਿਵਾਸੀ ਦੱਤ ਬਾਹਮਣ ਕ੍ਰਿਪਾ ਰਾਮ (ਇਹ ਕ੍ਰਿਪਾ ਰਾਮ ਗੁਰੂ ਗੋਬਿੰਦ ਸਿੰਘ ਦਾ ਸੰਸਕ੍ਰਿਤ ਅਧਿਆਪਕ ਸੀ।) ਦੀ ਅਗਵਾਈ ਹੇਠ ਕਸ਼ਮੀਰ ਦੇ ਸੂਬੇਦਾਰ ਇਫ਼ਤਿਖਾਰ ਖਾਨ ਦੀ ਕੱਟੜ ਧਾਰਮਿਕ ਨੀਤੀ ਖਿਲਾਫ਼ ਅਰਜ਼ੋਈ ਲੈ ਕੇ ਪਹੁੰਚੇ। ਇਸ ਅਰਜ਼ੋਈ ਨੂੰ ਲੈ ਕੇ ਗੁਰੂ ਤੇਗ ਬਹਾਦਰ ਜੀ ਨੇ ਦਿੱਲੀ ਸਲਤਨਤ ਨਾਲ ਗੱਲ ਕਰਨੀ ਚਾਹੀ ਅਤੇ ਆਪਣੇ ਨਾਲ ਦੀਵਾਨ ਮਤੀ ਦਾਸ, ਰਸੋਈਏ ਸਤੀ ਦਾਸ ਤੇ ਭਾਈ ਦਿਆਲ ਦਾਸ ਨੂੰ ਲੈ ਕੇ ਦਿੱਲੀ ਲਈ ਚੱਲ ਪਏ। 11 ਜੁਲਾਈ 1675 ਨੂੰ ਪ੍ਰਗਨਾ ਘਨੌਲਾ ਦੇ ਮਲਿਕਪੁਰ ਰੰਗੜਾਂ ਵਿਚ ਆਪਣੇ ਸਿੱਖ ਭਾਈ ਨਿਗਾਹੀਏ ਦੇ ਘਰ ਠਹਿਰੇ। ਮਲਿਕਪੁਰ ਰੰਗੜਾਂ ਵਿਖੇ ਮੁਸਲਮਾਨ ਰੰਗੜਾਂ ਨੂੰ ਗੁਰੂ ਸਾਹਿਬ ਦੇ ਹੋਣ ਦਾ ਪਤਾ ਲਗਦਾ ਹੈ ਤਾਂ ਰੋਪੜ ਪੁਲਿਸ ਚੌਂਕੀ ਦਾ ਕੋਤਵਾਲ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਬਸੀ ਪਠਾਣਾਂ

ਦੇ ਬੰਦੀਖਾਨੇ ਭੇਜ ਦਿੰਦਾ ਹੈ। "ਗੁਰੂ ਜੀ ਤੀਨ ਮਾਸ ਸੇ ਜ਼ਿਆਦਾ ਬਸੀ ਪਠਾਣਾਂ ਬੰਦੀਖਾਨੇ ਬੰਦ ਰਹੇ, ਦੁਸ਼ਟਾਂ ਨੇ ਸਰੀਰ ਕੋ ਘਣਾਂ ਕਸ਼ਟ ਦੀਆ। ਤੀਨ ਮਾਸ ਬਾਦ ਦਿਹਲੀ ਸੇ ਪਰਵਾਨਾ ਆਨੇ ਸੇ ਗੁਰੂ ਜੀ ਕੋ ਲੋਹੇ ਦੇ ਪਿੰਜਰੇ ਮੇ ਬੰਦ ਕਰਕੇ ਦਿਹਲੀ ਤਰਫ਼ ਰਵਾਨਾ ਕੀਆ ਗਿਆ। ਸੰਮਤ ਸਤਰਾਂ ਸੈ ਬਤੀਸ ਮੰਗਸਰ (ਮੱਘਰ) ਵਦੀ ਤ੍ਰੈਦਸੀ ਵੀਰਵਾਰ ਕੇ ਦਿਹੁੰ ਗੁਰੂ ਜੀ ਕੋ ਦਿਹਲੀ ਮੇ ਪੁਚਾਇ ਦੀਆ।"[6] ਉਪਰੋਕਤ ਸਾਰੇ ਹਾਲਾਤ ਇਹੋ ਦੱਸ ਪਾਉਂਦੇ ਹਨ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਲਈ ਸਿਰਫ਼ ਕਸ਼ਮੀਰੀ ਬ੍ਰਾਹਮਣਾਂ ਦੀ ਘਟਨਾ ਹੀ ਇਕੱਲੀ ਨਹੀਂ ਸੀ ਪਰੰਤੂ ਇਹ ਘਟਨਾ ਫੌਰੀ ਕਾਰਨ ਬਣ ਗਈ। ਮੁਗਲ ਸਲਤਨਤ ਨਾਲ ਟੱਕਰ ਤਾਂ ਗੁਰੂ ਤੇਗ਼ ਬਹਾਦਰ ਜੀ ਦੇ ਗੁਰਗੱਦੀ ਵਾਲੇ ਦਿਨ ਤੋਂ ਹੀ ਆਰੰਭ ਹੋ ਚੁੱਕੀ ਸੀ। ਗੁਰੂ ਸਾਹਿਬ ਨੂੰ ਬਾਰ-ਬਾਰ ਫੜਨਾ, ਨਜ਼ਰਸਾਨੀ ਕਰਨੀ, ਮਹੀਨਿਆਂ ਬੱਧੀ ਹਿਰਾਸਤ ਵਿਚ ਰੱਖਣਾ ਵਿਦਰੋਹੀ ਸਿੱਖ ਪਰੰਪਰਾ ਦੇ ਖਿਲਾਫ਼ ਕਾਰਵਾਈਆਂ ਸਨ। ਸ਼ਹਾਦਤ ਇਨ੍ਹਾਂ ਕਾਰਵਾਈਆਂ ਦਾ ਸਿਖ਼ਰ ਸੀ। ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਨਾਲ ਸਿੱਖ ਪਰੰਪਰਾ ਵਿਚ ਇਤਿਹਾਸਕ ਮੋੜ ਉਤਪੰਨ ਹੁੰਦਾ ਹੈ। ਇਹ ਮੋੜ ਅਗਾਊਂ ਗੁਰੂ ਗੋਬਿੰਦ ਸਿੰਘ ਦਾ ਸਿੱਖ ਪੰਥ ਦੀ ਸਾਜਨਾ ਅਤੇ ਸੱਤਾ ਨਾਲ ਜੰਗਾਂ ਅਤੇ ਸੰਘਰਸ਼ਾਂ ਵਿਚ ਸਪੱਸ਼ਟ ਦੇਖਿਆ ਜਾ ਸਕਦਾ ਹੈ। ਡਾ. ਜੇ. ਐਸ. ਗਰੇਵਾਲ ਜਿਸ ਨੂੰ 'ਸਿੱਖ ਇਤਿਹਾਸ ਦਾ ਕੇਂਦਰੀ ਧਾਰਾ' ਕਹਿੰਦਾ ਹੈ, ਉਸਦਾ ਵਿਕਾਸ ਗੁਰੂ ਗੋਬਿੰਦ ਸਿੰਘ ਅਤੇ ਫਿਰ ਬੰਦਾ ਸਿੰਘ ਬਹਾਦਰ ਵਿਚ ਵਿਸਤਾਰ ਪ੍ਰਾਪਤ ਕਰਦਾ ਹੈ। ਗੁਰੂ ਤੇਗ਼ ਬਹਾਦਰ ਜੀ ਦਾ ਇਹ ਜੀਵਨ ਬਿਰਤਾਂਤ ਅਤੇ ਇਤਿਹਾਸਕ ਪ੍ਰਸੰਗ ਉਨ੍ਹਾਂ ਦੁਆਰਾ ਰਚਿਤ ਬਾਣੀ ਨੂੰ ਸਮਝਣ ਵਿੱਚ ਵੀ ਵਧੇਰੇ ਸਹਾਈ ਹੁੰਦਾ।

ਗੁਰੂ ਤੇਗ ਬਹਾਦਰ ਜੀ ਦੀ ਬਾਣੀ 59 ਪਦੇ ਜਾਂ ਸ਼ਬਦ ਅਤੇ 57 ਸ਼ਲੋਕ ਗੁਰੂ ਅਰਜਨ ਦੇਵ ਜੀ ਵੱਲੋਂ ਵਿਉਂਤੀ ਅਤੇ ਨਿਰਧਾਰਤ ਕੀਤੀ ਹੋਈ ਬਾਣੀ ਦੀ ਤਰਤੀਬ ਅਨੁਸਾਰ ਅਰਥਾਤ ਰਾਗਾਂ ਅਨੁਸਾਰ ਅਤੇ ਗੁਰੂ ਵਿਅਕਤੀਆਂ ਦੇ ਇਤਿਹਾਸਕ ਕ੍ਰਮ ਅਨੁਸਾਰ ਸ਼ਾਮਲ ਕੀਤੀ ਗਈ ਹੈ। ਸ਼ਲੋਕਾਂ ਦੇ ਰਚਣ ਬਾਰੇ ਸਿੱਖ ਰਵਾਇਤ ਅਨੁਸਾਰ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਗੁਰੂ ਸਾਹਿਬ ਨੇ ਆਪਣੇ ਬੰਦੀਵਾਨ ਹੋਣ ਸਮੇਂ ਦਿੱਲੀ 'ਚ ਅਤਿ ਵੈਰਾਗਮਈ ਅਤੇ ਉਦਾਸਮਈ ਅਵਸਥਾ ਵਿਚ ਰਚੇ। ਇਸ ਸੰਬੰਧੀ ਭਾਈ ਸੰਤੋਖ ਸਿੰਘ ਦੁਆਰਾ ਰਚਿਤ 'ਗੁਰ ਪ੍ਰਤਾਪ ਸੂਰਜ ਗ੍ਰੰਥ' ਵਿਚ ਸੰਕੇਤ ਕੀਤਾ ਗਿਆ ਹੈ। ਸ਼ਲੋਕ ਨੰ: 53 ਅਤੇ ਸ਼ਲੋਕ ਨੰ: 54 ਨੂੰ ਪ੍ਰਸ਼ਨ-ਉੱਤਰ ਦੇ ਰੂਪ ਵਿਚ ਮਿਥ ਕੇ ਸ਼ਲੋਕ ਨੰ: 54 ਨੂੰ ਗੁਰੂ ਗੋਬਿੰਦ ਸਿੰਘ ਦੁਆਰਾ ਰਚਿਤ ਮੰਨਿਆ ਗਿਆ ਹੈ। ਡਾ. ਗੋਪਾਲ ਸਿੰਘ ਨੇ ਪਟਨਾ ਸਾਹਿਬ ਵਾਲੀ ਬੀੜ 1691 ਅਤੇ ਢਾਕੇ ਵਾਲੀ ਬੀੜ 1675 ਈ. ਦੇ ਹਵਾਲੇ ਵੀ ਇਸ ਸੰਬੰਧੀ ਦਿੱਤੇ ਹਨ ਅਤੇ ਇਹ ਵੀ ਲਿਖਿਆ ਹੈ ਕਿ 'ਸੋ ਪੁਰਖ' ਦੇ ਸਿਰਲੇਖ ਹੇਠ ਚਾਰ ਸ਼ਬਦ ਵੀ ਨਿੱਤ ਨੇਮ ਦਾ ਅੰਗ ਬਣਾ ਕੇ ਬੀੜ ਦੇ ਪਹਿਲਾਂ ਲਿਖਵਾ ਦਿੱਤੇ। ਇਸ ਨੂੰ ਦਮਦਮੇ ਵਾਲੀ ਬੀੜ ਆਖਦੇ ਹਨ। ਇਹ ਬੀੜ, ਆਖਿਆ ਜਾਂਦਾ ਹੈ, ਅੰਤ ਤੀਕ ਗੁਰੂ ਸਾਹਿਬ (ਗੁਰੂ ਗੋਬਿੰਦ ਸਿੰਘ ਦੇ ਨਾਲ ਰਹੀ ਤੇ ਗੁਰੂ ਪਦਵੀ ਇਸੇ ਨੂੰ ਬਖ਼ਸ਼ੀ ਗਈ।[7] ਇਸ ਤਰ੍ਹਾਂ ਦੀਆਂ ਭ੍ਰਮਿਤ ਧਾਰਨਾਵਾਂ ਜ਼ਰੂਰ ਮਿਲਦੀਆਂ ਹਨ ਪਰੰਤੂ ਇਤਿਹਾਸਕ ਤੱਥਾਂ ਦੀ ਰੌਸ਼ਨੀ ਵਿਚ ਇਹ ਮਨੌਤ ਨੂੰ ਮੰਨਣਾ ਵਧੇਰੇ ਤਰਕਸੰਗਤ ਪ੍ਰਤੀਤ ਨਹੀਂ ਹੁੰਦਾ। ਪੰਜਾਬੀ ਚਿੰਤਨ ਦਾ ਵੱਡਾ ਹਿੱਸਾ ਇਸ ਬਾਣੀ ਨੂੰ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਹੀ ਸਵੀਕਾਰ ਕਰਦਾ ਹੈ।

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਤੱਕ ਪਹੁੰਚਦਿਆਂ ਗੁਰਮਤਿ ਪਰੰਪਰਾ, ਗੁਰਮਤਿ ਦਰਸ਼ਨ ਅਤੇ ਵਿਚਾਰਧਾਰਾ ਆਪਣੇ-ਆਪ ਨੂੰ ਇਕ ਸੁਤੰਤਰ ਜੀਵਨ ਦ੍ਰਿਸ਼ਟੀਕੋਣ ਵਜੋਂ ਸਥਾਪਤ ਕਰ ਲੈਂਦੀ ਹੈ। ਇਹ ਦ੍ਰਿਸ਼ਟੀਕੋਣ ਧਾਰਮਿਕ ਚੇਤਨਾ ਦੀ ਹੋਂਦ ਵਿਧੀ ਰਾਹੀਂ ਆਪਣੇ ਯੁੱਗ ਵਿੱਚ ਅਜਿਹੀ ਦਾਰਸ਼ਨਿਕ ਪਰੰਪਰਾ ਦਾ ਉਦੈ ਕਰਦੀ ਹੈ ਜਿਹੜੀ ਸਮਾਜ ਸਾਪੇਖ ਹੈ। ਗੁਰੂ ਅਰਜਨ ਦੇਵ ਜੀ ਦੁਆਰਾ 1604-05 ਵਿਚ ਆਦਿ ਗ੍ਰੰਥ ਦੀ ਸਥਾਪਨਾ ਇਕ ਇਤਿਹਾਸਕ ਅਤੇ ਮਹੱਤਵਪੂਰਨ ਘਟਨਾ ਹੈ ਜਿਸ ਨੇ ਦਰਸ਼ਨ ਨੂੰ ਵਿਧੀਵਤ ਰੂਪ ਪ੍ਰਦਾਨ ਕੀਤਾ। ਧਾਰਮਿਕ ਚੇਤਨਾ ਦੀ ਹੋਂਦ ਵਿਧੀ ਨਾਲ ਜੁੜੀਆਂ ਲੋਕ ਹਿੱਤਾਂ ਵਿਚਾਰਾਂ ਦੀਆਂ ਪ੍ਰਣਾਲੀਆਂ ਨੂੰ ਸਮੁੱਚੇ ਹਿੰਦੁਸਤਾਨ ਦੀ ਪਰੰਪਰਾ ਵਿਚੋਂ ਤਲਾਸ਼ ਕੇ ਉਨ੍ਹਾਂ ਦੀ ਅੰਤਰੀਵੀ ਇਕਸੁਰਤਾ ਅਤੇ ਇਕ ਦ੍ਰਿਸ਼ਟੀ ਨੂੰ ਸਿਰਜਣਾ ਆਪਣੇ ਆਪ ਵਿਚ ਹੀ ਇਤਿਹਾਸਕ ਮਹੱਤਤਾ ਵਾਲਾ ਕੰਮ ਸੀ। ਗੁਰੂ ਗੋਬਿੰਦ ਸਿੰਘ ਨੇ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਨੂੰ ਸ਼ਾਮਲ ਕਰਕੇ ਆਦਿ ਗ੍ਰੰਥ ਨੂੰ ਵਿਸਤਾਰਿਆ। ਇਉਂ ਗੁਰੂ ਗ੍ਰੰਥ ਸਾਹਿਬ ਇਕ ਜੀਵਨ-ਦ੍ਰਿਸ਼ਟੀਕੋਣ ਅਤੇ ਵਿਚਾਰਧਾਰਕ ਸ਼ਾਸਤਰ ਵਜੋਂ ਪ੍ਰਪੱਕ

ਕਰ ਦਿੱਤਾ।

ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਹੁਣ ਤੱਕ ਬਹੁਤ ਵਿਭਿੰਨਤਾ ਅਤੇ ਵੰਨ-ਸੁਵੰਨਤਾ ਵਾਲਾ ਹੈ। ਟੀਕਿਆਂ, ਪ੍ਰਮਾਰਥਾਂ ਤੋਂ ਆਰੰਭ ਹੋ ਕੇ ਆਧੁਨਿਕ ਚਿੰਤਨ ਪ੍ਰਣਾਲੀਆਂ ਤੱਕ ਫੈਲਿਆ ਇਹ ਅਧਿਐਨ ਸ਼ਰਧਾ ਸਥਿਤੀ ਵਾਲਾ ਵੀ ਹੈ ਅਤੇ ਤਾਰਕਿਕ ਸਥਿਤੀ ਵਾਲਾ ਵੀ ਹੈ। ਇਸ ਸਮੁੱਚੇ ਚਿੰਤਨ ਵਿਚ ਇਹ ਗੱਲ ਸਵੀਕਾਰੀ ਜਾਂਦੀ ਹੈ ਕਿ ਬਾਣੀ ਜਿੱਥੇ ਇਕ ਜੀਵਨ ਦ੍ਰਿਸ਼ਟੀਕੋਣ ਹੈ, ਉਥੇ ਇਹ ਉੱਚ ਪਾਏ ਦੇ ਕਾਵਿਕ ਗੁਣਾਂ ਵਾਲੀ ਸਿਰਜਣਾ ਵੀ ਹੈ। ਸੋਚ ਵਿਧੀ (Mode of Thinking) ਦੇ ਨਜ਼ਰੀਏ ਤੋਂ ਬ੍ਰਹਮ ਅਤੇ ਜੀਵ, ਬ੍ਰਹਿਮੰਡ ਦੇ ਰਹੱਸਾਂ ਨਾਲ ਸੰਬੰਧਿਤ ਹੋਣ ਕਰਕੇ ਇਸ ਨੂੰ ਅਧਿਆਤਮਕ ਅਤੇ ਰਹੱਸਵਾਦੀ ਕਿਹਾ ਜਾਂਦਾ ਹੈ। ਇਸ ਅਧਿਆਤਮਕਤਾ ਨੂੰ ਅਮੂਰਤ ਰੂਪ 'ਚ ਸਵੀਕਾਰ ਕਰਨਾ ਸਾਡੇ ਜ਼ਿਆਦਾ ਚਿੰਤਨ ਦੀ ਜਾਣੀ ਪਛਾਣੀ ਜੁਗਤ ਹੈ। ਸੁਆਲਾਂ ਦਾ ਸੁਆਲ ਪੈਦਾ ਹੋ ਜਾਂਦਾ ਹੈ ਕਿ ਜੇਕਰ ਬਾਣੀ ਜੀਵਨ ਦ੍ਰਿਸ਼ਟੀਕੋਣ ਹੈ ਤਾਂ ਉਸਦੀ ਅਧਿਆਤਮਕਤਾ ਅਮੂਰਤ ਕਿਵੇਂ ਹੋ ਸਕਦੀ ਹੈ? ਦੂਸਰਾ, ਕੀ ਅਧਿਆਤਮਕਤਾ ਦਾ ਕੋਈ ਸਮਾਜਕ ਧਰਾਤਲ ਨਹੀਂ ਹੁੰਦਾ? ਤੀਸਰਾ ਕੀ ਅਧਿਆਤਮਕਤਾ ਨੂੰ ਯੁੱਗ ਨਿਰਲੇਪ ਜਾਂ ਇਤਿਹਾਸਮੁਕਤ ਹੋ ਕੇ ਸਮਝਿਆ ਜਾ ਸਕਦਾ ਹੈ? ਕੀ ਅਧਿਆਤਮਕਤਾ ਦਾ ਮਨੁੱਖ ਨਾਲ ਕੋਈ ਸੰਬੰਧ ਨਹੀਂ ਹੁੰਦਾ ਇਹ ਸੁਆਲ ਬਹੁਤ ਅਹਿਮ ਹਨ ਕਿਉਂਕਿ ਗੁਰਬਾਣੀ ਦੀ ਅਧਿਆਤਮਕਤਾ ਇਕ ਸਮਾਜਕਤਾ ਉਤਪੰਨ ਕਰਦੀ ਹੈ। ਇਸੇ ਸਮਾਜਕਤਾ ਦੇ ਡੂੰਘੇ ਦਾਰਸ਼ਨਿਕ ਅਰਥ ਹਨ ਜਿਨ੍ਹਾਂ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਇਸ ਨੂੰ ਸਮਝ ਕੇ ਹੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਸਮਝਿਆ ਜਾ ਸਕਦਾ ਹੈ। ਨਹੀਂ ਤਾਂ ਉਸਨੂੰ ਵੈਰਾਗ ਦੇ ਸੰਕਲਪ ਤੱਕ ਮਹਿਦੂਦ ਕਰ ਦਿੱਤਾ ਜਾਣਾ ਸੁਭਾਵਕ ਬਣ ਜਾਂਦਾ ਹੈ।

ਅਧਿਆਤਮਕਤਾ ਦੀ ਆਪਣੀ ਸਮਾਜਕਤਾ ਹੁੰਦੀ ਹੈ ਜਿਹੜੀ ਮਨੁੱਖੀ ਅੰਤਰਮਨ ਵਿਚ ਉਹ ਬੀਜ ਬੀਜਦੀ ਹੈ, ਜਿਸ ਦੇ ਅਰਥ ਰਾਜਨੀਤਕ ਅਤੇ ਵਿਚਾਰਧਾਰਕ ਹੁੰਦੇ ਹਨ। ਅਧਿਆਤਮਕਤਾ ਮੱਧ ਯੁੱਗ ਵਿੱਚ ਮਨੁੱਖੀ ਚੇਤਨਾ ਨੂੰ ਸੁਲਾਉਣ ਦਾ ਕੰਮ ਹੀ ਨਹੀਂ ਕਰਦੀ ਬਾਣੀ ਦੇ ਰੂਪ ਵਿੱਚ ਮਨੁੱਖੀ ਚੇਤਨਾ ਨੂੰ ਰੇਤਨ ਦਾ ਕੰਮ ਵੀ ਕਰਦੀ ਹੈ। ਅਧਿਆਤਮਕਤਾ ਮਨੁੱਖ ਨੂੰ ਅਜਿਹੇ ਸੰਸਾਰ ਤੋਂ ਸੁਚੇਤ ਕਰਦੀ ਹੈ ਜੋ ਉਸਨੂੰ ਅਮਾਨਵ ਬਣਾਉਂਦਾ ਹੈ ਅਤੇ ਉਸਦੇ ਸਮਾਨਾਂਤਰ ਅਜਿਹੀਆਂ ਕਦਰਾਂ-ਕੀਮਤਾਂ ਦੀ ਸਿਰਜਣਾ ਕਰਦੀ ਹੈ ਜਿਹੜੀਆਂ ਉਸ ਨੂੰ ਮਾਨਵ ਬਣਾਉਣ ਲਈ ਕਿਰਿਆਸ਼ੀਲ ਹੁੰਦੀਆਂ ਹਨ। ਗੁਰਬਾਣੀ ਮੱਧ ਯੁੱਗ ਵਿਚ ਧਾਰਮਿਕ ਚੇਤਨਾ ਦੀ ਹੱਦ ਵਿਧੀ ਦੇ ਬਾਵਜੂਦ ਅਜਿਹੀ ਸਮਾਜਕ ਵਸਤੂ ਸਿਰਜਦੀ ਹੈ ਜੋ ਉਸ ਯੁੱਗ ਦੇ ਨਿਹੱਥੇ, ਨਿਮਾਣੇ ਨਿਤਾਣੇ ਅਤੇ ਦੱਬੇ-ਦਰੜੇ ਮਨੁੱਖ ਨੂੰ ਜੀਵਨ ਲਈ ਇਕ ਰਸਤਾ ਦਿੰਦੀ ਹੈ। ਇਸ ਦੀ ਚਰਚਾ ਕਰਨ ਤੋਂ ਪਹਿਲਾਂ ਡਾ. ਤਰਲੋਕ ਸਿੰਘ ਕੰਵਰ ਦੀ ਗੁਰੂ ਨਾਨਕ ਬਾਣੀ ਦੇ ਪ੍ਰਸੰਗ ਵਿਚ ਕੀਤੀ ਗਈ ਚਰਚਾ ਦੇਖਣੀ ਬਣਦੀ ਹੈ, "ਗੁਰੂ ਨਾਨਕ ਆਪਣੀ ਬ੍ਰਹਮ ਬਾਣੀ ਦੁਆਰਾ ਨੀਵਿਆਂ, ਨਿਤਾਣਿਆਂ ਲਈ ਇਕ ਸ਼ਰਨਭੂਮੀ ਬਣਾ ਦਿੰਦੇ ਹਨ। ਇਸ ਸ਼ਰਨਭੂਮੀ ਵਿਚ ਆ ਕੇ ਨੀਵੇਂ ਨਿਤਾਣੇ ਸਾਮੰਤਵਾਦੀ ਹਿੰਸਾ ਦਾ ਮੁਕਾਬਲਾ ਕਰਨ ਲਈ ਤੱਤਪਰ ਹੋ ਜਾਂਦੇ ਹਨ। ... ਗੁਰੂ ਨਾਨਕ ਦੇਵ ਆਪਣੀ ਸਾਰੀ ਅਧਿਆਤਮਕਤਾ ਰਾਹੀਂ ਇਸ ਤਰ੍ਹਾਂ ਦੇ ਪ੍ਰਸ਼ਾਸ਼ਨੀ ਕਬਜ਼ੇ ਪ੍ਰਤੀ ਸ਼ਕਤੀ ਵਿਹੀਨ ਮਾਨਵ ਵਰਗ ਨੂੰ ਚੇਤੰਨ ਕਰਦੇ ਹਨ।"[8] ਡਾ. ਤਰਲੋਕ ਸਿੰਘ ਕੰਵਰ ਦਾ ਇਹ ਸੰਕੇਤ ਬਹੁਤ ਮਹੱਤਵਪੂਰਨ ਹੈ ਕਿਉਂਕਿ ਗੁਰੂ ਸਾਹਿਬ ਦੀ ਬ੍ਰਹਮ ਬਾਣੀ ਮੱਧਕਾਲ ਵਿਚ ਰੱਬ ਵਿਹੂਣੇ ਮਨੁੱਖ ਨੂੰ ਰੱਬ ਦਾ ਵਿਸ਼ਵਾਸ ਦਿੰਦੀ ਹੈ। ਭਾਰਤੀ ਸਮਾਜ ਦੀ ਜਾਤ-ਪਾਤੀ ਸੰਰਚਨਾ ਇਹੋ ਦੱਸ ਪਾਉਂਦੀ ਹੈ ਕਿ ਬ੍ਰਹਮ ਨਾਲ ਜੁੜਿਆ ਕੰਮ ਇਕ ਵਿਸ਼ੇਸ਼ ਜਾਤੀ ਦੀ ਮਲਕੀਅਤ ਸੀ। ਕੁਝ ਵਰਗਾਂ ਨੂੰ ਤਾਂ ਬ੍ਰਹਮ ਦਾ ਨਾਮ ਲੈਣਾ ਹੀ ਮਨ੍ਹਾ ਸੀ। ਅਜਿਹੇ ਸ਼ਕਤੀ ਵਿਹੀਣ, ਸਾਧਨ ਵਿਹੀਣ ਅਤੇ ਰੱਬ ਵਿਹੀਣ ਮਨੁੱਖ ਨੂੰ ਰੱਬੀ ਸੰਕਲਪ ਅਤੇ ਰੱਬੀ ਵਿਸ਼ਵਾਸ ਦੇਣਾ ਉਸ ਸਮੇਂ ਦਾ ਬਹੁਤ ਵੱਡਾ ਸਮਾਜਕ ਕਰਮ ਸੀ। ਇਸ ਕਰਕੇ ਬਾਣੀ ਨੂੰ ਅਮੂਰਤ ਅਧਿਆਤਮਕਤਾ ਦੀ ਥਾਵੇਂ ਸਮੂਰਤ ਅਧਿਆਤਮਕ ਪ੍ਰਵਚਨ ਵਜੋਂ ਪੜ੍ਹਨਾ ਬਣਦਾ ਹੈ।

ਇਸ ਪ੍ਰਸੰਗ ਵਿਚ ਇਕ ਹੋਰ ਮਸਲਾ ਬਹੁਤ ਵੱਡਾ ਹੈ ਜਿਸ ਨੂੰ ਸਮਝਣਾ ਜ਼ਰੂਰੀ ਹੈ। ਉਹ ਹੈ ਕਿ ਆਪਣੇ ਯੁੱਗ ਦਾ ਸਥਾਪਤੀ ਵਰਗ ਮਹਿਜ਼ ਸਮਾਜ ਉੱਪਰ ਸੱਤਾ ਦੇ ਰੂਪ ਵਿਚ ਹੀ ਕਾਬਜ਼ ਨਹੀਂ ਹੁੰਦਾ ਸਗੋਂ ਅਜਿਹੀ ਸਮਾਜਕਤਾ ਵੀ ਸਿਰਜਦਾ ਹੈ ਜੋ ਸੱਤਾਧਾਰੀ ਵਰਗ ਦੀ ਆਪਣੀ ਹੁੰਦੀ ਹੈ। ਸੱਤਾਧਾਰੀ ਵਰਗ ਉਸ ਸਮਾਜਕ ਵਿਧੀ ਵਿਧਾਨ, ਰਸਮਾਂ, ਰਵਾਇਤਾਂ ਅਤੇ ਪ੍ਰਤੀਮਾਨਾਂ ਨੂੰ ਸਮੁੱਚੀ ਮਨੁੱਖ ਜਾਤੀ ਵਿੱਚ ਫੈਲਾ ਦੇਣੀ ਚਾਹੁੰਦਾ ਹੈ ਤਾਂ ਜੋ ਸੱਤਾਧਾਰੀ ਵਰਗ ਦੀ ਸਿਆਸਤ ਮਨੁੱਖੀ ਅਵਚੇਤਨ ਦਾ ਅੰਗ ਬਣ ਕੇ ਉਸਦਾ ਸਭਿਆਚਾਰ ਅਤੇ ਜੀਵਨ ਸ਼ੈਲੀ ਬਣ ਜਾਵੇ। ਜਦੋਂ

ਸੱਤਾਧਾਰੀ ਵਰਗ ਸਮਾਜਕ ਰਵਾਇਤਾਂ ਰਾਹੀਂ ਮਨੁੱਖੀ ਅਵਚੇਤਨ ਬਣ ਜਾਂਦਾ ਹੈ ਤਾਂ ਮਨੁੱਖ ਸੁਚੇਤ ਹੁੰਦਿਆਂ ਹੋਇਆਂ ਵੀ ਅਵਚੇਤਨ ਦੀ ਪੱਧਰ ਉੱਤੇ ਗੁਲਾਮ ਹੁੰਦਾ ਹੈ। ਇਸ ਲਈ ਮੱਧਯੁੱਗ ਦੀ ਸਮਾਜਕ ਜਿਸਨੂੰ ਸੱਤਾਧਾਰੀ ਵਰਗ ਨੇ ਸਥਾਪਤ ਕਰ ਦਿੱਤਾ ਹੈ, ਉਸ ਨੂੰ ਗੁਰਬਾਣੀ ਵਿਸ਼ੇ ਵਿਕਾਰਾਂ ਦੇ ਰੂਪ ਵਿਚ ਚਿਤਵਦੀ ਹੀ ਨਹੀਂ ਸਗੋਂ ਰੱਦ ਕਰਦੀ ਹੈ ਅਤੇ ਮਨੁੱਖ ਹਿਤੈਸ਼ੀ ਸਮਾਜਕਤਾ ਉਤਪੰਨ ਕਰਦੀ ਹੈ। ਇਸ ਕਰਕੇ ਵਿਸ਼ੇ ਵਿਕਾਰਾਂ ਨੂੰ ਸਮਾਜ ਨਿਰਲੇਪਤਾ 'ਚੋਂ ਨਹੀਂ ਸਗੋਂ ਸਮਾਜ-ਸਾਪੇਖਤਾ, ਇਤਿਹਾਸਕ ਪ੍ਰਸੰਗ, ਵਿਚਾਰਧਾਰਕ ਚੇਤਨਾ ਵਿਚੋਂ ਜਾਨਣ ਦੀ ਜ਼ਰੂਰਤ ਹੈ। ਇਸ ਦਾ ਸੂਖ਼ਮ ਵਿਸ਼ਲੇਸ਼ਣ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿਚ ਪ੍ਰਯਾਪਤ ਹੈ।

ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਤੱਕ ਪਹੁੰਚਦਿਆਂ ਇਹ ਧਿਆਨ ਵਿਚ ਰਹਿਣਾ ਚਾਹੀਦਾ ਹੈ ਕਿ ਗੁਰੂ ਤੇਗ਼ ਬਹਾਦਰ ਸਥਾਪਤ ਕੀਤੀ ਬਾਣੀ ਪਰੰਪਰਾ ਨੂੰ ਵਿਸਤਾਰ ਰਹੇ ਹਨ। ਇਸ ਵਿਸਤਾਰ ਦਾ ਵਿਚਾਰਧਾਰਕ ਪ੍ਰਸੰਗ ਸਮੁੱਚੀ ਬਾਣੀ ਤੋਂ ਅਲੱਗ ਕਰਕੇ ਨਹੀਂ ਦੇਖਿਆ ਜਾ ਸਕਦਾ। ਗੁਰੂ ਤੇਗ ਬਹਾਦਰ ਦੀ ਬਾਣੀ ਵਿਚ ਵਾਸ਼ਨਾਵਾਂ, ਭੋਗ ਅਤੇ ਲੋਭ ਦਾ ਵਿਚਾਰਧਾਰਕ ਪ੍ਰਸੰਗ ਬਹੁਤ ਮਹੱਤਤਾ ਵਾਲਾ ਹੈ ਕਿਉਂਕਿ ਇਹ ਵਾਸ਼ਨਾਵਾਂ, ਭੋਗ ਅਤੇ ਲੋਭ ਸਥਾਪਤੀ ਅਤੇ ਸੱਤਾ ਨੇ ਸਮੁੱਚੀ ਸਮਾਜਕਤਾ ਵਿਚ ਫੈਲਾ ਕੇ ਮਨੁੱਖ ਨੂੰ ਮਨੁੱਖ ਨਹੀਂ ਬਣਨ ਦਿੱਤਾ ਸਗੋਂ ਭੋਗੀ, ਲੋਭੀ, ਕਾਮੀ ਆਦਿ ਬਣਾ ਕੇ ਉਸ ਅੰਦਰੋਂ ਮਨੁੱਖੀ ਗੁਣਾਂ ਨੂੰ ਖਾਰਜ ਕਰ ਦਿੱਤਾ ਹੈ। ਮਨੁੱਖ ਇਨ੍ਹਾਂ ਦੀ ਪ੍ਰਾਪਤੀ ਲਈ ਭਟਕ ਗਿਆ ਹੈ। ਉਸਦੀ ਜ਼ਿੰਦਗੀ ਜਿਊਣ ਦੇ ਮਾਧਿਅਮ ਜ਼ਿੰਦਗੀ ਦਾ ਮੰਤਵ ਬਣਾ ਦਿੱਤੇ ਹਨ। ਜਿਸ ਕਰਕੇ ਉਹ ਇਨ੍ਹਾਂ ਦੀ ਪ੍ਰਾਪਤੀ ਲਈ ਸਦਾਚਾਰਕਤਾ ਛੱਡ ਕੇ ਆਚਰਣਹੀਣ ਹੋ ਗਿਆ ਹੈ। ਇਸ ਆਚਰਣਹੀਣਤਾ ਨੇ ਮਨੁੱਖ ਨੂੰ ਅਮਾਨਵ (Dehumanised) ਬਣਾ ਦਿੱਤਾ ਹੈ। ਇਸ ਅਮਾਨਵੀਕਰਨ ਦੀ ਪ੍ਰਕਿਰਿਆ ਤੋਂ ਮੋੜ ਕੇ ਮਨੁੱਖ ਨੂੰ ਮਨੁੱਖ (Humanised) ਬਣਾਉਣਾ ਗੁਰਬਾਣੀ ਦਾ ਪਰਮ ਲਕਸ਼ ਹੈ। ਗੁਰੂ ਤੇਗ਼ ਬਹਾਦਰ ਦੀ ਬਾਣੀ ਸੂਖ਼ਮ ਰੂਪ ਵਿਚ ਇਹ ਵਿਚਾਰਧਾਰਕ ਕਾਰਜ ਕਰ ਰਹੀ ਹੈ। ਗੁਰੂ ਤੇਗ਼ ਬਹਾਦਰ ਜੀ ਅਨੁਸਾਰ ਮਨੁੱਖ ਦਾ ਜਨਮ ਬਿਰਥਾ ਜਾਂਦਾ ਹੀ ਤਾਂ ਹੈ ਕਿ ਸੱਤਾਧਾਰੀ ਸਮਾਜਕਤਾ ਦੀ ਦੁਰਮਤਿ ਵਿਚ ਫਸ ਕੇ ਭਟਕ ਗਿਆ ਹੈ। ਮਨੁੱਖ ਭੋਗੀ ਸਮਾਜਕਤਾ ਦਾ ਸ਼ਿਕਾਰ ਹੋ ਕੇ ਕੁਮਤਿ ਦੇ ਰਸਤੇ ਉੱਪਰ ਅੰਨ੍ਹੀ ਦੌੜ ਦਾ ਪਾਂਧੀ ਬਣ ਗਿਆ ਹੈ। ਇਸ ਮਨੁੱਖ ਵਿੱਚੋਂ ਮਨੁੱਖਤਾ ਖਾਰਜ ਕਰ ਦਿੱਤੀ ਹੈ। ਇਸ ਲਈ ਗੁਰੂ ਸਾਹਿਬ ਮਨੁੱਖ ਨੂੰ ਮਾਨਵੀਕਰਨ ਦੀ ਪ੍ਰਕਿਰਿਆ ਵਿਚ ਸੁਮਤਿ/ਗੁਰਮਤਿ ਦੇ ਰਸਤੇ ਦਾ ਗਿਆਨ ਦਿੰਦੇ ਹਨ। ਗੁਰੂ ਤੇਗ਼ ਬਹਾਦਰ ਜੀ ਦੇ ਬਹੁਤੇ ਸ਼ਬਦ ਇਸ ਵਿਚਾਰਧਾਰਕ ਪ੍ਰਸੰਗ ਨੂੰ ਦ੍ਰਿੜ ਕਰਦੇ ਹਨ :

ਮਨ ਰੇ ਕਹਾ ਭਇਓ ਹੈ ਬਉਰਾ
ਅਹਿਨਿਸ ਅਊਧ ਘਟੈ ਨਹੀ ਜਾਨੈ
ਭਇਓ ਲੋਭ ਸੰਗ ਹਉਰਾ॥੧॥ਰਹਾਉ॥
ਜੋ ਤਨੁ ਤੈ ਅਪਨੋ ਕਰਿ ਮਾਨਿਓ
ਅਰ ਸੁੰਦਰ ਗ੍ਰਿਹ ਨਾਰੀ॥
ਇਨ ਮੈ ਕਛੁ ਤੇਰੋ ਰੇ ਨਾਹਨਿ
ਦੇਖੋ ਸੋਚ ਵਿਚਾਰੀ॥੨॥[9]

ਸਾਧੋ ਮਨ ਕਾ ਮਾਨੁ ਤਿਆਗਉ॥
ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ
ਤਾ ਤੇ ਅਹਿਨਸ ਭਾਗਉ॥੨॥ ਰਹਾਉ॥
ਸੁਖੁ ਦੁਖੁ ਦੋਨੋ ਸਮ ਕਰਿ ਜਾਨੈ
ਅਉਰੁ ਮਾਨੁ ਅਪਮਾਨਾ॥
ਹਰਖ ਸੋਗ ਤੇ ਰਹੈ ਅਤੀਤਾ
ਤਿਨਿ ਜਗਿ ਤਤੁ ਪਛਾਨਾ॥੨॥
ਉਸਤਤਿ ਨਿੰਦਾ ਦੋਊ ਤਿਆਗੈ
ਖੋਜੈ ਪਦੁ ਨਿਰਬਾਨਾ॥
ਜਨੁ ਨਾਨਕੁ ਕਿਹੁ ਖੇਲੁ ਕਠੁਨ ਹੈ
ਕਿਨਹੂੰ ਗੁਰਮੁਖਿ ਜਾਨਾ॥੨॥[10]

ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿਚ ਮਨੁੱਖੀ ਦੇਹ ਕੇਂਦਰ ਬਿੰਦੂ ਹੈ। ਇਹ ਦੇਹ ਅਨਮੋਲ ਜੀਵਨ ਦੀ ਲਖਾਇਕ ਹੈ। ਇਹ ਸਿਰਫ਼ ਉਪਭੋਗਤਾ ਖਾਤਰ ਹੀ ਨਹੀਂ ਬਣੀ ਹੈ। ਇਹ ਦੇਹ ਮਨੁੱਖੀ ਜੀਵਨ ਦੇ ਸਤ (Human Essence) ਅਤੇ ਸਤਿ (Humanity) ਦੇ ਸਦਗੁਣਾਂ ਦੀ ਤਲਾਸ਼ ਅਤੇ ਉਨ੍ਹਾਂ ਨੂੰ ਮਨੁੱਖੀ ਵਿਹਾਰ ਦਾ ਅਟੁੱਟ ਅੰਗ ਬਣਾ ਕੇ ਇਕ ਮਾਨਵੀਕ੍ਰਿਤ ਸਮਾਜ ਬਣਾਉਣ ਲਈ ਬਣੀ ਹੈ। ਜਿਸ ਸਮਾਜ ਵਿਚ ਕੁਦਰਤ ਦਾ ਹਰ ਬਸ਼ਰ ਸੁਤੰਤਰ ਅਤੇ ਮਾਨਵੀ ਜੀਵਨ ਜਿਉਂ ਸਕੇ। ਇਸ ਅਨਮੋਲ ਦੇਹ ਨੂੰ ਮਨੁੱਖ ਮਾਇਆਧਾਰੀ ਜੀਵਨ ਸ਼ੈਲੀ ਤੋਂ ਮੁਕਤ ਕਰਕੇ ਹੀ ਨਿਰਵਾਣ ਪ੍ਰਾਪਤੀ ਤੱਕ ਪਹੁੰਚਾ ਸਕਦਾ ਹੈ। ਇਥੇ ਹੀ ਗੁਰੂ ਤੇਗ਼ ਬਹਾਦਰ ਜੀ ਦੇ

ਵਿਚਾਰਧਾਰਕ ਅਰਥ ਸਥਿਤ ਹਨ ਕਿ ਮਨੁੱਖੀ ਦੇਹ ਸੱਤਾਧਾਰੀ ਸਮਾਜਕਤਾ ਵਿਚ ਫਸੀ ਵਿਸ਼ੇ ਵਿਕਾਰਾਂ ਦੀ ਗ੍ਰਿਫ਼ਤ ਵਿਚ ਅਕਾਰਨ ਹੀ ਅੰਜਾਈ ਬਰਬਾਦ ਕਰ ਰਹੀ ਹੈ। ਇਹ ਵਿਸ਼ੇ ਵਿਕਾਰ ਸੱਤਾਧਾਰੀ ਸਮਾਜਕਤਾ ਹੈ ਜਿਹੜੀ ਮਨੁੱਖੀ ਦੇਹ ਨੂੰ ਉਪਭੋਗੀ ਬਣਾ ਕੇ ਮਨੁੱਖ ਨੂੰ ਮਾਨਵੀਕਰਨ ਤੋਂ ਵਿਛੁੰਨ ਦਿੰਦੀ ਹੈ। ਇਉਂ ਗੁਰੂ ਤੇਗ਼ ਬਹਾਦਰ ਜੀ ਮਨੁੱਖੀ ਦੇਹ ਦੇ ਸਾਰਥਕ ਮਾਨਦੰਡ ਭਗਤੀ, ਨਿਰਵਾਣ, ਗੁਰਮਤਿ, ਗਿਆਨ ਨੂੰ ਬਣਾ ਕੇ ਉਸ ਮਨੁੱਖ ਦੀ ਸਮਾਜਕ ਅਤੇ ਵਿਚਾਰਧਾਰਕ ਪਰਿਭਾਸ਼ਾ ਸਿਰਜਦੇ ਹਨ ਜਿਹੜੀ ਸਮਾਜੀਕ੍ਰਿਤ (Socialised) ਅਤੇ ਮਾਨਵੀਕ੍ਰਿਤ (Humanised) ਹੈ। ਕੁਮਤਿ ਜੋ ਦੇਹ ਨੂੰ ਉਪਭੋਗੀ ਬਣਾਉਂਦੀ ਹੈ ਉਸ ਨੂੰ ਖ਼ਤਮ ਕਰਨ ਦਾ ਗੁਰਮੰਤਰ ਹੀ ਗੁਰਮਤਿ ਹੈ ਜੋ ਮਨੁੱਖੀ ਦੇਹ ਨੂੰ ਮਾਨਵਕਾਰੀ ਸਰੂਪ ਪ੍ਰਦਾਨ ਕਰਦੀ ਹੈ। ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿਚ ਮਨੁੱਖੀ ਦੇਹ ਇਸੇ ਕਰਕੇ ਕੇਂਦਰ ਬਿੰਦੂ ਬਣਦੀ ਹੈ ਅਤੇ ਗੁਰਮਤਿ ਪਰੰਪਰਾ ਦੇ ਉਸ ਦਾਰਸ਼ਨਿਕ ਵਿਚਾਰ ਨੂੰ ਹੀ ਦ੍ਰਿੜ ਕਰਦੀ ਹੈ ਜਿਹੜਾ ਵਿਚਾਰ ਇਸ ਪਰੰਪਰਾ ਦਾ ਕੇਂਦਰੀ ਤੱਤ ਹੈ :-

**ਬਿਰਥਾ ਕਹਉ ਕਉਨ ਸਿਉ ਮਨ ਕੀ।**
**ਲੋਭ ਗ੍ਰਸਿਓ ਦਸਹੂ ਦਿਸ ਧਾਵਤ**
**ਆਸਾ ਲਾਗਿਓ ਧਨ ਕੀ॥੧॥ ਰਹਾਉ॥**
**ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ**
**ਸੇਵ ਕਰਤ ਜਨ ਜਨ ਕੀ॥**
**ਦੁਆਰਹਿ ਦੁਆਰਿ ਸੁਆਨ ਜਿਉ ਡੋਲਤ**
**ਨਹ ਸੁਧ ਰਾਮ ਭਜਨ ਕੀ॥੨॥**
**ਮਾਨਸ ਜਨਮ ਅਕਾਰਥ ਖੋਵਤ**
**ਲਾਜ ਨਾ ਲੋਕ ਹਸਨ ਕੀ॥**
**ਨਾਨਕ ਹਰੁ ਜਸੁ ਕਿਉ ਨ ਗਾਵਤ**
**ਕੁਮਤਿ ਬਿਨਾਸੈ ਤਨ ਕੀ॥੨॥੨॥੨੩੩॥** [11]

ਗੁਰੂ ਤੇਗ਼ ਬਹਾਦਰ ਸਾਹਿਬ ਦਾ ਵਿਚਾਰਧਾਰਕ ਮਕਸਦ ਬਿਲਕੁਲ ਸਪੱਸ਼ਟ ਹੈ ਕਿ ਮੁਕਤਿ ਨੇ ਉਸ ਸਮੇਂ ਹੀ ਬਿਨਸਣਾ ਹੈ ਜਦੋਂ ਮਨੁੱਖ ਦਾ ਅਕੀਦਾ ਸੱਤਾਧਾਰੀ ਭੋਗਣਹਾਰ ਸਮਾਜੀ-ਸੰਸਾਰ ਦੀ ਥਾਵੇਂ ਉਸ ਸਮਾਜਕਤਾ ਨਾਲ ਪ੍ਰਤੀਬੱਧ ਹੋਣਾ ਹੈ, ਜਿਹੜੀ ਮਾਨਵਕਾਰੀ ਹੋਣ ਕਰਕੇ ਨਿਰਵਾਣ ਪ੍ਰਾਪਤੀ ਲਈ ਬ੍ਰਹਮ ਕੇਂਦਰਿਤ ਬਣਦੀ ਹੈ। ਬ੍ਰਹਮ ਕੇਂਦਰਿਤ ਮਨੁੱਖ ਭੋਗਣਹਾਰ ਸੰਸਕ੍ਰਿਤੀ ਦੇ ਸਵਾਰਥੀ ਹਿੱਤਾਂ ਤੋਂ ਉੱਪਰ ਉੱਠ ਜਾਂਦਾ ਹੈ। ਭੋਗਣਹਾਰ ਮੋਹ ਮਾਇਆ ਦਾ ਤਿਆਗ ਸਮਾਜਕ ਤੌਰ 'ਤੇ ਮਨੁੱਖ ਨੂੰ ਨਿਸ਼ਕਿਰਿਆ ਕਰਨਾ ਨਹੀਂ ਸਗੋਂ ਸੱਤਾਧਾਰੀ ਵਰਗ ਵਲੋਂ ਦਿੱਤੀ ਗਈ ਸਮਾਜਕਤਾ ਦੀ ਗਹਿਨ ਸੋਝੀ ਕਰਵਾ ਕੇ ਉਸ ਤੋਂ ਮੁਕਤ ਕਰਨ ਦੀ ਚੇਤਨਾ ਹੈ। ਇਸੇ ਕਰਕੇ ਗੁਰਬਾਣੀ ਵੀ ਅਤੇ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵੀ ਮਨੁੱਖ ਨੂੰ ਦਿੱਤੀ ਗਈ ਸਮਾਜਕਤਾ ਪ੍ਰਤੀ ਸਜੱਗ ਕਰਦੀ ਹੈ ਕਿ ਮਨੁੱਖ ਨੇ ਜਿਸ ਦਿਖਦੇ ਸਮਾਜਕ ਸੱਚ ਨੂੰ ਸੱਚ ਸਵੀਕਾਰ ਕਰ ਲਿਆ, ਉਹ ਸੱਚ ਨਹੀਂ ਹੈ ਉਲਟਾ ਉਸ ਨੇ ਮਨੁੱਖੀ ਜੀਵਨ ਨੂੰ ਉਸਦੇ ਪਰਮ ਲਕਸ਼ ਤੋਂ ਵਿਛੁਨ ਦਿੱਤਾ ਹੈ। ਇਸ ਕਰਕੇ ਸਮੁੱਚੀ ਗੁਰਬਾਣੀ ਦਾ ਅਧਿਐਨ ਕਰਦਿਆਂ ਇਹ ਪਹਿਲੂ ਧਿਆਨ ਵਿਚ ਰਹਿਣਾ ਚਾਹੀਦਾ ਹੈ ਕਿਉਂਕਿ ਪਰੰਪਰਾਗਤ ਵਿਆਖਿਆ ਪ੍ਰਣਾਲੀਆਂ ਇਸ ਗੰਭੀਰ ਮਸਲੇ ਨੂੰ ਪਦਾਰਥਕ ਮੋਹ ਮਾਇਆ ਤੋਂ ਤਿਆਗ ਦਾ ਅਨੁਮਾਨ ਹੇਠ ਬੰਨ੍ਹ ਕੇ ਸੁਰਖਰੂ ਹੋ ਜਾਂਦੀਆਂ ਹਨ। ਗੁਰਬਾਣੀ ਦੇ ਇਸ ਭਾਵ ਅਰਥ ਨੂੰ ਇਤਿਹਾਸਕ ਪਰਿਪੇਖ ਵਿਚ ਸਮਝਣ ਦੀ ਜ਼ਰੂਰਤ ਹੈ। ਇਸ ਪ੍ਰਸੰਗ ਵਿਚ ਡਾ. ਰਮੇਸ਼ ਕੁੰਤਲ ਮੇਘ ਨੇ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਦਾ ਅਧਿਐਨ ਕਰਦਿਆਂ ਠੀਕ ਕਿਹਾ ਹੈ ਕਿ ਇਸ ਤੋਂ ਮੁਕਤੀ ਦਾ ਇਕੋ ਇਕ ਉਪਾਅ ਭੌਤਿਕ ਮੋਹ ਮਾਇਆ ਤੋਂ ਛੁਟਕਾਰਾ ਪਾਉਣ ਵਿਚ ਅਤੇ ਸਹਜ-ਸੁਭਾਵਕ ਜੀਵਨ ਮੁੱਲਾਂ (ਸੱਤ, ਗਿਆਨ, ਹਰਿ ਪ੍ਰੀਤ, ਸਰਬਤ ਦਾ ਭਲਾ ਆਦਿ) ਦੀ ਪ੍ਰਾਪਤੀ ਵਿਚ ਵਿਦਮਾਨ ਹੈ। ਇਹੋ ਹੀ ਜੀਵਨ ਮੁਕਤੀ ਹੈ।[12] ਇਸ ਕਰਕੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਦੋਹਾਂ ਸਮਾਜਕਤਾ ਦੀ ਤੁਲਨਾ ਤਾਂ ਹੈ ਤਣਾਓ ਨਹੀਂ। ਤਣਾਓ ਹਮੇਸ਼ਾ ਵਿਰੋਧੀ ਟਕਰਾਵਾਂ ਵਿਚ ਹੁੰਦਾ ਹੈ। ਗੁਰੂ ਸਾਹਿਬ ਇਸੇ ਕਰਕੇ ਉਪਭੋਗੀ ਸੰਸਕ੍ਰਿਤੀ ਦੀ ਜੀਵਨ ਸ਼ੈਲੀ ਦਾ ਤਿਆਗ ਕਰਕੇ ਮਾਨਵੀਕ੍ਰਿਤ ਜੀਵਨ ਸ਼ੈਲੀ ਦੀ ਮਹੱਤਤਾ ਪ੍ਰਗਟ ਕਰ ਰਹੇ ਹਨ। ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿਚਾਰਧਾਰਕ ਪ੍ਰਸੰਗ ਵਿਚ ਐਨੀ ਸਪੱਸ਼ਟ ਹੈ ਕਿ ਉਹ ਤਣਾਓ-ਮੁਕਤ ਹੈ, ਤਣਾਓ ਸਿਰਜਣ ਵਾਲੇ ਮਾਨਦੰਡਾਂ ਨੂੰ ਸਪੱਸ਼ਟ ਪਛਾਣ ਕੇ ਉਨ੍ਹਾਂ ਦੇ ਸਮਾਨਾਂਤਰ ਮਾਨਵੀ ਗੁਣ ਸੰਪੰਨ ਮੁੱਲ-ਵਿਧਾਨ ਵਾਲਾ ਪ੍ਰਵਚਨ ਸਿਰਜਦੀ ਹੈ :

ਜਗਤ ਮੈ ਝੂਠੀ ਦੇਖੀ ਪ੍ਰੀਤਿ
ਅਪਨੇ ਹੀ ਸੁਖ ਸਿਉ ਸਭ ਲਾਗੇ।
ਕਿਆ ਦਾਰਾ ਕਿਆ ਮੀਤ॥੧॥ਰਹਾਉ॥
ਮੇਰੋ ਮੇਰੋ ਸਭੈ ਕਹਤ ਹੈ
ਹਿਤ ਸਿਉ ਬਾਧਿਓ ਚੀਤ॥

ਅੰਤਿ ਕਾਲਿ ਸੰਗੀ ਨਹ ਕੋਊ
ਇਹ ਅਚਰਜ ਹੈ ਰੀਤਿ॥੧॥
ਮਨ ਮੂਰਖ ਅਜਹੂ ਨਹ ਸਮਝਤ
ਸਿਖ ਦੈ ਹਾਰਿਓ ਨੀਤ॥
ਨਾਨਕ ਭਉਜਲੁ ਪਾਰਿ ਪਰੈ
ਜਉ ਗਾਵੈ ਪ੍ਰਭ ਕੇ ਗੀਤ॥੨॥੩॥ [13]

ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿਚ ਅਚਰਜ ਰੀਤ, ਮੂਰਖ ਮਨ ਦੀ ਸਮਾਜੀ ਹਕੀਕਤ ਨੂੰ ਨਾ ਸਮਝਣ ਦੀ ਚੇਤਨਾ ਨਾਲ ਸੰਬੰਧਿਤ ਹੈ। ਉਹ ਮੂਰਖ ਮਨ ਅਸਥਿਰ ਸੰਸਾਰ, ਬਾਦਰ ਦੀ ਪਰਛਾਈਂ ਜਗ ਦੀ ਰਚਨਾ ਨੂੰ ਸੱਚ ਸਵੀਕਾਰ ਕਰ ਚੁੱਕਾ ਹੈ। ਜੋ ਜਗਤ ਦੁਆਰਾ ਵਿਹਾਰੀ ਵਿਸ਼ੇ ਵਿਕਾਰ ਰਚਿਤ ਕੀਤਾ ਗਿਆ ਹੈ, ਇਹ ਬਿਨਸਨਹਾਰ ਹੈ ਤੇ ਇਸ ਦੇ ਸਮਾਨਾਂਤਰ ਪ੍ਰਭੂ ਦੇ ਗੀਤ ਗਾਉਣ ਵਾਲਾ ਹੀ ਭਵਜਲ ਸਾਗਰ ਤੋਂ ਪਾਰ ਲੱਗੇਗਾ ਅਰਥਾਤ ਉਹ ਹੀ ਇਸ ਹਕੀਕਤ ਦੀ ਥਾਹ ਪਾ ਸਕੇਗਾ।

ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਦਾ ਸਭ ਤੋਂ ਚਰਚਿਤ ਪ੍ਰਸੰਗ ਉਸਦੇ ਉਦਾਸਮਈ ਅਤੇ ਵੈਰਾਗ ਭਾਵਾਂ ਦਾ ਰਿਹਾ ਹੈ। ਨਿਰਸੰਦੇਹ ਗੁਰੂ ਤੇਗ਼ ਬਹਾਦਰ ਜੀ ਦਾ ਇਹ ਪ੍ਰਸੰਗ ਬਹੁਤ ਮਹੱਤਵਪੂਰਨ ਹੈ। ਇਸ ਪ੍ਰਸੰਗ ਦੀ ਇਤਿਹਾਸਕ ਅਤੇ ਦਾਰਸ਼ਨਿਕ ਪ੍ਰਸੰਗ ਵਿਚ ਚਰਚਾ ਕਰਨ ਤੋਂ ਪਹਿਲਾਂ ਡਾ. ਪਿਆਰ ਸਿੰਘ ਦਾ ਇਹ ਕਥਨ ਵਾਚ ਲੈਣਾ ਜ਼ਰੂਰੀ ਹੈ। "ਬਾਬਾ ਬਕਾਲਾ ਵਿਚ ਲੰਘੇ ਅਗਲੇ ਗਿਆਰਾਂ ਬਾਰਾਂ ਸਾਲ ਬੜੀ ਸਾਧਨਾ ਦੇ ਸਨ। ਇਸ ਵਿਚ ਆਪ ਨੇ 'ਗ੍ਰਿਹੀ ਮਹਿ ਉਦਾਸ' ਰਹਿੰਦਿਆਂ ਵੈਰਾਗਮਈ ਜੀਵਨ ਬਤੀਤ ਕੀਤਾ – ਅਜਿਹੇ ਵੈਰਾਗ ਦਾ ਜਿਸ ਦੀਆਂ ਤਲਖੀਆਂ ਤੋਂ ਭੈਭੀਤ ਹੋ ਕੇ ਸੰਸਾਰ ਤਿਆਗ ਜਾਣ ਦਾ ਨਹੀਂ ਸੀ, ਸਗੋਂ ਇਸ ਪੰਚ ਭੌਤਿਕ ਸੰਸਾਰ ਵਿਚ ਵਿਚਰਦਿਆਂ ਹੋਇਆਂ ਅਜੇਹੀ ਅਵਸਥਾ ਪੈਦਾ ਕਰਨਾ ਸੀ, ਜਿਸ ਵਿਚ ਨਾ ਸੁਖ ਦੀ ਲਾਲਸਾ ਸੀ ਤੇ ਨਾ ਦੁੱਖ ਦਾ ਭੈਅ। ਇਹ ਵੈਰਾਗ ਅਪਾਰ ਆਤਮਿਕ ਬਲ ਦੀ ਖਾਣ ਸੀ ਜਿਸ ਵਿਚੋਂ ਲੰਘਿਆ ਮਨੁੱਖ ਕਿਸੇ ਵਕਤ ਕਿਸੇ ਦੇ ਸਿਰ ਆਪਣਾ ਠੀਕਰਾ ਫੋੜ ਸਕਦਾ ਸੀ ਤੇ ਕਹਿ ਸਕਦਾ ਸੀ ਕਿ ਮੈਂ ਨਾ ਕਿਸੇ ਨੂੰ ਭੈ ਦੇਂਦਾ ਹਾਂ ਤੇ ਨਾ ਕਿਸੇ ਦਾ ਭੈ ਮੰਨਦਾ ਹਾਂ।" [14] ਡਾ. ਪਿਆਰ ਸਿੰਘ ਦਾ ਇਹ ਕਹਿਣਾ ਕਿ ਗੁਰੂ ਤੇਗ਼ ਬਹਾਦਰ ਜੀ ਦੇ ਗੁਰੂਤਵ ਪ੍ਰਾਪਤ ਕਰਨ ਤੋਂ ਪਹਿਲਾਂ ਦਾ ਭਗਤੀ ਜੀਵਨ ਤਲਖੀਆਂ ਤੋਂ ਭੈਭੀਤ ਹੋਣਾ ਨਹੀਂ ਸੀ ਸਗੋਂ ਸਮਾਜੀ ਹਕੀਕਤਾਂ ਨੂੰ ਪ੍ਰਵਾਨ ਕਰਕੇ ਅਜਿਹੀ ਮਾਨਸਿਕ ਅਵਸਥਾ ਪ੍ਰਾਪਤ ਕਰਨਾ ਸੀ ਜੋ ਗੁਰਮਤਿ ਦਰਸ਼ਨ ਦੀ ਮੂਲ ਦ੍ਰਿਸ਼ਟੀ ਸੀ, ਪ੍ਰਮਾਤਮਾ ਦੀ ਰਜ਼ਾ ਵਾਲੀ। ਇਹ ਉਹ ਦ੍ਰਿਸ਼ਟੀ ਹੈ ਜਿਹੜੀ ਦੁੱਖ-ਸੁੱਖ ਨੂੰ ਸਮ ਕਰ ਜਾਨਣ ਲਈ ਪ੍ਰੇਰਿਤ ਕਰਦੀ ਹੈ। ਇਹ ਮਨੁੱਖੀ ਜੀਵਨ ਤੇ ਵਿਹਾਰ ਦੀ ਨਾਸ਼ਵਾਨਤਾ ਨੂੰ ਦ੍ਰਿੜ ਕਰਦੀ ਹੈ। ਇਹ ਵਿਚਾਰ ਜਿੰਨੀ ਸ਼ਿੱਦਤ ਅਤੇ ਸੰਵੇਦਨਾ ਨਾਲ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿਚ ਪੇਸ਼ ਹੋਏ ਹਨ, ਉਨ੍ਹਾਂ ਦੀ ਮਿਸਾਲ ਬੜੀ ਦੁਰਲੱਭ ਹੈ। ਦੂਸਰਾ, ਸਾਡਾ ਪਰੰਪਰਕ ਚਿੰਤਨ ਗੁਰੂ ਤੇਗ਼ ਬਹਾਦਰ ਜੀ ਦੇ ਇਨ੍ਹਾਂ ਵੈਰਾਗਮਈ ਸ਼ਲੋਕਾਂ ਨੂੰ ਭਾਵਾਂ ਦੇ ਰੂਪ ਵਿਚ ਪੜ੍ਹਦਿਆਂ ਉਨ੍ਹਾਂ ਦੇ ਬੰਦੀ ਜੀਵਨ ਨਾਲ ਜੋੜਨ ਦਾ ਆਦੀ ਹੈ। ਜਿਸ ਨਾਲ ਗੁਰੂ ਸਾਹਿਬ ਦੀ ਬਾਣੀ ਦੇ ਅਰਥ ਮੂਲ ਨਾਲੋਂ ਵੱਖ ਹੋ ਜਾਂਦੇ ਹਨ ਅਤੇ ਉਸ ਇਤਿਹਾਸਕ ਪਰਿਪੇਖ ਤੋਂ ਵੀ ਵੰਚਿਤ ਹੋ ਜਾਂਦੇ ਹਾਂ, ਜਿਨ੍ਹਾਂ ਪਰਿਸਥਿਤੀਆਂ ਨੇ ਇਨ੍ਹਾਂ ਭਾਵਾਂ/ਵਿਚਾਰਾਂ ਨੂੰ ਪੈਦਾ ਕਰਨ ਵਿਚ ਇਤਿਹਾਸਕ ਭੂਮਿਕਾ ਨਿਭਾਈ ਹੈ। ਭੱਟਾਂ ਦੀਆਂ ਵਹੀਆਂ ਅਤੇ ਭੱਟ ਵਹੀਆਂ ਦੇ ਆਧਾਰ 'ਤੇ ਕੀਤੀ ਭਾਈ ਸਰੂਪ ਸਿੰਘ ਕੌਸ਼ਿਸ਼ ਅਤੇ ਗਿਆਨੀ ਗਰਜਾ ਸਿੰਘ ਦੀ ਇਤਿਹਾਸਕ ਖੋਜ ਇਹ ਦੱਸ ਪਾਉਂਦੀ ਹੈ ਕਿ ਗੁਰੂ ਤੇਗ਼ ਬਹਾਦਰ ਜੀ ਦਾ ਗੁਰਗੱਦੀ 'ਤੇ ਬਿਰਾਜਮਾਨ ਹੋਣ ਦੇ ਸਮੇਂ ਤੋਂ ਹੀ ਮੁਗ਼ਲ ਸਲਤਨਤ ਨਾਲ ਟਕਰਾ ਸੀ। ਇਹ ਟਕਰਾ ਵਿਅਕਤੀਗਤ ਨਹੀਂ ਸੀ ਸਗੋਂ ਗੁਰਮਤਿ ਦਰਸ਼ਨ ਅਤੇ ਸਿੱਖ ਧਰਮ ਦੀ ਮੂਲ ਪਰੰਪਰਾ ਦੇ ਸਦਕਾ ਸੀ। ਇਸੇ ਕਰਕੇ ਗੁਰੂ ਸਾਹਿਬ ਦੀ ਗ੍ਰਿਫ਼ਤਾਰੀ, ਹਕੂਮਤੀ ਨਜ਼ਰ ਅਤੇ ਹਕੂਮਤੀ ਦਬਾਅ, ਜਬਰ ਅਤੇ ਸਖ਼ਤੀ ਨੇ ਉਹ ਇਤਿਹਾਸਕ ਪ੍ਰਸਥਿਤੀਆਂ ਸਿਰਜੀਆਂ ਜਿਹੜੀਆਂ 'ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ' ਦੀ ਦ੍ਰਿੜ ਚੇਤਨਾ ਅਤੇ ਦ੍ਰਿੜ ਮਾਨਸਿਕ ਸਥਿਤੀ ਵਿਚ ਲੈ ਜਾਂਦੀਆਂ ਹਨ। ਗੁਰੂ ਤੇਗ਼ ਬਹਾਦਰ ਜੀ ਦਾ ਗੁਰਤਵ ਵਾਲਾ ਸਮੁੱਚਾ ਜੀਵਨ ਵੰਨ-ਸੁਵੰਨੇ ਕਿਸਮ ਦੇ ਦਬਾਵਾਂ, ਵੰਗਾਰਾਂ ਨਾਲ ਭਰਪੂਰ ਰਿਹਾ, ਭਾਵੇਂ ਉਹ ਪਰਿਵਾਰਕ ਸਨ ਤੇ ਭਾਵੇਂ ਆਪਣੇ ਦੌਰ ਦੀ ਹਕੂਮਤ ਦੇ ਸਨ। ਇਸ ਕਰਕੇ ਅਜਿਹੀਆਂ ਇਤਿਹਾਸਕ ਪਰਿਸਥਿਤੀਆਂ ਦੇ ਵਿਚੋਂ ਇਨ੍ਹਾਂ ਸਲੋਕਾਂ ਦਾ ਜਨਮ ਹੁੰਦਾ ਹੈ। ਡਾ. ਸੁਰਜੀਤ ਹਾਂਸ ਇਨ੍ਹਾਂ ਵੈਰਾਗਮਈ ਸਲੋਕਾਂ ਨੂੰ ਇਤਿਹਾਸਕ ਪਰਿਸਥਿਤੀਆਂ ਨਾਲ ਸੰਬੰਧਿਤ ਕਰਨ ਉਪਰੰਤ ਲਿਖਦਾ ਹੈ, "ਸਲੋਕ ਸ਼ਹੀਦੀ ਦੀ ਉਡੀਕ ਵਿਚ ਲਿਖੇ ਗਏ ਹਨ। ਉਹਨਾਂ ਵਿਚ ਗੁਰੂ ਤੇਗ਼ ਬਹਾਦਰ ਸ਼ਹੀਦੀ ਸਾਕੇ ਦਾ ਭਵਿਸ਼-ਅਨੁਭਵ (Anticipation) ਕਰਦੇ

ਹਨ। ਉਹ ਇਸੇ ਭਵਿਸ਼-ਅਨੁਭਵ ਦੇ ਦ੍ਰਿਸ਼ਟੀਕੋਨ ਤੋਂ ਕਈ ਗੱਲਾਂ ਕਹਿੰਦੇ ਹਨ ਜਿਹਨਾਂ ਦਾ ਉਹਨਾਂ ਨੂੰ ਸੰਸਾ ਸੀ ਕਿ ਇੰਜ ਹੋ ਸਕਦੀਆਂ ਹਨ, ਪਰ ਉਹਨਾਂ ਦੇ ਪੈਰਕਾਰ ਉਹਨਾਂ ਦੇ ਭਵਿਸ਼ ਅਨੁਭਵ ਤੋਂ ਵੱਧ ਪੂਰੇ ਉਤਰੇ। ਇਹ ਗ਼ਲਤ ਹੈ ਕਿ ਗੁਰੂ ਸਾਹਿਬ ਨੇ ਸਲੋਕ ਸ਼ਹੀਦੀ ਦੇ ਮੌਕੇ 'ਤੇ ਲਿਖੇ ਸਨ।"[15] ਇਉਂ ਵੈਰਾਗ ਕੋਈ ਭਾਵਨਾ ਜਾਂ ਤੱਤ-ਭੜੱਤੀ ਪੈਦਾ ਹੋਇਆ ਭਾਵ ਸੰਸਾਰ ਨਹੀਂ ਸਗੋਂ ਉਸ ਇਤਿਹਾਸਕ ਅਨੁਭਵ ਦਾ ਸਾਰ ਤੱਤ ਹੈ, ਜਿਨ੍ਹਾਂ ਨੇ ਇਹ ਨਿਸ਼ਚਤ ਹੀ ਕੀਤਾ ਸੀ। ਜਦੋਂ ਉਪਰੋਕਤ ਇਤਿਹਾਸਕ ਪ੍ਰਸੰਗ ਵਿਚ ਗੁਰੂ ਸਾਹਿਬ ਦੇ ਸਲੋਕਾਂ ਦਾ ਅਧਿਐਨ ਕਰਦੇ ਹਾਂ ਤਾਂ ਵਿਚਾਰਧਾਰਕ ਤੌਰ 'ਤੇ ਸਲੋਕਾਂ ਵਿਚੋਂ ਉਦੈ ਹੁੰਦੀਆਂ ਅੰਤਰ-ਦ੍ਰਿਸ਼ਟੀਆਂ ਇਤਿਹਾਸਕ ਪਰਿਸਥਿਤੀਆਂ ਦੇ ਅਨੁਭਵ ਸਾਰ ਦਾ ਗਿਆਨ ਕਰਵਾਉਂਦੀਆਂ ਹਨ :

**ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ॥**
**ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ॥੨੫॥**[16]
**ਜਤਨ ਬਹੁਤ ਸੁਖ ਕੇ ਕੀਏ ਦੁਖ ਕੋ ਕੀਓ ਨ ਕੋਇ॥**
**ਕਹੁ ਨਾਨਕ ਰੇ ਸੁਨਿ ਰੇ ਮਨਾ ਹਰਿ ਭਾਵੈ ਸੋ ਹੋਇ॥੩੯॥**[17]
**ਜਗ ਰਚਨਾ ਸਭ ਝੂਠ ਹੈ। ਜਾਨਿ ਲੇਹੁ ਰੇ ਮੀਤ॥**
**ਕਹਿ ਨਾਨਕ ਥਿਰ ਨ ਰਹੈ ਜਿਉ ਬਾਲੂ ਕੀ ਭੀਤ॥੪੯॥**
**ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰ॥**
**ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰ॥੫੦॥**
**ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ॥**
**ਇਹ ਮਾਰਗ ਸੰਸਾਰ ਕੋ ਨਾਨਕ ਥਿਰ ਨਹੀ ਕੋਇ॥**
**ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ॥**
**ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲਿ॥੫੨॥**[18]

ਉਪਰਕਤ ਸਲੋਕ ਮੌਤ ਦੇ ਕੇਂਦਰੀ ਬਿੰਦੂ 'ਤੇ ਖੜੇ ਸੰਸਾਰ ਦੀ ਨਾਸ਼ਮਾਨਤਾ ਉਸੇ ਦ੍ਰਿੜਤਾ ਨਾਲ ਦੱਸ ਰਹੇ ਜਿਸ ਦ੍ਰਿੜਤਾ ਨਾਲ ਮੌਤ ਦਾ ਸੰਕਲਪ ਬਾਬਾ ਫ਼ਰੀਦ ਦੀ ਬਾਣੀ ਵਿਚੋਂ ਉਦੈ ਹੁੰਦਾ ਹੈ। ਇਹ ਸਲੋਕ ਗੁਰਮਤਿ ਪਰੰਪਰਾ ਅਤੇ ਦਰਸ਼ਨ ਨੂੰ ਹੀ ਸੰਚਾਰਦੇ ਹਨ ਕਿਸੇ ਵਿਅਕਤੀਗਤ ਵਿਰਲਾਪ ਜਾਂ ਰੁਦਨ ਨੂੰ ਨਹੀਂ। ਜੇ ਇਨ੍ਹਾਂ ਸਲੋਕਾਂ ਵਿਚ ਇਕ ਪਾਸੇ ਮੌਤ ਦੀ ਚੇਤਨਾ ਦਾ ਪ੍ਰਗਟਾਵਾ ਹੈ ਤਾਂ ਦੂਸਰੇ ਪਾਸੇ ਗੁਰਮਤਿ ਦੀ ਮੂਲ ਦਾਰਸ਼ਨਿਕ ਸੋਝੀ ਸੱਚੇ ਪਾਤਸ਼ਾਹ ਵਿਚ ਦ੍ਰਿੜ ਵਿਸ਼ਵਾਸ ਵੀ ਹੈ। ਦੁਨਿਆਵੀ ਸੱਚਾਂ ਅਤੇ ਦੁਨਿਆਵੀ ਪਾਤਸ਼ਾਹ ਦੇ ਮੁਕਾਬਲੇ 'ਤੇ ਪ੍ਰਭੂ ਦੀ ਸ਼ਕਤੀ ਵਿਚ ਵਿਸ਼ਵਾਸ ਦ੍ਰਿੜ੍ਹ ਕਰਵਾਉਂਦੇ ਹਨ। ਇਹ ਸਲੋਕ ਦ੍ਰਿੜ੍ਹ ਨਿਸ਼ਚੇ ਅਤੇ ਅਖੁੱਟ ਵਿਸ਼ਵਾਸ ਦਾ ਪ੍ਰਗਟਾਵਾ ਹਨ। ਇਤਿਹਾਸਕ ਤਰਕ ਵਜੋਂ ਇਹ ਮੌਤ ਨੂੰ ਸਵੀਕਾਰ ਕਰਨ ਦਾ ਵੈਰਾਗਮਈ ਦਿਲਾਸਾ ਜਾਂ ਰੁਦਨ ਭਰੋਸਾ ਨਹੀਂ ਸਗੋਂ ਅਣਹੋਣੀ ਵੀ ਵਾਪਰ ਜਾਵੇ ਤਾਂ ਵੀ ਮਨੁੱਖ ਨੂੰ ਪ੍ਰਮਾਤਮਾ ਵਿੱਚ ਦ੍ਰਿੜ ਵਿਸ਼ਵਾਸ ਅਤੇ ਨਾਮ ਸੰਗ ਇਕ ਸੁਰ ਰਹਿਣ ਦਾ ਗੁਰਮਤਿ ਸੰਦੇਸ਼ ਹੈ। ਅਸੀਮ ਦੁਸ਼ਵਾਰੀਆਂ, ਇਤਿਹਾਸਕ ਦਬਾਵਾਂ ਅਤੇ ਹਕੂਮਤੀ ਜਬਰ ਦੇ ਲੰਮੇ ਇਤਿਹਾਸਕ ਅਨੁਭਵ ਵਿਚ ਉਚਾਰੇ ਇਹ ਸਲੋਕ ਬਾਰ-ਬਾਰ ਮਨੁੱਖ ਨੂੰ ਇਕ ਦ੍ਰਿੜਤਾ ਪ੍ਰਦਾਨ ਕਰਦੇ ਹਨ। ਇਸੇ ਦ੍ਰਿੜਤਾ ਵਿਚ ਹੀ ਇਨ੍ਹਾਂ ਸਲੋਕਾਂ ਦੀ ਵਿਚਾਰਧਾਰਕ ਪ੍ਰਸੰਗਕਤਾ ਹੈ। ਇਨ੍ਹਾਂ ਸਲੋਕਾਂ ਉਪਰੰਤ ਦੋਹਿਰਾ ਦੇ ਸਲੋਕ ਇਸ ਲਈ ਸਾਰ ਗਰਭਿਤ ਹਨ ਕਿਉਂਕਿ ਜਿਸ ਇਤਿਹਾਸਕ ਪਰਿਪੇਖ ਵਿਚ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਦੇ ਵੈਰਾਗ ਨਾਲ ਸੰਬੰਧਿਤ ਸਲੋਕਾਂ ਦੀ ਚੇਤਨਾ ਹੈ। ਉਸਦਾ ਗੰਭੀਰ ਇਤਿਹਾਸਕ ਵਿਵੇਕ ਇਸ ਦੋਹਿਰੇ ਦੀ ਕੇਂਦਰੀ ਧੁਨੀ ਬਣਦਾ ਹੈ :

**ਬਲ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ॥**
**ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ॥**[19]

ਇਸ ਦੇ ਉੱਤਰ ਰੂਪ ਵਿਚ ਅਗਲਾ ਸਲੋਕ ਉਸ ਵਿਚਾਰਧਾਰਕ ਪ੍ਰਸੰਗ ਨੂੰ ਭਵਿੱਖ ਦੀ ਦ੍ਰਿਸ਼ਟੀ ਵਿਚ ਬਦਲਣ ਦੀ ਇਤਿਹਾਸਕ ਚੇਤਨਾ ਹੈ :

**ਬਲ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ॥**
**ਨਾਨਕ ਸਭ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ॥**[20]

ਇਹ ਉਹ ਬਲ ਹੈ ਜਿਸ ਨੇ ਸਿੱਖ ਪਰੰਪਰਾ ਨੂੰ ਸ਼ਕਤੀਸ਼ਾਲੀ ਸੰਗਠਨ ਵਿਚ ਢਾਲ ਕੇ ਜਾਬਰ ਹਕੂਮਤ ਦੇ ਖਿਲਾਫ਼ ਖੜਿਆਂ ਕਰਨਾ ਹੈ ਤਾਂ ਕਿ ਸਭ ਬੰਧਨ, ਹਕੂਮਤੀ ਦਾਬਾ ਅਤੇ ਸੱਤਾ ਦੁਆਰਾ ਪੈਦਾ ਕੀਤੀਆਂ ਅਣਹੋਣੀਆਂ ਅਤੇ ਦੁਸ਼ਵਾਰੀਆਂ ਦਾ ਅੰਤ ਹੋ ਸਕੇ। ਇਹ ਇਤਿਹਾਸਕ ਸੰਕੇਤ ਭਵਿੱਖ ਦੀ ਸਿੱਖ ਲਹਿਰ ਵਿਚ ਗੁਰੂ ਗੋਬਿੰਦ ਸਿੰਘ ਅਤੇ ਬੰਦਾ ਸਿੰਘ ਬਹਾਦਰ ਰਾਹੀਂ ਸਿੱਖ ਪਰੰਪਰਾ ਵਿੱਚ ਰਾਜਸੀ ਆਜ਼ਾਦੀ ਦੀ ਪ੍ਰਚੰਡ ਚੇਤਨਾ ਜਗਾਉਂਦੇ ਹਨ। ਇਸ ਲਈ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿਚਾਰਧਾਰਕ ਤੌਰ 'ਤੇ ਗੁਰਮਤਿ ਵਿਰਾਸਤ ਨੂੰ ਸਿਧਾਂਤਕ ਅਤੇ ਵਿਹਾਰਕ ਤੌਰ 'ਤੇ ਸੰਚਾਰਦੀ ਹੋਈ ਭਵਿੱਖ ਦੀਆਂ ਸੰਭਾਵਨਾਵਾਂ ਨੂੰ ਜਗਾਉਂਦੀ ਹੈ। ਗੁਰੂ ਗੋਬਿੰਦ ਸਿੰਘ ਅਤੇ ਉਸ ਉਪਰੰਤ ਸਿੱਖ ਪਰੰਪਰਾ ਰਾਜਸੀ ਅੰਦੋਲਨ ਵਿਚ ਮੁਖਰ ਹੁੰਦੀ ਹੈ ਤਾਂ ਉਸ ਦੀ ਪਿੱਠ ਭੂਮੀ ਵਿਚ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਅਤੇ ਉਨ੍ਹਾਂ

ਦੀ ਬਾਣੀ ਦੀ ਵਿਚਾਰਧਾਰਕ ਮਹੱਤਤਾ ਅਤੇ ਇਨਕਲਾਬੀ ਸ਼ਕਤੀ ਹੈ। ਪ੍ਰੋ. ਕਿਸ਼ਨ ਸਿੰਘ ਦਾ ਇਹ ਕਹਿਣਾ ਠੀਕ ਹੈ, "ਬਾਕੀ ਦੀ ਬਾਣੀ ਵਾਂਗ, ਜਦੋਂ ਗੁਰੂ ਤੇਗ਼ ਬਹਾਦਰ ਦੀ ਬਾਣੀ "ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ" ਵਾਲਾ ਮਨੁੱਖ ਪੈਦਾ ਕਰਦੀ ਹੈ ਤਾਂ ਉਹ ਮਾਇਆ ਦੀ ਤਰਜ਼ੇ-ਜ਼ਿੰਦਗੀ ਦੇ ਵਿਰੁੱਧ ਇਨਕਲਾਬ ਪੈਦਾ ਕਰਦੀ ਹੈ। ਗੁਰੂ ਤੇਗ਼ ਬਹਾਦਰ ਦੀ ਬਾਣੀ ਦਾ ਮੂਲ ਜ਼ਿੰਦਗੀ ਦਾ ਤਿਆਗ ਨਹੀਂ, ਮਾਇਆ ਦੀ ਤਰਜ਼ੇ-ਜ਼ਿੰਦਗੀ ਦੇ ਵਿਰੁੱਧ ਇਨਕਲਾਬ ਹੈ? [21]

**ਹਵਾਲੇ :**


1. ਡਾ. ਜੇ. ਐਸ. ਗਰੇਵਾਲ, ਗੁਰੂ ਤੇਗ਼ ਬਹਾਦਰ : ਭਰੋਸੇ ਦਾ ਪੈਰੀਬਰ, ਗੁਰੂ ਤੇਗ਼ ਬਹਾਦਰ : ਚਿੰਤਨ, ਕਲਾ ਤੇ ਬਾਣੀ (ਸੰਪਾ. ਦੀਵਾਨ ਸਿੰਘ ਤੇ ਸਤਿੰਦਰ ਸਿੰਘ), ਪੰਨੇ 14-15
2. ਉਹੀ, ਪੰਨਾ 12
3. ਭਾਈ ਸਰੂਪ ਸਿੰਘ ਕੌਸ਼ਿਸ਼, **ਗੁਰੂ ਕੀਆਂ ਸਾਖੀਆਂ** (ਸੰਪਾ. ਪਿਆਰਾ ਸਿੰਘ ਪਦਮ), ਪੰਨੇ 73-74
4. **ਗਿਆਨ ਗਰਜਾ ਸਿੰਘ ਦੀ ਇਤਿਹਾਸਕ ਖੋਜ** (ਸੰਪਾ. ਗੁਰਮੁਖ ਸਿੰਘ), ਪੰਨੇ 96-97
5. ਡਾ. ਜੇ.ਐਸ. ਗਰੇਵਾਲ, ਗੁਰੂ ਤੇਗ਼ ਬਹਾਦਰ : ਭਰੋਸੇ ਦਾ ਪੈਰੀਬਰ, **ਗੁਰੂ ਤੇਗ਼ ਬਹਾਦਰ : ਚਿੰਤਨ, ਕਲਾ ਤੇ ਬਾਣੀ** (ਸੰਪਾ. ਦੀਵਾਨ ਸਿੰਘ ਤੇ ਸਤਿੰਦਰ ਸਿੰਘ), ਪੰਨੇ 13
6. ਭਾਈ ਸਰੂਪ ਸਿੰਘ ਕੌਸ਼ਿਸ਼, **ਗੁਰੂ ਕੀਆਂ ਸਾਖੀਆਂ** (ਸੰਪਾ. ਪਿਆਰਾ ਸਿੰਘ ਪਦਮ), ਪੰਨੇ 81
7. ਡਾ. ਗੋਪਾਲ ਸਿੰਘ, **ਗੁਰੂ ਗੋਬਿੰਦ ਸਿੰਘ**, ਪੰਨਾ 53
8. ਡਾ, ਤਰਲੋਕ ਸਿੰਘ ਕੰਵਰ, **ਗੁਰੂ ਨਾਨਕ ਬਾਣੀ ਦਾ ਕਾਵਿ ਸ਼ਾਸਤਰ**, ਪੰਨੇ 122-123
9. ਰਾਗੁ ਗਉੜੀ, ਮਹਲਾ ੯, ਪੰਨਾ 220
10. ਰਾਗੁ ਗਉੜੀ, ਮਹਲਾ ੯, ਪੰਨਾ 219
11. ਰਾਗੁ ਆਸਾ, ਮਹਲਾ ੯, ਪੰਨਾਵ 411
12. ਡਾ. ਰਮੇਸ਼ ਕੁੰਤਲ ਮੇਘ, ਗੁਰੂ ਤੇਗ਼ ਬਹਾਦਰ ਦੇ ਦਰਸ਼ਨ ਦੀ ਸਮਾਜਿਕ ਸਾਰਥਕਤਾ, **ਗੁਰੂ ਤੇਗ਼ ਬਹਾਦਰ : ਚਿੰਤਨ, ਕਲਾ ਤੇ ਬਾਣੀ** (ਸੰਪਾ. ਦੀਵਾਨ ਸਿੰਘ ਤੇ ਸਤਿੰਦਰ ਸਿੰਘ), ਪੰਨਾ 54
13. ਰਾਗ ਦੇਵਗੰਧਾਰੀ, ਮਹਲਾ ੯, ਪੰਨਾ 536
14. ਡਾ, ਪਿਆਰ ਸਿੰਘ, **ਸ੍ਰੀ ਗੁਰੂ ਤੇਗ਼ ਬਹਾਦਰ** (ਫ਼ਾਰਸੀ ਸਰੋਤ), ਪੰਨਾ 26
15. ਡਾ. ਸੁਰਜੀਤ ਹਾਂਸ, ਗੁਰੂ ਤੇਗ਼ ਬਹਾਦਰ ਦੀ ਬਾਣੀ ਦਾ ਇਤਿਹਾਸਕ ਮੁੱਲ, **ਗੁਰੂ ਤੇਗ਼ ਬਹਾਦਰ: ਜੀਵਨ ਅਤੇ ਸਿਰਜਣਾ** (ਸੰਪਾ: ਮੋਹਨਜੀਤ ਤੇ ਸਬਿੰਦਰਜੀਤ ਸਾਗਰ), ਪੰਨਾ -76
16. ਸਲੋਕ ਮਹਲਾ, ਮਹਲਾ ੯, ਪੰਨਾ 1427
17. ਦੋਹਰਾ, ਸਲੋਕ ਮਹਲਾ, ਮਹਲਾ ੯, ਪੰਨਾ 1428
18. ਦੋਹਰਾ, ਸਲੋਕ ਮਹਲਾ, ਮਹਲਾ ੯, ਪੰਨਾ 1429
19. ਉਹੀ
20. ਉਹੀ
21. ਕਿਸ਼ਨ ਸਿੰਘ (ਪ੍ਰੋ.), **ਗੁਰਬਾਣੀ ਦਾ ਸੱਚ** ਪੰਨਾ 188


.....................................................

## ਕਬਿੱਤ

**(ਦੁਖੀ ਪੰਡਿਤਾਂ ਦੀ ਪੁਕਾਰ)**

ਜੰਞੂ ਚੋਟੀ ਤੋੜ ਫੋੜ ਤਿਲਕ ਘਸਾਏ ਕਰ।
ਖੰਜਰ ਦਿਖਾਏ ਗੋਸ਼ਤ ਗਊ ਕਾ ਖਿਲਾਤੇ ਹੈਂ।

ਦੂਧ ਪੀਤੇ ਬੱਚੇ ਮਾਂ ਕੀ ਛਾਤੀ ਸੇ ਛੁਡਾ ਏ ਕਰ
ਫੈਂਕ ਫੈਂਕ ਆਗ ਬੀਚ ਬੱਚੋਂ ਕੋ ਜਲਾਤੇ ਹੈਂ।

ਜੋ ਨਾ ਕਹੇ ਕਲਮਾਂ ਔ ਦੀਨ ਦੀ ਨਾ ਈਨ ਮਾਨੇ
ਮਾਰ ਮਾਰ ਨੇਜ਼ੇ ਚਿਲਲਾਤੇ ਤੜਫਾਤੇ ਹੈਂ।

ਰਖਤੇ ਨਹੀਂ ਹੈ ਜਰਾ ਜ਼ਾਲਿਮ ਖੁਦਾ ਦਾ ਖੌਫ਼
'ਬਾਲਮ' ਬੇਖਤਾਓਂ ਪਰ ਜ਼ੁਲਮ ਕਮਾਤੇ ਹੈਂ।

**ਕਰਮ ਸਿੰਘ ਬਾਲਮ**

.....................................................

# ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਅਤੇ ਬਾਣੀ ਦਾ ਬ੍ਰਹਿਮੰਡੀ ਪ੍ਰਵਚਨ

ਡਾ. ਮਨਜਿੰਦਰ ਸਿੰਘ

ਗੁਰੂ ਸਾਹਿਬਾਨ ਦੇ ਜੀਵਨ ਅਤੇ ਬਾਣੀ ਦਾ ਬੁਨਿਆਦੀ ਪਰਿਪੇਖ ਬ੍ਰਹਿਮੰਡੀ ਹੈ। ਇਹ ਸਰਬੱਤ ਦੇ ਭਲੇ ਦਾ ਪ੍ਰਵਚਨ ਹੈ। ਇਹ ਹਰ ਤਰ੍ਹਾਂ ਦੇ ਵਿਤਕਰੇ ਤੋਂ ਪਾਰ ਹੈ। ਇਹ ਦਵੰਦ-ਮੁਕਤਤਾ ਦੀ ਦ੍ਰਿਸ਼ਟੀ ਹੈ। ਗੁਰੂ ਦਾ ਜੀਵਨ ਅਤੇ ਬਾਣੀ ਇਕ-ਮਿਕ ਹਨ। ਗੁਰੂ ਦਾ ਜੀਵਨ, ਬਾਣੀ ਦੀ ਵਿਹਾਰਕ ਵਿਆਖਿਆ ਹੈ। ਗੁਰੂ ਸਾਹਿਬਾਨ ਦੇ ਜੀਵਨ ਅਤੇ ਬਾਣੀ ਵਿਚ ਇਕ ਚਮਤਕਾਰੀ ਭਾਂਤ ਦੀ ਇਕਸੁਰਤਾ ਨਜ਼ਰ ਆਉਂਦੀ ਹੈ। ਗੁਰੂ ਦੀਆਂ ਜੀਵਨ-ਸਾਖੀਆਂ ਬਾਣੀ ਦੀ ਪ੍ਰਸੰਗਿਕ ਵਿਆਖਿਆ ਹਨ। ਇਸ ਲਈ ਗੁਰੂ ਸਾਹਿਬਾਨ ਦੇ ਜੀਵਨ ਨੂੰ ਉਹਨਾਂ ਦੀ ਬਾਣੀ ਦੇ ਹਵਾਲੇ ਨਾਲ ਸਮਝਿਆ ਜਾ ਸਕਦਾ ਹੈ ਅਤੇ ਬਾਣੀ ਨੂੰ ਉਹਨਾਂ ਦੇ ਜੀਵਨ ਦੇ ਹਵਾਲੇ ਨਾਲ ਪ੍ਰਸਤੁਤ ਖੋਜ-ਪੱਤਰ ਦਾ ਮਨੋਰਥ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੇ ਇਤਿਹਾਸਕ ਬਿਰਤਾਂਤ ਨੂੰ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਬਾਣੀ ਦੇ ਬ੍ਰਹਿਮੰਡੀ ਪ੍ਰਵਚਨ ਦੇ ਪਰਿਪੇਖ ਵਿਚ ਸਮਝਣ ਦਾ ਯਤਨ ਕਰਨਾ ਹੈ।

ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੀ ਇਤਿਹਾਸਕ ਟੈਕਸਟ ਵਿਚ ਪ੍ਰਵਾਹਿਤ ਅਣਦਿਸਦੇ ਪ੍ਰਵਚਨ ਨੂੰ ਜੇਕਰ ਬਾਣੀ ਦੇ ਬ੍ਰਹਿਮੰਡੀ ਪਰਿਪੇਖ ਵਿਚ ਨਾ ਸਮਝਿਆ ਜਾਵੇ ਤਾਂ ਇਸ ਮਹਾਨ ਸ਼ਹਾਦਤ ਨੂੰ ਸੰਪ੍ਰਦਾਇਕ ਵਿਆਖਿਆਵਾਂ ਦੇ ਸੀਮਤ ਦਾਇਰਿਆਂ ਤੱਕ ਘਟਾ ਕੇ ਦੇਖਣ ਦੀ ਪ੍ਰਵਿਰਤੀ ਉੱਭਰਨੀ ਸ਼ੁਰੂ ਹੋ ਜਾਂਦੀ ਹੈ। ਇਥੋਂ ਤਕ ਕਿ ਕਈ ਵਾਰ ਤਥਾਕਥਿਤ ਰਾਸ਼ਟਰਵਾਦੀ ਸੰਦਰਭ ਵਿਚ ਮਨੁੱਖਤਾ ਅਤੇ ਸਾਂਝੀਵਾਲਤਾ ਲਈ ਦਿੱਤੀ ਗਈ ਇਸ ਸ਼ਹਾਦਤ ਨੂੰ ਹਿੰਦੂ ਪੱਖੀ ਅਤੇ ਮੁਸਲਿਮ ਵਿਰੋਧੀ ਅਰਥਾਂ ਵਿਚ ਪਰਿਭਾਸ਼ਤ ਕਰਨ ਦੇ ਯਤਨ ਵੀ ਦ੍ਰਿਸ਼ਟੀਗੋਚਰ ਹੋਣ ਲੱਗਦੇ ਹਨ, ਜਦਕਿ ਗੁਰੂ ਸਾਹਿਬ ਦੇ ਜੀਵਨ ਅਤੇ ਬਾਣੀ ਦਾ ਬ੍ਰਹਿਮੰਡੀ ਫ਼ਲਸਫ਼ਾ ਸਾਂਝੀਵਾਲਤਾ ਦਾ ਪ੍ਰਵਚਨ ਹੈ। ਇਹ ਸਿਵਾਇ ਜ਼ੁਲਮ ਅਤੇ ਜ਼ਾਲਮ ਦੇ ਹੋਰ ਕਿਸੇ ਦਾ ਵਿਰੋਧੀ ਨਹੀਂ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੇ ਸਹੀ ਅਰਥਾਂ ਨੂੰ ਸਮਝਣ ਲਈ ਇਸ ਅਦੁੱਤੀ ਘਟਨਾ ਦੇ ਇਤਿਹਾਸਕ ਪਾਠ ਤੋਂ ਇਸ ਦੇ ਬ੍ਰਹਿਮੰਡੀ ਪ੍ਰਵਚਨ ਤੱਕ ਦੀ ਯਾਤਰਾ ਲੋੜੀਂਦੀ ਹੈ। ਇਸ ਘਟਨਾ ਦਾ ਇਤਿਹਾਸਕ ਬਿਰਤਾਂਤ ਉਦੋਂ ਆਰੰਭ ਹੁੰਦਾ ਹੈ, ਜਦੋਂ ਕਸ਼ਮੀਰੀ ਬ੍ਰਾਹਮਣਾਂ ਦਾ ਇਕ ਵਫ਼ਦ ਪੰਡਿਤ ਕ੍ਰਿਪਾ ਰਾਮ ਜੀ ਦੀ ਅਗਵਾਈ ਵਿਚ ਸ੍ਰੀ ਅਨੰਦਪੁਰ ਸਾਹਿਬ ਵਿਖੇ ਗੁਰੂ ਤੇਗ ਬਹਾਦਰ ਜੀ ਦੀ ਸ਼ਰਨ ਵਿਚ ਪਹੁੰਚਦਾ ਹੈ। ਇਹ ਕਸ਼ਮੀਰੀ ਬ੍ਰਾਹਮਣ ਗੁਰੂ ਜੀ ਨੂੰ ਆਪਣੀ ਵਿਥਿਆ ਸੁਣਾਉਂਦੇ ਹੋਏ ਦੱਸਦੇ ਹਨ ਕਿ ਕਿਵੇਂ ਸਮੇਂ ਦੇ ਕੱਟੜ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਦੇ ਹੁਕਮਾਂ ਅਨੁਸਾਰ ਉਹਨਾਂ ਨੂੰ ਧਰਮ ਪਰਿਵਰਤਨ ਲਈ ਮਜਬੂਰ ਕੀਤਾ ਜਾ ਰਿਹਾ ਹੈ। ਗੁਰੂ ਜੀ ਇਹ ਵਿਥਿਆ ਸੁਣ ਕੇ ਉਹਨਾਂ ਦੀ ਧਰਮ ਰੱਖਿਆ ਹਿਤ ਦਿੱਲੀ ਵੱਲ ਕੂਚ ਕਰਦੇ ਹਨ ਅਤੇ ਉਥੇ ਜਾ ਕੇ ਆਪਣੀ ਸ਼ਹਾਦਤ ਦੇ ਦਿੰਦੇ ਹਨ। ਇਹ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੀ ਸੰਖੇਪ ਇਤਿਹਾਸਕ ਟੈਕਸਟ ਹੈ। ਇਸ ਟੈਕਸਟ ਦੇ ਡਿਸਕੋਰਸ ਨੂੰ ਬਾਣੀ ਦੇ ਬ੍ਰਹਿਮੰਡੀ ਦਾਰਸ਼ਨਿਕ ਪਰਿਪੇਖ ਵਿਚ ਡੀਕੋਡ ਕਰਨ ਲਈ ਦੋ ਪ੍ਰਸ਼ਨ ਬੜੇ ਮਹੱਤਵਪੂਰਨ ਅਤੇ ਬੁਨਿਆਦੀ ਹਨ।



ਪ੍ਰੋ. ਪੰਜਾਬੀ ਵਿਭਾਗ
G.N.D.U. ਅੰਮ੍ਰਿਤਸਰ

ਪਹਿਲਾ ਪ੍ਰਸ਼ਨ ਗੁਰਮਤਿ ਦੇ ਸਰਬ-ਸਾਂਝੀਵਾਲਤਾ ਦੇ ਫਲਸਫ਼ੇ ਨਾਲ ਸਬੰਧਤ ਹੈ। ਗੁਰੂ ਤੇਗ ਬਹਾਦਰ ਜੀ ਜਿਸ ਗੁਰਮਤਿ ਧਾਰਾ ਦੀ ਪ੍ਰਤੀਨਿਧਤਾ ਕਰਦੇ ਹਨ ਉਹ ਅੱਲਾਹ ਅਤੇ ਰਾਮ; ਹਿੰਦੂ ਅਤੇ ਮੁਸਲਮਾਨ ਵਿਚ ਭੇਦ ਨਹੀਂ ਕਰਦੀ। 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਗੁਰੂ ਅਰਜਨ ਦੇਵ ਜੀ ਦਾ ਫ਼ਰਮਾਨ ਹੈ:

**ਕੋਈ ਬੋਲੈ ਰਾਮ ਰਾਮ ਕੋਈ ਖੁਦਾਇ॥**
**ਕੋਈ ਸੇਵੈ ਗੁਸਈਆ ਕੋਈ ਅਲਾਹਿ॥**
**ਕਾਰਣ ਕਰਣ ਕਰੀਮ॥**
**ਕਿਰਪਾ ਧਾਰਿ ਰਹੀਮ॥**
**ਕੋਈ ਨਾਵੈ ਤੀਰਥਿ ਕੋਈ ਹਜ ਜਾਇ॥**
**ਕੋਈ ਕਰੈ ਪੂਜਾ ਕੋਈ ਸਿਰੁ ਨਿਵਾਇ॥**

**ਕੋਈ ਪੜੈ ਬੇਦ ਕੋਈ ਕਤੇਬ॥**
**ਕੋਈ ਓਢੈ ਨੀਲ ਕੋਈ ਸੁਪੇਦ॥**
**ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ॥**
**ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ॥**
**ਕਹੁ ਨਾਨਕ ਜਿਨਿ ਹੁਕਮੁ ਪਛਾਤਾ॥**
**ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ॥**[1]

ਉਪਰੋਕਤ ਸ਼ਬਦ ਅਨੁਸਾਰ ਰਾਮ ਜਾਂ ਖ਼ੁਦਾ ਕਹਿਣ; ਗੁਸਾਂਈ ਜਾਂ ਅੱਲਾਹ ਨੂੰ ਪੂਜਣ; ਤੀਰਥਾਂ ਉਤੇ ਨਹਾਉਣ ਜਾਂ ਹੱਜ ਜਾਣ; ਹਿੰਦੂਆਂ ਅਨੁਸਾਰ ਪੂਜਾ ਕਰਨ ਜਾਂ ਮੁਸਲਮਾਨਾ ਵਾਂਗ ਨਮਾਜ਼ ਲਈ ਸਿਰ ਨਿਵਾਉਣ; ਵੇਦ ਜਾਂ ਕਤੇਬ ਪੜ੍ਹਨ; ਨੀਲਾ ਜਾਂ ਸਫ਼ੇਦ ਪਹਿਰਾਵਾ ਪਾਉਣ; ਆਪਣੇ ਆਪ ਨੂੰ ਤੁਰਕ ਜਾਂ ਹਿੰਦੂ ਅਖਵਾਉਣ ਅਤੇ ਬਹਿਸ਼ਤ ਜਾਂ ਸਵਰਗ ਦੀ ਲਾਲਸਾ ਰੱਖਣ ਵਿਚ ਕੋਈ ਅੰਤਰ ਨਹੀਂ। ਇਹਨਾਂ ਵਖਰੇਵਿਆਂ ਨਾਲ ਕੋਈ ਫ਼ਰਕ ਨਹੀਂ ਪੈਂਦਾ। ਜੋ ਮਨੁੱਖ ਪਰਮਾਤਮਾ ਦੇ ਹੁਕਮ ਨੂੰ ਪਛਾਣਦਾ ਹੈ ਉਹੀ ਉਸ ਪ੍ਰਭੂ ਦੇ ਭੇਦ ਨੂੰ ਜਾਣਦਾ ਹੈ। ਇਸੇ ਤਰ੍ਹਾਂ ਗੁਰੂ ਨਾਨਕ ਸਾਹਿਬ ਦਾ ਕਥਨ ਹੈ:

**ਨਾਨਕੁ ਵੇਚਾਰਾ ਕਿਆ ਕਹੈ॥**
**ਸਭੁ ਲੋਕੁ ਸਲਾਹੇ ਏਕਸੈ॥**
**ਸਿਰੁ ਨਾਨਕ ਲੋਕਾ ਪਾਵ ਹੈ॥**
**ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ॥**[2]

ਗੁਰੂ ਨਾਨਕ ਸਾਹਿਬ ਅਨੁਸਾਰ ਪਰਮਾਤਮਾ ਨੂੰ ਜਿੰਨੇ ਵੀ ਨਾਵਾਂ (ਰਾਮ, ਅੱਲਾਹ, ਹਰੀ ਅਤੇ ਖ਼ੁਦਾ ਆਦਿ) ਨਾਲ ਯਾਦ ਕੀਤਾ ਜਾਂਦਾ ਹੈ, ਉਹ ਦਰਅਸਲ ਇਕ ਅਕਾਲਪੁਰਖ ਵੱਲ ਹੀ ਸੰਕੇਤ ਕਰਦੇ ਹਨ। ਇਸ ਲਈ ਇਹਨਾਂ ਨਾਵਾਂ ਵਿਚ ਕੋਈ ਫ਼ਰਕ ਨਹੀਂ। ਇਹ ਸਾਰੇ ਇਕੋ ਜਿੰਨੇ ਮਹੱਤਵਪੂਰਨ ਹਨ। ਗੁਰਮਤਿ ਅਨੁਸਾਰ ਨਾ ਤਾਂ ਅੱਲਾਹ ਅਤੇ ਰਾਮ ਵਿਚ ਕੋਈ ਭੇਦ ਹੈ ਅਤੇ ਨਾ ਹੀ ਹਿੰਦੂ ਅਤੇ ਮੁਸਲਮਾਨ ਵਿਚ। 'ਪੁਰਾਤਨ ਜਨਮਸਾਖੀ' ਦਰਸਾਉਂਦੀ ਹੈ ਕਿ ਜਦੋਂ ਗੁਰੂ ਨਾਨਕ ਸਾਹਿਬ ਵੇਈਂ ਪ੍ਰਵੇਸ਼ ਤੋਂ ਬਾਅਦ ਪ੍ਰਗਟ ਹੋਏ ਤਾਂ ਉਹਨਾਂ ਨੇ ਪਹਿਲਾ ਵਾਕ ਉਚਾਰਿਆ, "ਨਾ ਕੋਈ ਹਿੰਦੂ ਨਾ ਮੁਸਲਮਾਨ"। ਸਾਖੀ ਦੇ ਸ਼ਬਦ ਇਸ ਪ੍ਰਕਾਰ ਹਨ:

**ਤਬਿ ਗੁਰੂ ਨਾਨਕ ਚੁਪ ਕਰਿ ਰਹਿਆ। ਤਬ ਇਕੁ ਦਿਨ ਗੁਜਰ ਗਇਆ। ਤਬਿ ਅਗਲੇ ਦਿਨਿ ਬਕਿ ਖਲਾ ਹੋਇਆ, ਜੋ ਨਾ ਕੋਈ ਹਿੰਦੂ ਹੈ, ਨਾ ਕੋ ਮੁਸਲਮਾਨੁ ਹੈ। ਜਬ ਬੋਲੈ ਤਾਂ ਇਹੋ ਅਵਾਜ ਕਰੇ। ਤਬਿ ਲੋਕਾਂ ਜਾਇ ਕਰ ਖਾਨ ਜੋਗੁ ਕਹਿਆ, 'ਜੋ ਬਾਬਾ ਨਾਨਕੁ ਆਖਦਾ ਹੈ , ਜੋ ਨਾ ਕੋ ਹਿੰਦੂ ਹੈ, ਨਾ ਕੋ ਮੁਸਲਮਾਨ ਹੈ'।**[3]

ਇਸੇ ਸੰਦਰਭ ਵਿਚ ਗੁਰੂ ਅਰਜਨ ਸਾਹਿਬ ਦਾ ਕਥਨ ਹੈ:

**ਨਾ ਹਮ ਹਿੰਦੂ ਨ ਮੁਸਲਮਾਨ॥**
**ਅਲਹ ਰਾਮ ਕੇ ਪਿੰਡੁ ਪਰਾਨ॥**[4]

ਭਾਵ ਨਾ ਮੈਂ ਹਿੰਦੂ ਹਾਂ ਅਤੇ ਨਾ ਹੀ ਮੁਸਲਮਾਨ । ਮੇਰੀ ਦੇਹ ਅਤੇ ਪ੍ਰਾਣ ਉਸ ਦੇ ਹਨ ਜਿਸ ਨੂੰ ਮੁਸਲਮਾਨ ਅੱਲਾਹ ਅਤੇ ਹਿੰਦੂ ਰਾਮ ਆਖਦੇ ਹਨ। ਸੋ ਬਾਣੀ ਅਨੁਸਾਰ ਅੱਲਾਹ ਅਤੇ ਰਾਮ ਇਕੋ ਅਕਾਲਪੁਰਖ ਦੇ ਹੀ ਵੱਖੋ-ਵੱਖਰੇ ਨਾਮ ਹਨ। ਬਾਣੀ ਹਿੰਦੂ ਅਤੇ ਮੁਸਲਮਾਨ ਜਿਹੇ ਸਤਹੀ ਵਖਰੇਵਿਆਂ ਦੇ ਆਰ-ਪਾਰ ਵਿਆਪਕ ਮਨੁੱਖ ਦੀ ਅਸਤਿਤਵੀ ਏਕਤਾ ਦਾ ਪ੍ਰਵਚਨ ਹੈ।

ਹੁਣ ਸਵਾਲ ਇਹ ਉਠਦਾ ਹੈ ਕਿ ਕਸ਼ਮੀਰੀ ਪੰਡਿਤ ਜਦੋਂ ਗੁਰੂ ਤੇਗ ਬਹਾਦਰ ਜੀ ਅੱਗੇ ਆਪਣੀ ਹਿੰਦੂ ਸ਼ਨਾਖਤ ਨੂੰ ਬਚਾਉਣ ਲਈ ਫ਼ਰਿਆਦ ਕਰਦੇ ਹਨ ਤਾਂ ਗੁਰੂ ਸਾਹਿਬ ਉਹਨਾਂ ਨੂੰ ਇਹ ਵੀ ਕਹਿ ਸਕਦੇ ਸੀ ਕਿ ਗੁਰਮਤਿ ਅਨੁਸਾਰ ਹਿੰਦੂ ਅਤੇ ਮੁਸਲਮਾਨ; ਅੱਲਾਹ ਅਤੇ ਰਾਮ ਵਿਚ ਕੋਈ ਭੇਦ ਨਹੀਂ। ਇਸ ਲਈ ਹਿੰਦੂ ਤੋਂ ਮੁਸਲਮਾਨ ਬਣਨ ਅਤੇ ਰਾਮ ਦੀ ਬਜਾਇ ਅੱਲਾਹ ਕਹਿਣ ਨਾਲ ਕੋਈ ਫ਼ਰਕ ਨਹੀਂ ਪੈਂਦਾ ਪਰ ਉਹਨਾਂ ਨੇ ਅਜਿਹਾ ਨਹੀਂ ਕਿਹਾ। ਸਗੋਂ ਉਹਨਾਂ ਦੀ ਵਿੱਲਖਣ ਧਾਰਮਿਕ ਸ਼ਨਾਖ਼ਤ ਦੀ ਆਜ਼ਾਦੀ ਲਈ ਆਪਣੀ ਸ਼ਹਾਦਤ ਦੇ ਦਿੱਤੀ। ਸੋ ਇਕ ਪਾਸੇ ਬਾਣੀ ਵਿਚ ਪ੍ਰਵਾਹਤ ਅਕਾਲਪੁਰਖ, ਧਰਮ ਅਤੇ ਮਨੁੱਖੀ ਏਕਤਾ ਦੇ ਸੰਕਲਪ ਅਤੇ ਦੂਜੇ ਪਾਸੇ ਗੁਰੂ ਤੇਗ ਬਹਾਦਰ ਜੀ ਦੁਆਰਾ ਧਾਰਮਿਕ ਵੱਖਰਤਾ ਦੀ ਆਜ਼ਾਦੀ ਲਈ ਦਿੱਤੀ ਗਈ ਸ਼ਹਾਦਤ ਦੀ ਇਕਸੁਰਤਾ ਦੀ ਰਮਜ਼ ਨੂੰ ਸਮਝਣ ਉਪਰੰਤ ਹੀ ਗੁਰੂ ਸਾਹਿਬ ਦੀ ਸ਼ਹਾਦਤ ਦੇ ਪ੍ਰਵਚਨ ਨੂੰ ਡੀਕੋਡ ਕੀਤਾ ਜਾ ਸਕਦਾ ਹੈ। ਦਰਅਸਲ ਗੁਰਮਤਿ ਵਿਚ ਜਿਸ ਇਕ ਅਕਾਲ ਪੁਰਖ ਅਤੇ ਮਨੁੱਖੀ ਏਕਤਾ ਦਾ ਸਿਧਾਂਤ ਪ੍ਰਵਾਹਿਤ ਹੈ, ਉਹ ਤਾਨਾਸ਼ਾਹੀ ਕਿਸਮ ਦੀ ਏਕਤਾ ਨਹੀਂ। ਇਹ ਦੂਜਿਆਂ ਦੀ ਵੱਖਰੀ ਸ਼ਨਾਖ਼ਤ ਨੂੰ ਖ਼ਤਮ ਕਰਕੇ ਪੈਦਾ ਕੀਤੀ ਗਈ ਜ਼ਾਲਮ ਏਕਤਾ ਨਹੀਂ। ਗੁਰਮਤਿ '**ਭਿੰਨਤਾ ਵਿਚ ਏਕਤਾ**' ਦੇ ਸਿਧਾਂਤ ਨੂੰ ਪ੍ਰਸਤੁਤ ਕਰਦੀ ਹੈ। ਗੁਰਮਤਿ ਦੇ ਇਸ ਸਿਧਾਂਤ ਨੂੰ ਜਾਪਾਨ ਦੇ ਪ੍ਰਸਿੱਧ ਦਾਰਸ਼ਨਿਕ ਤੋਸ਼ੀਹਿਕੋ ਇਜ਼ੁਤਸ਼ੂ ਦੁਆਰਾ ਸੂਫ਼ੀ ਅਨੁਭਵ ਅਤੇ ਪ੍ਰਤੱਖਣ ਦੇ ਵਿਭਿੰਨ ਧਰਾਤਲਾਂ (ਫ਼ਰਕ, ਫ਼ਨਾ ਅਤੇ ਬਕਾ) ਦੀ ਵਿਆਖਿਆ ਦੇ ਹਵਾਲੇ ਨਾਲ ਸਪੱਸ਼ਟ ਕੀਤਾ

ਜਾ ਸਕਦਾ ਹੈ। ਇਜ਼ੁਤਸ਼ੂ ਆਪਣੀ ਪੁਸਤਕ *The Concept of Reality and Existence* ਵਿਚ ਲਿਖਦਾ ਹੈ:

***Farq* is the experience of variety without unity, while *fana* is the experience of unity without variety. *Baqa* is the experience of unity in variety, the unity of God, Man and Nature or of Transcendence and Immanence.**[5]

ਭਿੰਨਤਾ ਅਤੇ ਏਕਤਾ ਦੀ ਉਪਰੋਕਤ ਦਾਰਸ਼ਨਿਕ ਵਿਆਖਿਆ ਨੂੰ ਸਮਾਜ-ਸਭਿਆਚਾਰਕ ਪ੍ਰਸੰਗ ਵਿਚ ਸਮਝਣ ਦਾ ਯਤਨ ਕਰੀਏ ਤਾਂ ਮਨੁੱਖੀ ਪ੍ਰਤੱਖਣ ਦਾ ਇਕ ਧਰਾਤਲ ਹੈ 'ਏਕਤਾ ਤੋਂ ਬਿਨਾਂ ਭਿੰਨਤਾ'। ਇਸ ਧਰਾਤਲ 'ਤੇ ਮਨੁੱਖ ਨੂੰ ਧਰਮ, ਜਾਤ, ਸੰਪ੍ਰਦਾਇ, ਭਾਸ਼ਾ, ਸਮਾਜ ਅਤੇ ਸਭਿਆਚਾਰ ਆਦਿ ਦੀਆਂ ਭਿੰਨਤਾਵਾਂ ਨਜ਼ਰ ਆਉਂਦੀਆਂ ਹਨ ਪਰ ਇਹਨਾ ਦੇ ਆਰ-ਪਾਰ ਪ੍ਰਵਾਹਿਤ ਮਨੁੱਖੀ ਏਕਤਾ ਨਜ਼ਰ ਨਹੀਂ ਆਉਂਦੀ। ਪ੍ਰਤੱਖਣ ਦਾ ਦੂਜਾ ਧਰਾਤਲ ਹੈ 'ਭਿੰਨਤਾ ਤੋਂ ਬਿਨਾਂ ਏਕਤਾ'। ਅਜਿਹੀ ਏਕਤਾ ਸਭ ਕਿਸਮ ਦੀਆਂ ਭਿੰਨਾਤਾਵਾਂ ਨੂੰ ਖ਼ਤਮ ਕਰਕੇ ਪੈਦਾ ਕੀਤੀ ਜਾਂਦੀ ਹੈ। ਜਿਵੇਂ ਔਰੰਗਜ਼ੇਬ ਸਾਰੀਆਂ ਧਾਰਮਿਕ ਵੱਖਰਤਾਵਾਂ ਨੂੰ ਖ਼ਤਮ ਕਰਕੇ ਕੇਵਲ ਇਕ ਧਰਮ ਦੀ ਏਕਤਾ ਪੈਦਾ ਕਰਨਾ ਚਾਹੁੰਦਾ ਸੀ। ਭਿੰਨਤਾਵਾਂ ਤੋਂ ਬਿਨਾਂ ਸਥਾਪਤ ਕੀਤੀ ਗਈ ਅਜਿਹੀ ਏਕਤਾ ਤਾਨਾਸ਼ਾਹੀ ਪੈਦਾ ਕਰਦੀ ਹੈ। ਅਨੁਭਵ ਅਤੇ ਪ੍ਰਤੱਖਣ ਦਾ ਤੀਸਰਾ ਧਰਾਤਲ ਹੈ 'ਭਿੰਨਤਾ ਵਿਚ ਏਕਤਾ'। ਇਹ ਸਿਧਾਂਤ ਹਰੇਕ ਮਨੁੱਖ ਦੀ ਧਾਰਮਿਕ, ਸਮਾਜਿਕ, ਸਭਿਆਚਾਰਕ ਅਤੇ ਭਾਸ਼ਾਈ ਆਦਿ ਵਿਲੱਖਣ ਸ਼ਨਾਖਤ ਦਾ ਸਤਿਕਾਰ ਕਰਦਾ ਹੋਇਆ, ਸਮੁੱਚੀ ਮਨੁੱਖਤਾ ਦੀ ਅਸਤਿੱਤਵੀ ਏਕਤਾ ਦੀ ਪਛਾਣ ਕਰਦਾ ਹੈ। ਗੁਰਮਤਿ ਇਸ ਕਿਸਮ ਦੀ ਏਕਤਾ ਦੇ ਸਿਧਾਂਤ ਨੂੰ ਪ੍ਰਸਤੁਤ ਕਰਦੀ ਹੈ ਜੋ ਦੂਜਿਆਂ ਦੀ ਆਜ਼ਾਦੀ ਦਾ ਗਲ਼ਾ ਨਾ ਘੁੱਟੇ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਇਸੇ 'ਭਿੰਨਤਾ ਵਿਚ ਏਕਤਾ' ਦੇ ਸਿਧਾਂਤ ਲਈ ਹੈ। ਅੱਜ ਕੁਲ ਦੁਨੀਆਂ ਵਿਚ ਜਿਸ ਸਭਿਆਚਾਰਕ ਭਿੰਨਤਾ (cultural diversity) ਦੇ ਸੰਕਲਪ ਨੂੰ ਮਨੁੱਖੀ ਆਜ਼ਾਦੀ ਦੇ ਮਹਾਨ ਸਿਧਾਂਤ ਵਜੋਂ ਪ੍ਰਸਤੁਤ ਕੀਤਾ ਜਾਂਦਾ ਹੈ, ਉਸੇ ਮਨੁੱਖੀ ਸਭਿਆਚਾਰਕ ਆਜ਼ਾਦੀ ਦੀ ਰੱਖਿਆ ਲਈ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਸ਼ਹਾਦਤ ਦਿੱਤੀ। ਇਸ ਪ੍ਰਸੰਗ ਵਿਚ ਇਕ ਨੁਕਤਾ ਹੋਰ ਅਹਿਮ ਹੈ ਕਿ ਗੁਰਮਤਿ ਦਰਸ਼ਨ ਵਿਚ ਕੇਵਲ ਬਰਾਬਰਤਾ ਆਧਾਰਿਤ ਹੋਰੀਜ਼ੋਂਟਲ (horizontal) ਭਿੰਨਤਾ ਨੂੰ ਪ੍ਰਵਾਨ ਕੀਤਾ ਗਿਆ ਹੈ ਜਦਕਿ ਊਚ-ਨੀਚ ਆਧਾਰਿਤ ਵਰਟੀਕਲ (vertical) ਭਿੰਨਤਾ ਦੇ ਸੰਕਲਪ ਨੂੰ ਪੂਰਨ ਰੂਪ ਵਿਚ ਰੱਦ ਕੀਤਾ ਗਿਆ ਹੈ। ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਵਿਚ ਇਹ ਵੇਰਵਾ ਦਰਜ ਹੈ ਕਿ ਜਦੋਂ ਗੁਰੂ ਨਾਨਕ ਸਾਹਿਬ ਅੱਗੇ ਕਾਜ਼ੀ ਅਤੇ ਮੁੱਲਾਂ ਨੇ ਇਹ ਪ੍ਰਸ਼ਨ ਖੜ੍ਹਾ ਕੀਤਾ ਕਿ 'ਹਿੰਦੂ ਮਜ਼੍ਹਬ ਉੱਚਾ ਹੈ ਜਾਂ ਮੁਸਲਮਾਨ ਮਜ਼੍ਹਬ' ਤਾਂ ਗੁਰੂ ਨਾਨਕ ਸਾਹਿਬ ਨੇ ਹਰ ਤਰ੍ਹਾਂ ਦੀ ਪੂਰਵ-ਨਿਸ਼ਚਤ ਊਚ-ਨੀਚ (ਵਰਟੀਕਲ ਭਿੰਨਤਾ) ਨੂੰ ਰੱਦ ਕਰਕੇ ਕਿਹਾ ਕਿ ਹਿੰਦੂ ਜਾਂ ਮੁਸਲਮਾਨ ਹੋਣ ਨਾਲ ਕੋਈ ਫ਼ਰਕ ਨਹੀਂ ਪੈਂਦਾ। ਨੇਕ ਅਮਲਾਂ ਤੋਂ ਬਿਨਾਂ ਦੋਵਾਂ ਨੂੰ ਹੀ ਰੋਣਾ ਪੈਂਦਾ ਹੈ। ਭਾਈ ਗੁਰਦਾਸ ਜੀ ਦੇ ਸ਼ਬਦਾਂ ਵਿਚ:

**ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ॥**
**ਬਾਬਾ ਆਖੇ ਹਾਜੀਆਂ ਸੁਭਿ ਅਮਲਾ ਬਾਝਹੁ ਦੋਨੋ ਰੋਈ॥**[6]

ਜਦੋਂ ਵੀ ਕਿਸੇ ਜਾਤ, ਵਰਣ, ਧਰਮ, ਸੰਪ੍ਰਦਾਇ ਜਾਂ ਸਭਿਅਤਾ ਦੇ ਲੋਕ ਆਪਣੇ ਆਪ ਨੂੰ ਸ੍ਰੇਸ਼ਟ ਦਰਸਾ ਕੇ ਦੂਜੇ ਨੂੰ ਨੀਵਾਂ ਦਿਖਾਉਣ ਦਾ ਯਤਨ ਕਰਦੇ ਹਨ ਤਾਂ ਗੁਰੂ ਸਾਹਿਬ ਹਮੇਸ਼ਾ ਆਪਣੇ ਆਪ ਨੂੰ ਸ੍ਰੇਸ਼ਟ ਦਰਸਾਉਣ ਵਾਲਿਆਂ ਦੇ ਵਿਰੋਧ ਵਿਚ ਅਤੇ ਨੀਵੇਂ ਸਮਝੇ ਜਾਣ ਵਾਲਿਆਂ ਦੇ ਨਾਲ ਖੜ੍ਹੇ ਨਜ਼ਰ ਆਉਂਦੇ ਹਨ। ਇਸ ਪ੍ਰਥਾਇ ਗੁਰੂ ਨਾਨਕ ਦੇਵ ਜੀ ਦਾ ਕਥਨ ਹੈ:

**ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥**
**ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥**[7]

ਗੁਰੂ ਹਮੇਸ਼ਾ ਨੀਵੇਂ ਸਮਝੇ ਜਾਣ ਵਾਲਿਆਂ ਦੀ ਧਿਰ ਬਣਦੇ ਹਨ। ਇਸੇ ਲਈ ਜਦੋਂ ਔਰੰਗਜ਼ੇਬ ਕੇਵਲ ਇਸਲਾਮ ਨੂੰ ਸ੍ਰੇਸ਼ਟ ਦਰਸਾ ਕੇ ਹਿੰਦੂ ਧਰਮ ਨੂੰ ਨੀਵਾਂ ਦਿਖਾਉਣ ਦਾ ਯਤਨ ਕਰਦਾ ਹੈ ਤਾਂ ਗੁਰੂ ਤੇਗ ਬਹਾਦਰ ਜੀ ਨੀਵੇਂ ਸਮਝੇ ਜਾਣ ਵਾਲਿਆਂ ਦੀ ਧਿਰ ਬਣਦੇ ਹਨ ਅਤੇ ਉਹਨਾਂ ਲਈ ਸ਼ਹਾਦਤ ਦਿੰਦੇ ਹਨ। ਇਸੇ ਪ੍ਰਸੰਗ ਵਿਚ ਬਾਣੀ ਅਤੇ ਗੁਰੂ-ਜੀਵਨ ਵਿਚ ਜਾਤ-ਆਧਾਰਿਤ ਭਿੰਨਤਾ ਨੂੰ ਰੱਦ ਕੀਤਾ ਗਿਆ ਹੈ ਪਰ ਧਰਮ, ਭਾਸ਼ਾ ਅਤੇ ਸਭਿਆਚਾਰ ਦੀ ਬਰਾਬਰਤਾ ਆਧਾਰਿਤ ਭਿੰਨਤਾ ਨੂੰ ਪ੍ਰਵਾਨ ਕੀਤਾ ਗਿਆ ਹੈ।

ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੇ ਪ੍ਰਵਚਨ ਨੂੰ ਸਮਝਣ ਲਈ ਦੂਜਾ ਮਹੱਤਵਪੂਰਨ ਪ੍ਰਸ਼ਨ ਇਸ ਨੁਕਤੇ ਨਾਲ ਸਬੰਧਤ ਹੈ ਕਿ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਬਾਣੀ ਵਿਚ ਬ੍ਰਾਹਮਣ ਦੇ ਵਰਣ-ਜਾਤ ਆਧਾਰਿਤ ਰਵੱਈਏ ਦੀ ਸਭ ਤੋਂ ਵਧੇਰੇ ਆਲੋਚਨਾ ਕੀਤੀ ਗਈ ਹੈ। 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਭਗਤ ਕਬੀਰ ਜੀ ਦਾ ਨਿਮਨਲਿਖਤ ਸ਼ਬਦ ਦਰਜ ਹੈ

ਜਿਸ ਵਿਚ ਬ੍ਰਾਹਮਣ ਦੁਆਰਾ ਸਿਰਜਤ ਜਾਤੀ-ਪ੍ਰਬੰਧ ਦੀ ਕਰੜੀ ਆਲੋਚਨਾ ਦ੍ਰਿਸ਼ਟੀਗੋਚਰ ਹੁੰਦੀ ਹੈ:

**ਗਰਭ ਵਾਸ ਮਹਿ ਕੁਲੁ ਨਹੀ ਜਾਤੀ॥**
**ਬ੍ਰਹਮ ਬਿੰਦੁ ਤੇ ਸਭ ਉਤਪਾਤੀ॥**
**ਕਹੁ ਰੇ ਪੰਡਿਤ ਬਾਮਨ ਕਬ ਕੇ ਹੋਏ॥**
**ਬਾਮਨ ਕਹਿ ਕਹਿ ਜਨਮੁ ਮਤ ਖੋਏ॥**
**ਜੌ ਤੂੰ ਬ੍ਰਾਹਮਣ ਬ੍ਰਹਮਣੀ ਜਾਇਆ॥**
**ਤਉ ਆਨ ਬਾਟ ਕਾਹੇ ਨਹੀ ਆਇਆ॥**
**ਤੁਮ ਕਤ ਬ੍ਰਾਹਮਣ ਹਮ ਕਤ ਸੂਦ॥**
**ਹਮ ਕਤ ਲੋਹੂ ਤੁਮ ਕਤ ਦੂਧ॥**
**ਕਹੁ ਕਬੀਰ ਜੋ ਬ੍ਰਹਮੁ ਬੀਚਾਰੈ॥**
**ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ॥**[8]

ਭਗਤ ਕਬੀਰ ਜੀ ਦਾ ਉਪਰੋਕਤ ਸ਼ਬਦ ਦਰਸਾਉਂਦਾ ਹੈ ਕਿ ਗੁਰਮਤਿ ਦਰਸ਼ਨ ਬ੍ਰਾਹਮਣ ਦੇ ਜਾਤ ਆਧਾਰਿਤ ਰੂਪ ਨੂੰ ਪੂਰੀ ਤਰ੍ਹਾਂ ਰੱਦ ਕਰਦਾ ਹੈ। ਇਸੇ ਤਰ੍ਹਾਂ ਬ੍ਰਾਹਮਣ ਦੇ ਕਰਮਕਾਂਡੀ ਰਵੱਈਏ ਨੂੰ ਵੀ ਬਾਣੀ ਵਿਚ ਮੁਕੰਮਲ ਤੌਰ 'ਤੇ ਅਪ੍ਰਵਾਨ ਕੀਤਾ ਗਿਆ ਹੈ। 'ਆਸਾ ਦੀ ਵਾਰ' ਵਿਚ ਗੁਰੂ ਨਾਨਕ ਦੇਵ ਜੀ ਦੁਆਰਾ ਕਰਮਕਾਂਡੀ ਜਨੇਊ ਦੀ ਕੀਤੀ ਗਈ ਦਾਰਸ਼ਨਿਕ ਵਿਆਖਿਆ ਇਸ ਸਥਾਪਨਾ ਦੀ ਪ੍ਰਤੀਨਿਧ ਦਲੀਲ ਹੈ। ਗੁਰੂ ਨਾਨਕ ਸਹਿਬ ਦਾ ਕਥਨ ਹੈ:

**ਦਇਆ ਕਪਾਹ ਸੰਤੋਖ ਸੂਤ ਜਤੁ ਗੰਢੀ ਸਤੁ ਵਟੁ॥**
**ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ॥**
**ਨਾ ਏਹੁ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ॥**
**ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ॥**[9]

ਸਪੱਸ਼ਟ ਹੈ ਕਿ ਗੁਰੂ ਤੇਗ ਬਹਾਦਰ ਜੀ ਨੇ ਕਸ਼ਮੀਰੀ ਬ੍ਰਾਹਮਣਾਂ ਦੀ ਧਰਮ ਰੱਖਿਆ ਹਿਤ ਸ਼ਹਾਦਤ ਦਿੱਤੀ ਪਰ ਬ੍ਰਾਹਮਣੀ ਵਿਚਾਰਧਾਰਾ ਨਾਲ ਗੁਰੂ ਸਾਹਿਬ ਦੀ ਕਦਾਚਿਤ ਸਹਿਮਤੀ ਨਹੀਂ ਸੀ। ਹੁਣ ਪ੍ਰਸ਼ਨ ਇਹ ਖੜ੍ਹਾ ਹੁੰਦਾ ਹੈ ਕਿ ਜਿਸ ਵਿਚਾਰਧਾਰਾ ਨਾਲ ਗੁਰੂ ਸਾਹਿਬ ਦੀ ਸਹਿਮਤੀ ਨਹੀਂ ਸੀ, ਉਸੇ ਵਿਚਾਰਧਾਰਾ ਨਾਲ ਸਬੰਧਤ ਲੋਕਾਂ ਲਈ ਉਹਨਾਂ ਨੇ ਸ਼ਹਾਦਤ ਕਿਉਂ ਦਿੱਤੀ? ਇਸ ਰਮਜ਼ ਨੂੰ ਵੀ ਬਾਣੀ ਦੇ ਬ੍ਰਹਿਮੰਡੀ ਸੰਦਰਭ ਵਿਚ ਹੀ ਸਮਝਿਆ ਜਾ ਸਕਦਾ ਹੈ। ਬਾਣੀ ਅਤੇ ਗੁਰੂ-ਜੀਵਨ ਦੇ ਸਨਮੁਖ ਬੁਨਿਆਦੀ ਦਵੰਦ ਬ੍ਰਾਹਮਣ-ਸ਼ੂਦਰ ਜਾਂ ਹਿੰਦੂ-ਮੁਸਲਮਾਨ ਦਾ ਨਾ ਹੋ ਕੇ ਜ਼ਾਲਮ ਅਤੇ ਮਜ਼ਲੂਮ ਦਾ ਹੈ। ਬ੍ਰਹਿਮੰਡੀ ਧਰਾਤਲ (cosmological level) 'ਤੇ ਗੁਰੂ ਸਾਹਿਬ ਕਿਸੇ ਦਵੰਦ ਵਿਚ ਯਕੀਨ ਨਹੀਂ ਰੱਖਦੇ ਪਰ ਮਾਨਵ ਵਿਗਿਆਨਕ ਧਰਾਤਲ (anthropological level) 'ਤੇ ਬਣਦੇ ਜ਼ਾਲਮ ਅਤੇ ਮਜ਼ਲੂਮ ਦੇ ਦਵੰਦ ਵਿਚ ਉਹ ਹਮੇਸ਼ਾ ਮਜ਼ਲੂਮ ਦੇ ਨਾਲ ਖੜ੍ਹੇ ਨਜ਼ਰ ਆਉਂਦੇ ਹਨ। ਜਾਤ-ਪਾਤ ਦੇ ਪ੍ਰਸੰਗ ਵਿਚ ਜਦ ਬ੍ਰਾਹਮਣ ਜ਼ਾਲਮ ਬਣਕੇ ਸ਼ੂਦਰ ਨੂੰ ਨੀਵਾਂ ਦਿਖਾਉਂਦਾ ਹੈ ਤਾਂ ਗੁਰੂ ਸ਼ੂਦਰ ਦੀ ਧਿਰ ਬਣਦੇ ਹਨ ਪਰ ਇਤਿਹਾਸਕ ਪ੍ਰਸੰਗ ਵਿਚ ਜਦ ਔਰੰਗਜ਼ੇਬ ਦੇ ਜ਼ੁਲਮ ਸਾਹਮਣੇ ਬ੍ਰਾਹਮਣ ਮਜ਼ਲੂਮ ਹੁੰਦਾ ਹੈ ਤਾਂ ਗੁਰੂ ਤੇਗ ਬਹਾਦਰ ਜੀ ਉਹਨਾਂ ਦੀ ਧਿਰ ਬਣਦੇ ਹਨ। ਦਰਅਸਲ ਗੁਰੂ ਸਾਹਿਬ ਹਮੇਸ਼ਾ ਮਨੁੱਖਤਾ ਦੀ ਧਿਰ ਬਣਦੇ ਹਨ ਕਿਉਂਕਿ ਮਜ਼ਲੂਮ ਦੀ ਧਿਰ ਬਣਨਾ ਹੀ ਮਨੁੱਖਤਾ ਦੀ ਧਿਰ ਬਣਨਾ ਹੁੰਦਾ ਹੈ। ਗੁਰੂ ਸਾਹਿਬ ਅਸਲ ਵਿਚ ਨਾ ਕਿਸੇ ਧਰਮ ਵਿਸ਼ੇਸ਼ ਦੇ ਹੱਕ ਵਿਚ ਹਨ ਅਤੇ ਨਾ ਹੀ ਕਿਸੇ ਧਰਮ ਵਿਸ਼ੇਸ਼ ਦੇ ਵਿਰੋਧ ਵਿਚ। ਉਹ ਕੇਵਲ ਮਜ਼ਲੂਮ ਦੇ ਹੱਕ ਵਿਚ ਹਨ ਅਤੇ ਜ਼ਾਲਮ ਦੇ ਵਿਰੋਧ ਵਿਚ ਹਨ। ਇਸ ਗੱਲ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਕੌਣ ਹਿੰਦੂ ਹੈ ਤੇ ਕੌਣ ਮੁਸਲਮਾਨ। ਭਾਵੇਂ ਗੁਰੂ ਸਾਹਿਬ ਦੀ ਬ੍ਰਹਿਮੰਡੀ ਦ੍ਰਿਸ਼ਟੀ ਹਿੰਦੂ-ਮੁਸਲਮਾਨ ਜਿਹੇ ਕਿਸੇ ਦਵੰਦ ਨੂੰ ਪ੍ਰਵਾਨ ਨਹੀਂ ਕਰਦੀ ਪਰ ਸਮਾਜ-ਸਭਿਆਚਾਰਕ ਸੰਦਰਭ ਵਿਚ ਜਦ ਜ਼ਾਲਮ ਅਤੇ ਮਜ਼ਲੂਮ ਦਾ ਦਵੰਦ ਬਣਦਾ ਤਾਂ ਗੁਰੂ ਸਾਹਿਬ ਮਜ਼ਲੂਮ ਦੀ ਧਿਰ ਬਣਦੇ ਹਨ। ਸੋ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਹਿੰਦੂ ਧਰਮ ਦੀ ਰੱਖਿਆ ਲਈ ਨਾ ਹੋ ਕੇ ਮਜ਼ਲੂਮ ਦੀ ਰੱਖਿਆ ਲਈ ਹੈ। ਇਥੇ ਇਹ ਵੀ ਕਿਹਾ ਜਾ ਸਕਦਾ ਹੈ ਕਿ ਜੇਕਰ ਉਸ ਘੜੀ ਹਿੰਦੂਆਂ ਦੀ ਜਗ੍ਹਾ ਮੁਸਲਮਾਨ ਮਜ਼ਲੂਮ ਹੁੰਦੇ ਤਾਂ ਗੁਰੂ ਤੇਗ ਬਹਾਦਰ ਜੀ ਉਹਨਾਂ ਦੀ ਰੱਖਿਆ ਲਈ ਵੀ ਇਵੇਂ ਹੀ ਸ਼ਹੀਦ ਹੁੰਦੇ।

'ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਬਾਣੀ ਦਵੰਦ-ਮੁਕਤਤਾ ਦਾ ਪ੍ਰਵਚਨ ਹੈ ਅਤੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਇਸ ਦਵੰਦ-ਮੁਕਤਤਾ ਦਾ ਇਤਿਹਾਸਕ/ਵਿਹਾਰਕ ਰੂਪ ਹੈ ਪਰ ਕਈ ਵਾਰ ਗੁਰੂ ਜੀ ਦੀ ਸ਼ਹਾਦਤ ਦੇ ਬ੍ਰਹਿਮੰਡੀ ਪ੍ਰਵਚਨ ਨੂੰ ਇਹ ਕਹਿ ਕੇ ਦਵੰਦ-ਯੁਕਤਤਾ ਤਕ ਸੀਮਤ ਕਰ ਲਿਆ ਜਾਂਦਾ ਹੈ ਕਿ ਗੁਰੂ ਜੀ ਨੇ ਦੂਜਿਆਂ ਲਈ ਕੁਰਬਾਨੀ ਕੀਤੀ। ਗੁਰੂ ਲਈ ਸਭ ਆਪਣੇ ਹਨ ਕੋਈ ਪਰਾਇਆ ਨਹੀਂ। ਗੁਰੂ ਦੀਆਂ ਨਜ਼ਰਾਂ ਵਿਚ ਹਿੰਦੂ, ਮੁਸਲਮਾਨ ਅਤੇ ਸਿੱਖ ਦਾ ਭੇਦ ਨਹੀਂ। ਬਾਣੀ ਵਿਚ ਆਇਆ ਹੈ:

**ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ॥**
**ਦੂਰਿ ਪਰਾਇਓ ਮਨ ਕਾ ਬਿਰਹਾ ਤਾ ਮੇਲੁ ਕੀਓ ਮੇਰੈ ਰਾਜਨ॥**[10]

ਇਸ ਪ੍ਰਸੰਗ ਵਿਚ ਕਸ਼ਮੀਰ ਪੰਡਿਤਾਂ ਦਾ ਜੋ ਵਫ਼ਦ

ਗੁਰੂ ਤੇਗ ਬਹਾਦਰ ਜੀ ਦੀ ਸ਼ਰਨ ਵਿਚ ਆਇਆ ਸੀ ਉਸ ਦੀ ਅਗਵਾਈ ਕਰਨ ਵਾਲੇ ਪੰਡਿਤ ਕ੍ਰਿਪਾ ਰਾਮ ਜੀ ਦੀ ਬੰਸਾਵਲੀ ਦਾ ਇਤਿਹਾਸਕ ਵੇਰਵਾ ਬੜਾ ਅਹਿਮ ਹੈ। ਇਸ ਸਬੰਧੀ 'ਭੱਟ ਵਹੀ ਮੁਲਤਾਨੀ ਸਿੰਧੀ' ਵਿਚ ਇਉਂ ਦਰਜ ਹੈ:

ਭਾਈ ਕ੍ਰਿਪਾ ਰਾਮ ਬੇਟਾ ਅੜੂ ਰਾਮ ਕਾ, ਪੋਤਾ ਨਾਰਾਇਣ ਦਾਸ ਕਾ, ਪੜਪੋਤਾ ਬ੍ਰਹਮ ਦਾਸ ਕਾ, ਬੰਸ ਠਾਕਰ ਦਾਸ ਕੀ, ਦੱਤ ਗੋਤ੍ਰ ਬ੍ਰਾਹਮਣ ਵਾਸੀ ਮਟਨ ਦੇਸ਼ ਕਸ਼ਮੀਰ, ਸੰਮਤ ਸਤ੍ਰਾਂ ਸੈ ਬਤੀਸ, ਜੇਠ ਮਾਸ ਸੁਦੀ ਇਕਾਦਸੀ ਕੇ ਦਿਹੁੰ, ਖੋੜਸ ਬ੍ਰਾਹਮਣੋਂ ਕੇ ਗੈਲ ਚੱਕ ਨਾਨਕੀ ਪਰਗਣਾ ਕਹਲੂਰ ਗੁਰੂ ਤੇਗ ਬਹਾਦਰ ਜੀ ਮਹਲ ਨਾਵਾਂ ਦਰਬਾਰ ਆਏ, ਫਰਆਦੀ ਹੂਆ, ਗੁਰੂ ਜੀ ਨੇ ਇਨੇ ਧੀਰਜ ਦਈ। ਬਚਨ ਹੋਆ, 'ਤੁਸਾਂ ਕੀ ਰੱਖਿਆ ਬਾਬਾ ਨਾਨਕ ਕਰੇਗਾ।'[11]

ਭੱਟ ਵਹੀ ਵਿਚ ਦਰਜ ਉਪਰੋਕਤ ਵੇਰਵਾ ਦਰਸਾਉਂਦਾ ਹੈ ਕਿ ਪੰਡਿਤ ਕ੍ਰਿਪਾ ਰਾਮ ਪੰਡਿਤ ਬ੍ਰਹਮ ਦਾਸ ਦੇ ਪੜਪੋਤੇ ਸਨ। ਇਹ ਉਹੀ ਪੰਡਿਤ ਬ੍ਰਹਮ ਦਾਸ ਸਨ ਜਿਨ੍ਹਾਂ ਦਾ ਮੇਲ ਗੁਰੂ ਨਾਨਕ ਦੇਵ ਜੀ ਨਾਲ ਉਦੋਂ ਹੋਇਆ ਸੀ, ਜਦੋਂ ਗੁਰੂ ਜੀ ਉਦਾਸੀਆਂ ਦੌਰਾਨ ਕਸ਼ਮੀਰ ਗਏ ਸਨ। ਗੁਰੂ ਨਾਨਕ ਦੇਵ ਜੀ ਨੇ ਪੰਡਿਤ ਬ੍ਰਹਮ ਦਾਸ ਨੂੰ ਕਸ਼ਮੀਰ ਵਿਚ ਗੁਰਮਤਿ ਦਾ ਪ੍ਰਚਾਰਕ ਥਾਪਿਆ ਸੀ। ਇਸ ਸਬੰਧੀ ਭਾਈ ਕਾਨ੍ਹ ਸਿੰਘ ਨਾਭਾ 'ਮਹਾਨ ਕੋਸ਼' ਵਿਚ ਲਿਖਦੇ ਹਨ:

ਬ੍ਰਹਮਦਾਸ ਕਸ਼ਮੀਰੀ ਪੰਡਿਤ, ਜੋ ਗੁਰੂ ਨਾਨਕ ਦੇਵ ਜੀ ਦੇ ਕਸ਼ਮੀਰ ਜਾਣ ਸਮੇਂ ਸ਼ਾਲਗ੍ਰਾਮ ਦੀ ਪੂਜਾ ਛੱਡਕੇ ਕਰਤਾਰ ਦਾ ਉਪਾਸਕ ਹੋਇਆ, ਗੁਰੂ ਸਾਹਿਬ ਨੇ ਇਸ ਨੂੰ ਪ੍ਰਚਾਰਕ ਥਾਪਿਆ।[12]

ਇਸ ਪ੍ਰਕਾਰ ਪੰਡਿਤ ਕ੍ਰਿਪਾ ਰਾਮ ਦਾ ਖ਼ਾਨਦਾਨ ਗੁਰੂ ਨਾਨਕ ਸਾਹਿਬ ਦੇ ਵੇਲੇ ਤੋਂ ਹੀ ਗੁਰੂ-ਘਰ ਨਾਲ ਜੁੜਿਆ ਹੋਇਆ ਸੀ। ਇਸ ਲਈ ਇਤਿਹਾਸਕ ਤੌਰ 'ਤੇ ਵੀ ਉਹ ਕਿਸੇ ਦੂਜੇ ਦੇ ਗੁਰੂ ਕੋਲ ਨਹੀਂ ਬਲਕਿ ਆਪਣੇ ਗੁਰੂ ਕੋਲ ਹੀ ਆ ਕੇ ਫ਼ਰਿਆਦੀ ਹੋਏ ਸਨ। ਇਹੀ ਪੰਡਿਤ ਕ੍ਰਿਪਾ ਰਾਮ ਬਾਅਦ ਵਿਚ ਅੰਮ੍ਰਿਤ-ਪਾਨ ਕਰਕੇ ਕ੍ਰਿਪਾ ਸਿੰਘ ਹੋਏ ਅਤੇ ਚਮਕੌਰ ਦੀ ਜੰਗ ਵਿਚ 8 ਪੋਹ 1762 ਬਿ. ਨੂੰ ਸ਼ਹੀਦ ਹੋਏ। ਸੋ ਜੋ ਗੁਰੂ ਦੀ ਸ਼ਰਨ ਵਿਚ ਆਏ, ਨਾ ਗੁਰੂ ਉਹਨਾਂ ਲਈ ਪਰਾਏ ਸਨ ਅਤੇ ਨਾ ਹੀ ਉਹ ਗੁਰੂ ਲਈ ਪਰਾਏ ਸਨ।

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਗੁਰੂ ਤੇਗ ਬਹਾਦਰ ਜੀ ਦਾ ਸਮੁੱਚਾ ਜੀਵਨ ਸਾਂਝੀਵਾਲਤਾ ਅਤੇ ਸਰਬੱਤ ਦੇ ਭਲੇ ਦੇ ਸਿਧਾਂਤਾਂ ਦਾ ਸਾਕਾਰ ਰੂਪ ਹੈ। ਉਹਨਾਂ ਦੀ ਸ਼ਹਾਦਤ ਉਹ ਇਤਿਹਾਸਕ ਛਿਣ ਹੈ ਜਦੋਂ ਦਵੰਦ-ਮੁਕਤਤਾ ਦਾ ਬ੍ਰਹਿਮੰਡੀ ਪ੍ਰਵਚਨ ਇਤਿਹਾਸਕ ਦ੍ਰਿਸ਼ 'ਤੇ ਪ੍ਰਗਟ ਹੁੰਦਾ ਹੈ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਮਨੁੱਖ ਦੀ ਅਸਤਿੱਤਵੀ ਆਜ਼ਾਦੀ ਲਈ ਹੈ। ਇਹ ਮਾਨਵ ਵਿਗਿਆਨਕ ਭਿੰਨਤਾ ਅਤੇ ਬ੍ਰਹਿਮੰਡੀ ਏਕਤਾ ਦੀ ਸੰਯੁਕਤੀ ਦਾ ਪ੍ਰਵਚਨ (discourse of cosmological unity in anthropological diversity) ਹੈ। ਅੱਜ ਕੁਲ ਦੁਨੀਆਂ ਵਿਚ ਜਿਸ ਸਭਿਆਚਾਰਕ ਭਿੰਨਤਾ (cultural diversity) ਦੀ ਆਜ਼ਾਦੀ ਦੇ ਸੰਕਲਪ ਨੂੰ ਮਨੁੱਖੀ ਆਜ਼ਾਦੀ ਦੇ ਮਹਾਨ ਸਿਧਾਂਤ ਵਜੋਂ ਪ੍ਰਸਤੁਤ ਕੀਤਾ ਜਾਂਦਾ ਹੈ, ਉਸੇ ਆਜ਼ਾਦੀ ਦੀ ਰੱਖਿਆ ਲਈ ਗੁਰੂ ਤੇਗ ਬਹਾਦਰ ਜੀ ਨੇ ਸ਼ਹਾਦਤ ਦਿੱਤੀ। ਇਹ ਸ਼ਹਾਦਤ ਕਿਸੇ ਵਿਸ਼ੇਸ਼ ਧਰਮ ਜਾਂ ਸੰਪ੍ਰਦਾਇ ਲਈ ਨਾ ਹੋ ਕੇ ਮਜ਼ਲੂਮ ਅਤੇ ਮਨੁੱਖਤਾ ਦੀ ਰੱਖਿਆ ਲਈ ਹੈ।

## ਹਵਾਲੇ ਅਤੇ ਟਿੱਪਣੀਆਂ


1. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ. 885
2. ਉਹੀ, ਪੰਨਾ. 1168
3. ਭਾਈ ਵੀਰ ਸਿੰਘ (ਸੰਪ.), ਪੁਰਾਤਨ ਜਨਮਸਾਖੀ, ਭਾਈ ਵੀਰ ਸਿੰਘ ਸਾਹਿਤ ਸਦਨ, ਦਿੱਲੀ, 1971, ਪੰਨਾ. 43
4. ਉਹੀ, ਪੰਨਾ. 1136
5. As Quoted by Bhupinder Singh, An Essay on The Five Symbols of Sikhism Contemporary Issues, Simrin Publications, Patiala, 2014, ਪ. 100
6. ਵਾਰ: 1, ਪਉੜੀ: 33
7. ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ. 15
8. ਉਹੀ, ਪੰਨਾ. 324
9. ਉਹੀ, ਪੰਨਾ. 471
10. ਉਹੀ, ਪੰਨਾ. 671
11. ਉਧਰਿਤ, ਪਿਆਰਾ ਸਿੰਘ ਪਦਮ, "ਗੁਰੂ ਤੇਗ ਬਹਾਦਰ ਜੀ ਦੇ ਸ਼ਰਧਾਲੂ ਸਿੱਖ ਅਤੇ ਸਨੇਹੀ", ਗੁਰੂ ਤੇਗ ਬਹਾਦਰ: ਜੀਵਨ ਸੰਦੇਸ਼ ਤੇ ਸ਼ਹਾਦਤ, (ਸੰਪ.) ਤਾਰਨ ਸਿੰਘ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1989, ਪੰਨਾ. 201
12. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ. 896

# ਗੁਰੂ ਤੇਗ ਬਹਾਦਰ

**ਡਾ. ਅਨੁਰਾਗ ਸਿੰਘ**

ਗੁਰੂ ਤੇਗ ਬਾਹਦਰ ਸਾਹਿਬ ਦਾ ਸਾਰਾ ਜੀਵਨ (1621-1675) ਈ. ਵਚਿੱਤਰ ਘਟਨਾਵਾਂ ਨਾਲ ਭਰਪੂਰ ਸੀ। ਉਹ ਭਾਰਤ ਵਿੱਚ ਸੰਕਟ ਕਾਲ ਦੇ ਅਵਤਾਰੀ ਪੁਰਸ਼ ਸਨ ਜਿਨ੍ਹਾਂ ਦੇ ਜੀਵਨ ਨੂੰ 4 ਹਿਸਿਆਂ ਵਿੱਚ ਵੰਡਿਆਂ ਜਾ ਸਕਦਾ ਹੈ:

1. ਪਹਿਲਾ ਪੜਾ ਉਨ੍ਹਾਂ ਦੇ ਆਗਮਨ ਤੋਂ ਸ਼ੁਰੂ ਹੋ ਕੇ ਕਰਤਾਰਪੁਰ ਦੀ ਜੰਗ, ਜਿਸ ਵਿੱਚ ਉਨ੍ਹਾਂ ਨੇ ਹਿਸਾ ਲਿਆ (1621-1634 ਈ.) ਤੱਕ ਦਾ ਹੈ, ਜਦੋਂ ਉਨ੍ਹਾਂ ਦੀ ਪੜਾਈ ਸ਼ਸਤ੍ਰ ਵਿਦਿਆ ਅਤੇ ਧਰਮ ਯੁੱਧ ਦੇ ਖੇਤਰ ਵਿੱਚ ਪਹਿਲੀ ਜੰਗ ਸ਼ਾਮਿਲ ਹਨ।

2. ਦੂਸਰਾ ਪੜਾ ਗੁਰੂ ਹਰਿਗੋਬਿੰਦ ਸਾਹਿਬ ਦੇ ਜੋਤੀ-ਜੋਤਿ ਹੋਣ ਤੋਂ ਬਾਅਦ ਬਾਬਾ ਬਕਾਲੇ ਬਿਤਾਏ 20 ਸਾਲ (1644-1664 ਈ.) ਸਹਿਜ ਤਪੱਸਿਆ ਦੇ ਨਾਲ ਅਗੰਮੀ ਜੋਤਿ ਦੀ ਸਾਧਨਾ ਵਿੱਚ ਗੁਜ਼ਾਰਿਆ ਸਮਾਂ ਹੈ। ਇਸ ਸਮੇਂ ਗੁਰੂ ਹਰਿ ਗੋਬਿੰਦ ਸਾਹਿਬ ਵਲੋਂ ਆਪਣੇ ਜੋਤੀ-ਜੋਤਿ ਸਮਾਉਣ ਤੋਂ 5 ਦਿਨ ਪਹਿਲਾਂ 18 ਜੂਨ 1634 ਈ. ਨੂੰ ਆਪਣੇ ਪੋਤਰੇ ਗੁਰੂ ਹਰਿ ਰਾਇ ਨੂੰ ਗੁਰਗੱਦੀ ਸੌਂਪਣ ਦੇ ਕੌਤਕ ਦੇ ਨਾਲ ਖ਼ਤਮ ਹੁੰਦਾ ਹੈ। ਭਾਈ ਗੁਰਦਾਸ (ਵਾਰ.੧. ਪਉੜੀ ੪੮) ਇਸ ਗਲ ਦੀ ਪੁਸ਼ਟੀ ਕਰਦੇ ਹਨ ਕਿ ਜਦੋਂ ਸੰਗਤ ਨੇ ਗੁਰੂ ਹਰਿ ਗੋਬਿੰਦ ਸਾਹਿਬ ਨੂੰ ਇਹ ਪੁਛਿਆ ਕਿ ਛੇ ਗੁਰੂ ਸਾਹਿਬਾਂ ਦੇ ਤਾਂ ਦਰਸ਼ਨ ਹੋਏ ਹਨ, ਹੋਰ ਕਿਤਨੇ ਗੁਰੂ ਹੋਣਗੇ। ਤਾਂ ਗੁਰੂ ਸਾਹਿਬ ਨੇ ਫੁਰਮਾਇਆ 2+2=4 ਅਰਥਾਤ ਦੋ ਪਿਉ-ਪੁੱਤਰਾਂ ਦੀਆਂ ਜੋੜੀਆਂ (ਗੁਰੂ ਹਰਿ ਰਾਏ ਤੇ ਗੁਰੂ ਹਰਿਕ੍ਰਿਸ਼ਨ ਅਤੇ ਗੁਰੂ ਤੇਗ ਬਹਾਦਰ ਤੇ ਗੁਰੂ ਗੋਬਿੰਦ ਸਿੰਘ) ਦੁਨੀਆਂ ਦੇ ਇਤਿਹਾਸ ਵਿੱਚ ਕਿਸੇ ਹੋਰ ਅਵਤਾਰੀ ਪੁਰਸ਼ ਨੇ ਇਤਨੇ ਲੰਬੇ ਸਮੇਂ (20 ਸਾਲ) ਦੀ ਸਹਿਜ ਤਪੱਸਿਆ ਨਹੀਂ ਕੀਤੀ। ਉਨ੍ਹਾਂ ਦੀ ਇਹ ਤਪੱਸਿਆ ਸਮਾਜ ਤੋਂ ਛੁਟਕਾਰਾ ਪਾ ਕੇ ਕਿਸੇ ਇਕਾਂਤ ਜੰਗਲ ਵਿੱਚ ਨਹੀਂ, ਬਲਕਿ ਆਪਣੇ ਨਾਨਕੇ ਘਰ ਆਪਣੀ ਮਾਤਾ ਜੀ ਅਤੇ ਪਤਨੀ ਦੀ ਸੰਗਤ ਵਿੱਚ ਸੀ, ਜੋ ਕਿ ਗੁਰੂ ਸਾਹਿਬ ਦੀ ਇਸ ਰੂਹਾਨੀ ਸੱਚ ਦੀ ਖੋਜ ਦੇ ਸਹਿਯੋਗੀ ਬਣੇ। ਇਹ ਤਪੱਸਿਆ ਰਿਧੀਆਂ-ਸਿਧੀਆਂ ਦੀ ਪ੍ਰਾਪਤੀ ਲਈ ਨਹੀਂ ਬਲਕਿ ਅਕਾਲ-ਪੁਰਖ ਦੀ ਜੋਤਿ-ਪ੍ਰਕਾਸ਼ ਨਾਲ ਉਸ ਬਲ ਨੂੰ ਪ੍ਰਾਪਤ ਕਰਨ ਲਈ ਸੀ, ਜਿਸ ਨਾਲ ਉਹ ਧਾਰਮਿਕ ਕੱਟੜਤਾ ਦੀ ਸ਼ਿਕਾਰ ਮਾਨਵ ਜਾਤੀ ਨੂੰ ਸਰਕਾਰੀ ਜ਼ੁਲਮ ਤੋਂ ਨਿਜਾਤ ਦਿਵਾਉਣ ਲਈ ਸੀ।

3. ਤੀਸਰਾ ਪੜਾਉ ਅੱਠ ਸਾਲਾਂ ਦਾ ਉਹ ਸਮਾਂ ਹੈ ਜਦੋਂ ਗੁਰੂ-ਜੋਤਿ ਨੇ ਉਨ੍ਹਾਂ ਵਿੱਚ 1664 ਈ. ਵਿੱਚ ਪ੍ਰਕਾਸ਼ ਕੀਤਾ ਅਤੇ ਪੂਰਬ ਦੀ ਉਦਾਸੀ ਤੋਂ ਬਾਅਦ 1671 ਈ. ਵਿੱਚ ਉਹ ਵਾਪਸ ਚੱਕ ਨਾਨਕੀ ਪਹੁੰਚੇ। ਇਸ ਲੰਬੇ ਸਫਰ ਦੌਰਾਨ ਗੁਰੂ ਸਾਹਿਬ ਪੰਜਾਬ ਦੇ ਮਾਲਵੇ ਦੇ ਪਿਛੜੇ ਇਕਾਲੇ ਤੋਂ ਯਾਤਰਾ ਸ਼ੁਰੂ ਕਰਕੇ ਉਤਰ-ਪ੍ਰਦੇਸ਼, ਬਿਹਾਰ, ਬੰਗਾਲ, ਉੜੀਸਾ ਵਿੱਚ ਗੁਰੂ ਨਾਨਕ ਦੇਵ ਜੀ ਵਲੋਂ ਸਥਾਪਤ ਕੀਤੀਆਂ ਸੰਗਤਾਂ ਨਾਲ ਸਿੱਖੀ ਸਿਧਾਂਤਾਂ ਦੀ ਸਾਂਝ ਪਾਈ ਅਤੇ ਇਸ ਸਮੇਂ ਪਟਨਾ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਪੋਹ ਸੁਦੀ 7, 1723 ਬਿ." ਦਸੰਬਰ 22, 1666 ਈ. ਦਿਨ ਸ਼ਨੀਵਾਰ ਨੂੰ ਪ੍ਰਗਟ ਹੋਏ। ਇਸ ਸਮੇਂ ਹੀ ਗੁਰੂ ਸਾਹਿਬ ਨੇ 19 ਹੁਕਮਨਾਮੇ ਪਟਨਾ (8), ਬਨਾਰਸ (10) ਅਤੇ ਮਿਰਜਾਪੁਰ (1) ਦੀਆਂ ਸੰਗਤਾਂ ਨੂੰ ਲਿਖਕੇ ਉਨ੍ਹਾਂ ਵੱਲੋਂ ਕੀਤੀ ਨਿਸ਼ਕਾਮ ਸੇਵਾ ਦਾ ਧੰਨਵਾਦ ਕੀਤਾ ਅਤੇ ਆਸ਼ੀਰਵਾਦ ਅਤੇ ਸਿਰਪਾਉ ਦੇ ਕੇ ਉਨ੍ਹਾਂ ਦੇ ਹੌਸਲੇ ਵਧਾਏ। ਦਸਵੰਧ: ਛਿਮਾਹੀ ਨਹੀਂ ਗੁਰੂ ਸਾਹਿਬ ਦੀ ਲੋੜ ਮੁਤਾਬਕ ਜਿਥੇ ਇਹ ਹੁਕਮਨਾਮੇ ਗੁਰੂ ਸਾਹਿਬ ਦੇ 150 ਉਹ ਸਿੱਖਾਂ ਦੇ ਨਾਮ ਦਸਦੇ ਹਨ ਜਿਨ੍ਹਾਂ ਨੇ ਸੇਵਾ ਨਾਲ ਸੇਵਕੀ ਕਮਾਈ। ਇਨ੍ਹਾਂ ਹੁਕਮਨਾਮਿਆਂ ਤੋਂ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੀ ਦਾਈ ਬੇਬੇ ਪੈੜੀ ਦਾ ਜ਼ਿਕਰ ਵੀ ਛੇ ਹੁਕਮਾਨਮਿਆਂ ਵਿੱਚ ਮਿਲਦਾ ਹੈ। ਇਹ ਹੁਕਮਨਾਮੇ ਗੁਰੂ ਸਾਹਿਬ ਦੇ ਸਫਰਾਂ ਦੀ ਵੀ ਤਰਜਮਾਨੀ ਕਰਦੇ ਹਨ।



ਪ੍ਰਸਿੱਧ ਇਤਿਹਾਸਕਾਰ

4. ਗੁਰੂ ਤੇਗ ਬਹਾਦਰ ਸਾਹਿਬ ਦੇ ਜੀਵਨ ਦਾ ਆਖਰੀ ਪੜਾਅ (1671-1675) ਉਨ੍ਹਾਂ ਦਾ ਪੂਰਬ ਦੀ ਉਦਾਸੀ ਤੋਂ ਵਾਪਸ ਆ ਕੇ ਮਾਲਵੇ ਵਿੱਚ ਤਕਰੀਬਨ 100 ਪਿੰਡਾਂ ਦਾ ਦੌਰਾ ਕਰਕੇ ਡਰ ਅਤੇ ਸਹਿਮ ਦੇ ਸਿਆਸੀ ਮਾਹੌਲ ਵਿੱਚ ਲੋਕਾਂ ਦੀਆਂ ਤਕਲੀਫਾਂ ਸੁਣਨੀਆਂ ਅਤੇ ਸਿਆਸੀ ਤਸ਼ੱਦਦ ਦੇ ਟਾਕਰੇ ਲਈ ਨਿੱਡਰ ਹੋ ਕੇ ਵਿਚਰਨ ਦਾ ਸੰਦੇਸ਼ ਵਰਦਾਨ ਸਿਧ ਹੋਇਆ।

**"ਭੈ ਕਾਹੂ ਕਉ ਦੇਤਿ ਨਹਿ ਨਹਿ ਭੈ ਮਾਨਤ ਆਨ"**

**ਸ਼ਹਾਦਤ:** ਤਿਲਕ ਜੰਞੂ ਦੀ ਰਾਖੀ ਲਈ ਇਸ ਲਈ ਹਿੰਦ ਦੀ ਚਾਦਰ ਕਿਹਾ ਜਾਂਦਾ ਹੈ। ਕੁਰਾਨ ਮਜੀਦ ਵਿਚ ਵੀ: ਅੱਲਾ ਅਲ-ਖਾਲਿਕ ਅਲ-ਹਾਫਿਸ਼ ਅਲ ਵਸੀ, ਅਲ-ਵਦੂਦ, ਅਲ ਹਕ, ਅਲ ਵਲੀ, ਰੱਬ ਉਲ ਅਲਮੀਨ ਹੈ।

ਫਿਰ ਔਰੰਗਜ਼ੇਬ ਕੁਰਾਨ ਮਜੀਦ ਦੀਆਂ ਅਇਤਾਂ ਤੋਂ ਬੇਮੁਖ ਹੋ ਕੇ ਉਸ ਨੇ ਦਾਰ-ਅਲ ਹਰਬ ਨੂੰ ਦਾਰ ਅੱਲ-ਇਸਲਾਮ ਦੇ ਸੁਪਨੇ ਸਾਕਾਰ ਕਰਨ ਲਈ ਉਹ ਸੂਫੀ ਸੰਤ-ਮੁੱਲਾਂ ਸ਼ਾਹ ਅਤੇ ਸਰਮਦ ਦੀ ਸ਼ਹਾਦਤ ਤੋਂ ਬਾਅਦ ਉਸ ਨੇ ਹਿੰਦੂ ਧਰਮ ਦੇ ਅਨੁਯਾਈਆਂ ਤੇ ਜ਼ੋਰ-ਜ਼ੁਲਮ ਜਦੋਂ ਅਜ਼ਮਾਇਆ ਤਾਂ ਗੁਰੂ ਤੇਗ਼ ਬਹਾਦਰ ਉਨ੍ਹਾਂ ਲਈ ਰਖਿਅਕ ਬਣ ਕੇ ਸ਼ਹੀਦ ਹੋਏ।

..................................................

## ਅਟੱਲ ਪ੍ਰਤਾਪੀ ਸਤਿਗੁਰੂ ਜੀ ਦੇ ਪ੍ਰਵਚਨਾਂ ਵਿੱਚੋਂ ਨੌਵੇਂ ਪਾਤਸ਼ਾਹ ਜੀ ਦੀ ਸ਼ਖ਼ਸੀਅਤ

– ਦਵਿੰਦਰ ਸਿੰਘ ਗਿੱਲ (ਜੀਆ ਨੱਥਾ)

ਅਟੱਲ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਮੁੱਚੀ ਮਾਨਵਤਾ ਦੇ ਭਲੇ ਹਿੱਤ ਸਮੇਂ-ਸਮੇਂ ਪ੍ਰਵਚਨ ਕੀਤੇ ਸਨ ਜਿਨ੍ਹਾਂ ਸਾਰਿਆਂ ਨੂੰ ਸੰਗਤ ਵੱਲੋਂ ਸੰਭਾਲਿਆ ਨਹੀਂ ਜਾ ਸਕਿਆ। ਜੋ ਵੀ ਸੰਭਾਲੇ ਗਏ ਹਨ ਅਤੇ 'ਲਾਲ ਏਹਿ ਰਤਨ' ਅਟੱਲ (ਪੰਜ ਹਿੱਸੇ) ਟਾਈਟਲ ਹੇਠ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਸਦਕਾ ਪੁਸਤਕਾਂ ਦੇ ਰੂਪ ਵਿੱਚ ਸਮੁੱਚੇ ਸਿਖ ਜਗਤ ਅਤੇ ਸਾਹਿਤ ਜਗਤ ਸਾਹਮਣੇ ਆਏ ਹਨ, ਉਨ੍ਹਾਂ ਲਈ ਸਮੁੱਚਾ ਜਗਤ ਸਤਿਗੁਰਾਂ ਦਾ ਸਦਾ ਰਿਣੀ ਰਹੇਗਾ। ਇਹ ਪ੍ਰਮਾਣਿਕ ਇਤਿਹਾਸ ਹੈ, ਇਹ ਪ੍ਰਮਾਣਿਕ ਸਿੱਖ ਸਾਹਿਤ ਦੀ ਮੂੰਹ ਬੋਲਦੀ ਤਸਵੀਰ ਹੈ, ਉਨ੍ਹਾਂ ਉੱਤੇ ਕੋਈ ਵੀ ਕਿੰਤੂ ਪ੍ਰੰਤੂ ਨਹੀਂ ਕਰ ਸਕਦਾ। ਅੱਗੇ ਅਸੀਂ ਹਿੰਦ ਦੀ ਚਾਦਰ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਅਦੁੱਤੀ ਸ਼ਖ਼ਸੀਅਤ ਬਾਰੇ ਜੋ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪ੍ਰਵਚਨ ਸਮੇਂ-ਸਮੇਂ ਕੀਤੇ ਸਨ, ਉਹ ਇਸ ਲੇਖ ਵਿੱਚ ਸ਼ਾਮਲ ਕਰ ਰਹੇ ਹਾਂ।

**ਨੌਵੇਂ ਪਾਤਸ਼ਾਹ ਜੀ ਅਤੇ ਦਸਵੇਂ ਪਾਤਸ਼ਾਹ ਜੀ ਦੇ ਪੂਰਬਲੇ ਜੀਵਨ ਦੀ ਜਾਣਕਾਰੀ**

ਪੂਰਬਲੇ ਜਨਮ ਵਿਚ ਜਦੋਂ ਦਸਮ ਪਾਤਸ਼ਾਹ ਜੀ ਪ੍ਰਭੂ ਦੀ ਦਰਗਾਹ ਵਿੱਚ ਮੌਜੂਦ ਸਨ, ਉਨ੍ਹਾਂ ਦਾ ਨਾਮ 'ਦੁਸ਼ਟ ਦਮਨ' ਸੀ ਅਤੇ ਗੁਰੂ ਤੇਗ ਬਹਾਦਰ ਜੀ ਦਾ ਨਾਮ 'ਸੁਮੰਡ ਰਿਖੀ' ਸੀ। ਉਸ ਸਮੇਂ ਬਾਦਸ਼ਾਹ ਔਰੰਗਜ਼ੇਬ ਜਿਸ ਦਾ ਨਾਮ 'ਸੁਦਰਸਪਰਸ਼' ਸੀ, ਸ਼ਰਾਬ ਦਾ ਇੱਕ ਵਾਰ ਬੁਰੀ ਸੰਗਤ ਕਾਰਨ ਸੇਵਨ ਕਰਨ ਨਾਲ ਪ੍ਰਭੂ ਵੱਲੋਂ ਸਰਾਪਿਆ ਗਿਆ ਸੀ। ਇਸ ਪ੍ਰਥਾਇ ਸਤਿਗੁਰੂ ਪ੍ਰਤਾਪ ਸਿੰਘ ਜੀ, 'ਲਾਲ ਏਹਿ ਰਤਨ'- ਭਾਗ ਚੌਥਾ, ਪੰਨਾ 30-31 ਤੇ ਕਿਰਪਾ ਕਰਦੇ ਹੋਏ (28-1-1955 ਨੂੰ ਬੰਕੌਕ ਵਿਖੇ) ਪ੍ਰਵਚਨ ਕਰਦੇ ਹਨ-

"ਓਸ ਵਕਤ ਗੁਰੂ ਗੋਬਿੰਦ ਸਿੰਘ ਜੀ ਦਾ ਨਾਂ ਤਾਂ 'ਦੁਸ਼ਟਦਮਨ' ਸੀ, ਗੁਰੂ ਤੇਗ ਬਹਾਦਰ ਜੀ ਦਾ ਨਾਮ 'ਸੁਮੰਡ ਰਿਖੀ' ਸੀ ਔਰ ਔਰੰਗਜ਼ੇਬ ਦਾ ਨਾਮ 'ਸੁਦਰਸਪਰਸ਼' ਸੀ। ਉਸ ਵਕਤ ਏਸ ਨੂੰ ਕੁਸੰਗਤ ਤੇ ਸੰਗ ਸਾਥ ਗਰਾਈ। ਸ਼ਾਇਦ ਤੁਹਾਡੇ ਅੱਗੇ ਇਹ ਗੱਲ ਨਾ ਆਈ ਹੋਵੇ ਇੱਥੇ ਕਦੇ। ਸੁਦਰਸਪਰਸ਼ ਦੈਂਤਾਂ ਦੀ ਸੰਗਤ ਕਰਨ ਲੱਗ ਪਿਆ। ਜ਼ਰਾ ਧਿਆਨ ਦੇਣਾ ਤੁਸੀਂ ਵੀ, ਗੁਰੂ ਕੇ ਸਿੱਖ ਸਭ ਦੇਵਤੇ ਨੇ।



ਪ੍ਰਸਿੱਧ ਇਤਿਹਾਸਕਾਰ

ਰਾਕਸ਼ਾਂ ਦੀ ਸੰਗਤ ਐਸੀ ਹੈ, ਬੁਰੀਆਂ ਚੀਜ਼ਾਂ ਖਾਣ ਵਾਲਿਆਂ ਦੀ ਵੀ ਕਰਦੇ ਹੋ, ਮਾਸ, ਮਦਰਾ, ਤੰਬਾਕੂ, ਬੁਰੀਆਂ ਚੀਜ਼ਾਂ ਹਨ। ਸੰਗ ਕਰਦਾ-ਕਰਦਾ 'ਸੁਦਰਸਪਰਸ਼' ਇੱਕ ਦਿਨ ਸ਼ਰਾਬ ਪੀ ਆਇਆ। ਸ਼ਰਾਬ ਪੀ ਕੇ ਜਿਸ ਵਕਤ ਮਹਾਰਾਜ ਦੇ ਦਰਬਾਰ ਵਿੱਚ ਆਇਆ- ਅਕਾਲ ਪੁਰਖ ਦੇ, ਉਨ੍ਹਾਂ ਦੇਖਿਆ ਕਿ ਇਹਦੀ ਮੱਤ ਮਾਰੀ ਹੋਈ ਹੈ। ਉਨ੍ਹਾਂ ਗਊ ਦਾ ਦੁੱਧ ਮੰਗਵਾਇਆ ਅਤੇ ਬਿਨਾਂ ਪੁਣਿਆ ਦੁੱਧ ਦੇ ਦਿੱਤਾ ਪੀਣ ਨੂੰ। ਔਰੰਗਜ਼ੇਬ ਉਸ ਬੇਹੋਸ਼ੀ ਸ਼ਰਾਬ ਦੀ ਵਿੱਚ ਉਹ 'ਸੁਦਰਪਰਸ਼' ਦੇਵਤਾ ਹੁੰਦਾ ਹੋਇਆ ਦੁੱਧ ਪੀ ਗਿਆ। ਉਸ ਦੁੱਧ 'ਚ ਇਕ ਵਾਲ ਉਹਦੇ ਅੰਦਰ ਚਲਾ ਗਿਆ। ਜਨਮ ਸਾਖੀ 'ਚ ਤੁਕਾਂ ਲਿਖੀਆਂ ਹਨ।

ਬਿਨਾਂ ਪੁਣੇ ਦੁਧ ਗਊ ਦਾ, ਖਾਧਿਆ ਗਿਆ ਪਤਾਲ।

ਤੇ, ਦੂਜੀ ਤੁਕ ਹੈ-

ਜੋ ਗਊ ਸੁਅਰ ਮਾਸ ਖ਼ਾਨ ਤਿਨਾਂ ਵਡੇ ਜੰਜਾਲ।

ਅਤੇ ਆਵਾ ਜਾਈ- ਮਲੇਛ ਬੁਧ। ਅਕਾਲ ਪੁਰਖ ਨੇ ਕਿਹਾ- ਜਾਹ ਮਲੇਛ ਬੁਧ।

ਅੱਖਾਂ ਉਘੜੀਆਂ, ਤਾਂ ਕਹਿਣ ਲੱਗਾ, "ਅੱਛਾ ਮੇਰੇ ਤਪ ਦਾ ਫਲ, ਮੈਨੂੰ ਬਾਦਸ਼ਾਹੀ ਤਾਂ ਦੇਣੀ ਹੀ ਹੈ ਨਾ, ਜੇ ਮੈਨੂੰ ਮਲੇਛ ਬਣਾਇਆ ਹੈ ਤਾਂ ਮੈਂ ਮਲੇਛ ਹੀ ਕਰਕੇ ਦਿਖਾਵਾਂਗਾ"

ਹੁਈ ਆਵਾਜ਼ ਰਾਤ ਕੋ ਐਸੀ।
ਸਭਿ ਸਿਰ ਬਲੀ ਏਕ ਬਨ ਰੈਸੀ।
ਉਠਤ ਸਵੇਰ ਖਾਬ ਭਈ ਸਾਚੀ।
ਹਿੰਦੀ ਕਰੋ ਮਲੇਛਾਂ ਡਾਚੀ। – ਸੌ ਸਾਖੀ।

ਸੌ ਸਾਖੀ 'ਚ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਲਿਖਿਆ ਹੈ ਇਸਦੀ ਬਾਬਤ।

ਸੁਦਰਸਪਰਸ਼ ਉੱਥੋਂ ਤੁਰ ਪਿਆ। ਸਾਰੀਆਂ ਪੁਰੀਆਂ 'ਚੋਂ ਕਹਿੰਦਾ ਆਉਂਦਾ ਹੈ- ਦੋ ਕਾ ਏਕ, ਦੋ ਕਾ ਏਕ, ਦੋ ਕਾ ਏਕ। ਜਦੋਂ ਗੁਰੂ ਗੋਬਿੰਦ ਸਿੰਘ ਜੀ ਦੀ ਪੁਰੀ ਦੇ ਕੋਲੋਂ ਦੀ ਲੰਘਣ ਲੱਗਿਆ ਤਾਂ ਉਨ੍ਹਾਂ (ਗੁਰੂ ਜੀ) ਨੇ ਆਖਿਆ- ਦੋ ਕੇ ਤੀਨ। ਖੜਾ ਹੋ ਗਿਆ, ਕਿਉਂਕਿ ਕਿਸੇ ਨੇ ਤਾਂ ਅੱਗੇ ਆਵਾਜ ਹੀ ਨਹੀਂ ਸੀ ਦਿੱਤੀ। ਕਹਿਣ ਲੱਗਾ, "ਸਾਧ ਜੀ! ਤੁਮਨੇ ਕਿਆ ਕਹਾ?"

ਕਹਿਣ ਲੱਗੇ, "ਕਹਿਣਾ ਕੀ ਹੈ, ਤੂੰ ਕੀ ਕਹਿਨਾ ਹੈ?"

ਉਸ ਨੇ ਆਖਿਆ, "ਮੈਨੂੰ ਮਿਲਿਆ ਹੈ ਰਾਜ, ਮੈਂ ਚੱਲਿਆ ਹਾਂ ਹੁਣ, ਮੈਂ ਜਾ ਕੇ ਸਭ ਇਕ ਮਜ਼੍ਹਬ ਕਰ ਦੇਣਾ ਹੈ- ਮੁਸਲਮਾਨ।"

ਉਨ੍ਹਾਂ ਆਖਿਆ, "ਸਾਡੀ ਸ਼ਕਤੀ ਤੂੰ ਦੇਖੀਂ, ਅਸੀਂ ਤੀਸਰਾ ਪੰਥ ਪੈਦਾ ਕਰਾਂਗੇ, ਜਿਹੜਾ ਤੈਨੂੰ ਡੱਕੇਗਾ।"

ਕਹਿਣ ਲੱਗਾ, "ਤੁਸਾਂ ਆਉਣਾ ਹੈ ਚਾਲ੍ਹੀਆਂ ਸਾਲਾਂ ਨੂੰ, ਮੈਂ ਹੁਣ ਜਾਂਦਿਆਂ ਹੀ ਕੰਮ ਸ਼ੁਰੂ ਕਰ ਦੇਣਾ ਹੈ।"

ਤਾਂ ਮਹਾਰਾਜ ਕਹਿੰਦੇ, "ਜੇ ਤਾਂ ਤੂੰ ਰਿਹਾ ਆਪਣੇ ਕੁਛ ਨੇਕ ਨੀਅਤ ਤੇ, ਅਤੇ ਵੇਖ। ਜੇ ਤੂੰ ਨਾ ਨੇਕੀ ਤੇ ਰਿਹਾ ਤਾਂ ਅਸੀਂ ਚਾਲ੍ਹੀ ਵਰ੍ਹੇ ਦੇ ਕੇ ਅਕਾਲ ਪੁਰਖ ਨੂੰ ਮੁਜਰੇ, ਤੇਰੇ ਮਗਰੇ ਮਗਰ ਆਉਨੇ ਹਾਂ।"

ਉਨ੍ਹਾਂ ਨੇ ਆ ਕੇ ਉਹ ਚੀਜ਼ ਪੈਦਾ ਕੀਤੀ, ਜਿਹੜਾ ਡਰ ਸੀ ਹਿੰਦੂਆਂ ਦਾ ਲਾਹਿਆ ਜਦੋਂ ਅੰਮ੍ਰਿਤ ਛਕਾ ਦਿੱਤਾ।"

**ਸਤਿਗੁਰੂ ਦੇਹਧਾਰੀ ਹੁੰਦਾ ਹੈ-**

ਸਤਿਗੁਰੂ ਸਦਾ ਦੇਹਧਾਰੀ ਹੁੰਦਾ ਹੈ ਜੋ ਜਗਿਆਸੂ ਨੂੰ ਨਾਮ ਦੀ ਦਾਤ ਬਖਸ਼ ਕੇ ਸਿੱਖ ਦਾ ਕਲਿਆਣ ਕਰਦਾ ਹੈ। ਕੋਈ ਧਾਰਮਿਕ ਗ੍ਰੰਥ ਗੁਰੂ ਦੀ ਥਾਂ ਨਹੀਂ ਲੈ ਸਕਦਾ। ਇਸ ਪ੍ਰਥਾਇ ਸਤਿਗੁਰੂ ਪ੍ਰਤਾਪ ਸਿੰਘ ਜੀ 9-12-1948 ਈ. ਨੂੰ ਬੈਂਕੌਕ ਵਿਚ (ਪੁਸਤਕ ਲਾਲ ਏਹਿ ਰਤਨ- ਭਾਗ ਪਹਿਲਾ, ਸਫ਼ਾ 300) ਕਿਰਪਾ ਕਰਦੇ ਹੋਏ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦੇ ਜੋਤੀ ਜੋਤ ਸਮਾਉਣ ਦੇ ਇਤਿਹਾਸਕ ਪ੍ਰਸੰਗ ਨੂੰ ਇਸ ਪ੍ਰਕਾਰ ਦੱਸਦੇ ਹਨ-

"ਗੁਰੂ ਹਰਿ ਕ੍ਰਿਸ਼ਨ ਸਾਹਿਬ ਸੱਚੇ ਪਾਤਸ਼ਾਹ ਦਿੱਲੀ 'ਚ ਸਰੀਰ ਲੱਗੇ ਤਿਆਗਣ। ਜਿਸ ਵੇਲੇ ਦਿੱਲੀ ਵਿੱਚ ਸਰੀਰ ਤਿਆਗਣ ਲੱਗੇ ਹਨ ਤਾਂ ਗੁਰਬਖਸ਼ ਜੀ ਜੈਸੇ ਜਿਹੜੇ ਮਸੰਦ ਸਤਿਗੁਰਾਂ ਦੇ ਪਾਸ ਸਨ, ਉਹ ਕਹਿੰਦੇ, "ਸਚਿਆ ਪਾਤਸ਼ਾਹ, ਅਗਲੇ ਇਕ ਦੀ ਦੂਆ ਬਾਂਹ ਫੜਾ ਕੇ ਜਾਂਦਾ ਰਿਹਾ ਹੈ, ਤੁਸੀਂ ਹੋ ਗੁਰੂ ਨਾਨਕ ਦੀ ਗੱਦੀ ਤੇ ਸਾਨੂੰ ਹੁਣ ਬਾਂਹ ਕਿਹਦੀ ਫੜਾਉਂਦੇ ਹੋ?"

ਸੂਰਜ ਪ੍ਰਕਾਸ਼ 'ਚ ਲਿਖਿਆ ਹੈ ਕਿ ਗੁਰੂ ਹਰਿਕ੍ਰਿਸ਼ਨ ਨੇ ਕਿਹਾ, "ਇਹ ਗੱਲ ਹੈ ਕਿ ਗੁਰੂ ਗ੍ਰੰਥ ਸਾਹਿਬ ਜਿਹੜਾ ਹੈ, ਇਹ ਹੀ ਤੁਸੀਂ ਮੇਰਾ ਸਰੂਪ ਸਮਝੋ ਔਰ ਇਹ ਜਿਹੜਾ ਪਾਠ ਕਰੋ ਮੇਰੇ ਨਾਲ ਗੱਲ ਬਾਤ ਕਰੋ।"

ਉੱਥੇ ਸਾਫ਼ ਉਨ੍ਹਾਂ ਨੇ- ਸਿੱਖਾਂ ਨੇ, ਜਵਾਬ ਦਿੱਤਾ, "ਅਸੀਂ ਇਹ ਗੱਲ ਮੰਨਣ ਨੂੰ ਤਿਆਰ ਨਹੀਂ।" ਸੂਰਜ ਪ੍ਰਕਾਸ਼ ਪੜ੍ਹ ਕੇ ਦੇਖੋ, ਕੂਕਿਆਂ ਦੀ ਲਿਖੀ ਹੋਈ ਪੋਥੀ ਨਹੀਂ (ਉਹ ਸਿੱਖ) ਕਹਿੰਦੇ ਨੇ- ਲਿੱਖ ਲੈ ਹੋ ਅਬ ਸੋਢੀ ਸਾਰੇ।

ਮਹਾਰਾਜ ਇਹ ਤਾਂ ਸੋਢੀ ਸਾਰੇ ਲਿਖ ਕੇ, ਆਪੋ-ਆਪਣੇ ਘਰੀਂ ਰੱਖ ਲੈਣਗੇ, ਅਸੀਂ ਕਿਹੜੇ ਨੂੰ ਗੁਰੂ ਮੰਨਾਂਗੇ? ਅਸੀਂ ਇਹ ਗੱਲ ਨਹੀਂ ਮੰਨਣੀ? ਮੈਨੂੰ ਤੁਕਾਂ ਨਹੀਂ ਯਾਦ ਬੇਸ਼ੱਕ ਜਿਹਦੇ ਪਾਸ ਸੂਰਜ ਪ੍ਰਕਾਸ਼ ਹੋਵੇ ਉਹ ਦੇਖ ਸਕਦਾ ਹੈ ਕਿ ਲਿਖਿਆ ਹੋਇਆ ਹੈ ਕਿ ਨਹੀਂ ਔਰ ਭਾਈ ਵੀਰ ਸਿੰਘ ਜੀ ਨੂੰ ਵੀ ਇਹਦੇ ਉੱਤੇ ਟੀਕਾ ਟਿੱਪਣੀ ਕਰਨ ਨੂੰ ਥਾਂ ਨਹੀਂ ਰਿਹਾ। ਜਿੱਥੇ ਰਵਾਲਸਰ ਦਾ ਪ੍ਰਸੰਗ ਆਇਆ ਹੈ ਜਾਂ ਸਤਿਗੁਰੂ ਰਾਮ ਸਿੰਘ ਜੀ ਦੀ ਬਾਬਤ ਆਇਆ ਹੈ ਪਿੱਛੇ ਦਸਮ ਪਾਤਸ਼ਾਹ ਦੇ ਪ੍ਰਸੰਗ 'ਚ ਉਸੇ ਭਾਈ ਸਾਹਿਬ ਨੇ ਟੀਕਾ ਟਿੱਪਣੀ ਕੀਤੀ ਹੈ- ਬਈ, ਸੌ ਸਾਖੀ ਝੂਠੀ ਹੈ, ਇਹ ਕੁਛ ਹੈ। ਕਈ ਗੱਲਾਂ ਬਾਤਾਂ ਲਿਖੀਆਂ ਨੇ ਜਿਹੜਾ ਉਨ੍ਹਾਂ ਨੇ ਟੀਕਾ ਟਿੱਪਣੀ ਕਰਕੇ ਸੂਰਜ ਪ੍ਰਕਾਸ਼ ਲਿਖਿਆ ਹੈ ਲੇਕਿਨ ਇਹਦੇ ਉੱਤੇ ਭਾਈ ਸਾਹਿਬ ਨੂੰ ਕੋਈ ਟੀਕਾ ਟਿੱਪਣੀ ਕਰਨ ਨੂੰ ਥਾਂ ਨਹੀਂ ਲੱਭਿਆ।

ਉਨ੍ਹਾਂ ਆਖਿਆ, "ਮਹਾਰਾਜ! ਸਾਰੇ ਹੀ ਸੋਢੀ ਲਿਖ ਕੇ ਆਪੋ ਆਪਣੀ ਘਰੀਂ ਰੱਖ ਲੈਣਗੇ। ਅਸੀਂ ਕਿਹੜੇ ਨੂੰ ਗੁਰੂ ਮੰਨਾਂਗੇ?" ਫਿਰ ਮਹਾਰਾਜ ਨੇ ਕਿਹਾ ਹੈ ਕਿ-

**ਬਾਬਾ ਬਸਹਿ ਜੁ ਗਰਾਮ ਬਕਾਲੇ।**
**ਬਨਿ ਗੁਰ ਸੰਗਤ ਸਗਲ ਸਮਾਲੇ।**

ਬਾਬਾ ਬਕਾਲੇ ਵਿੱਚ ਹੈ ਗੁਰੂ ਤੇਗ ਬਹਾਦਰ ਲੱਗਦੇ ਵੀ ਬਾਬੇ ਸੀ ਕਿਉਂ ਕਿ ਬਾਬਾ ਧੀਰ ਮੱਲ ਜੀ ਤੇ ਗੁਰੂ ਹਰਿ ਰਾਇ ਜੀ- ਇਹ ਬਾਬੇ ਗੁਰਦਿੱਤੇ ਦੇ ਪੁੱਤਰ ਸਨ। ਬਾਬਾ ਗੁਰਦਿੱਤਾ ਜੀ ਤੇ ਗੁਰੂ ਤੇਗ ਬਹਾਦਰ ਜੀ ਦੋਵੇਂ ਸਕੇ ਭਾਈ ਸਨ।"

**ਗੁਰੂ ਲਾਧੋ ਰੇ:** 30 ਮਾਰਚ 1664 ਈ. ਨੂੰ ਅੱਠਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਿੱਲੀ ਵਿਖੇ ਜੋਤੀ-ਜੋਤ ਸਮਾ ਗਏ ਸਨ। ਜੋਤੀ ਜੋਤ ਸਮਾਉਣ ਸਮੇਂ ਅੱਠਵੇਂ ਪਾਤਸ਼ਾਹ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਗੁਰੂ ਗੱਦੀ ਦਾ

ਅਗਲਾ ਵਾਰਸ "ਬਾਬਾ ਬਕਾਲਾ" ਕਿਹਾ ਸੀ ਤਾਂ ਆਖਿਆ ਜਾਂਦਾ ਹੈ ਕਿ ਗੁਰੂ ਗੱਦੀ ਦੀ ਬਾਈਂ ਉਠ ਖਲੋਏ ਜੋ ਆਪਣੇ ਆਪ ਨੂੰ ਹਰ ਕੋਈ ਸੱਚਾ ਗੁਰੂ ਅਖਵਾਉਂਦਾ ਸੀ ਪ੍ਰੰਤੂ ਅਸਲ ਗੁਰੂ ਜਿਸ ਨੂੰ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਨੇ "ਬਾਬਾ ਬਕਾਲੇ" ਆਖਿਆ ਸੀ, ਉਹ ਉਨ੍ਹਾਂ 22 ਤੋਂ ਬੇਨਿਆਜ਼ ਹੋ ਕੇ ਤੱਪ ਕਰ ਰਿਹਾ ਸੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਇਸ ਪ੍ਰਕਾਰ (ਲਾਲ ਏਹਿ ਰਤਨ ਪੰਨਾ 300, ਭਾਗ ਪਹਿਲਾ 9-12-1948) ਪ੍ਰਵਚਨ ਕਰਦੇ ਹਨ-

"ਬਾਬਾ ਬਕਾਲੇ ਵਿੱਚ ਹੈ, ਗੁਰੂ ਤੇਗ ਬਹਾਦਰ ਲੱਗਦੇ ਵੀ ਬਾਬੇ ਸੀ ਕਿਉਂਕਿ ਬਾਬਾ ਧੀਰ ਮੱਲ ਜੀ ਗੁਰੂ ਹਰਿ ਰਾਇ ਜੀ- ਇਹ ਬਾਬੇ ਗੁਰਦਿੱਤੇ ਦੇ ਪੁੱਤਰ ਸਨ। ਬਾਬਾ ਗੁਰਦਿੱਤਾ ਜੀ ਤੇ ਗੁਰੂ ਤੇਗ ਬਹਾਦਰ ਜੀ ਦੋਵੇਂ ਸਕੇ ਭਾਈ ਸਨ।

ਬਾਬੇ ਗੁਰਦਿੱਤੇ ਦੇ ਪੁੱਤਰ ਹਰਿ ਰਾਏ ਜੀ, ਗੁਰੂ ਤੇਗ ਬਹਾਦਰ ਦੇ ਭਤੀਜੇ ਦੇਹ ਕਰਕੇ ਲੱਗੇ, ਉਸ ਤਰ੍ਹਾਂ ਦਾਦੇ ਗੁਰੂ ਸੀ ਉਸ ਪਾਸਿਓਂ। ਫਿਰ ਗੁਰੂ ਹਰਿ ਰਾਇ ਜੀ ਦੇ ਅੱਗੇ ਗੁਰੂ ਹਰਿਕ੍ਰਿਸ਼ਨ ਜੀ ਉਹ ਪੋਤਰੇ ਲੱਗਦੇ ਸਨ- ਦੇਹ ਕਰਕੇ ਗੁਰੂ ਤੇਗ ਬਹਾਦਰ ਦੇ।

ਉਹ ਕਹਿੰਦੇ ਨੇ-

**ਬਾਬਾ ਬਸਹਿ ਜੁ ਗ੍ਰਾਮ ਬਕਾਲੇ।**

ਬਾਬਾ ਬਕਾਲੇ ਹੈ- ਦਾਦਾ ਸਾਡਾ।

ਫੇਰ ਕੀ ਬਣਿਆ? ਬਕਾਲੇ ਵਿਚ ਬਾਈ ਮੰਜੀਆਂ ਡਾਹ ਲਈਆਂ ਜਿਹੜੇ ਗੁਰੂ ਅੰਸ਼ ਥੇ। ਆਪਣੇ ਰਖ ਲਏ ਉਨ੍ਹਾਂ ਨੇ ਬੁਲਾਰੇ- ਉਹ ਆਖਣ, 'ਆਹ ਗੁਰੂ, ਆਹ ਗੁਰੂ ਹੈ'

ਮੱਖਣ ਸ਼ਾਹ ਦਾ ਜਹਾਜ਼ ਗਿਆ ਫਸ। ਉਨ੍ਹਾਂ ਪੰਜ ਸੌ ਮੋਹਰ ਸੁਖਣਾ ਸੁਖੀ। ਮਹਾਰਾਜ ਨੇ ਉਸ ਦਾ ਜਹਾਜ਼ ਕੱਢਿਆ ਤਾਂ ਮੱਖਣ ਸ਼ਾਹ ਆਇਆ, ਬੜਾ ਹੈਰਾਨ ਹੋਇਆ ਅਕਸਰ ਵਪਾਰੀ ਆਦਮੀ ਸੀ। ਸਾਰੀ ਦੁਨੀਆਂ ਫਿਰੀ ਹੋਈ ਸੀ। ਜਿਹੜਾ ਉਨ੍ਹਾਂ ਦਿਨਾਂ 'ਚ ਜਹਾਜ਼ 'ਚ ਫਿਰਦਾ ਸੀ ਖਵਰੇ ਕਿਡਾ ਕੁ ਆਦਮੀ ਹੋਵੇਗਾ? ਉਸ ਨੇ ਆ ਕੇ ਸ਼ੁਰੂ ਕੀਤਾ, 'ਬਈ ਮੈਂ ਗੁਰੂ ਨੂੰ ਕਿਵੇਂ ਮਿਲਾਂ?' ਟੇਕਦਾ ਗਿਆ ਦੋ-ਦੋ ਮੋਹਰਾਂ, ਪੰਜ-ਪੰਜ ਮੋਹਰਾਂ ਸਾਰਿਆਂ ਦੇ ਅੱਗੇ ਧਰਦਾ ਗਿਆ। ਉਹਨੇ ਕਿਹਾ, 'ਜਿਹੜਾ ਮੇਰਾ ਗੁਰੂ ਹੈ ਮੇਰੇ ਕੋਲੋਂ ਮੰਗ ਲਵੇਗਾ ਮੈਂ ਜੋ ਪੰਜ ਸੌ ਮੋਹਰ ਸੁਖੀ ਹੈ, ਮੇਰਾ ਹੁਣ ਇਹੋ ਹੀ ਨਿਸਚਾ ਹੈ।'

'ਤਾਂ ਮੱਖਣ ਸ਼ਾਹ ਦੇ ਚਿੱਤ ਵਿੱਚ ਇਹ ਚੀਜ਼ ਆਈ ਕਿ ਮੇਰੇ ਕੋਲੋਂ ਮੰਗ ਕੇ ਲਵੇ, ਜਿਹੜਾ ਗੁਰੂ ਹੋਵੇਗਾ- ਮੈਂ ਦਿਆਂਗਾ ਮੈਂ ਐਵੇਂ ਨਹੀਂ ਦੇਣ ਲੱਗਾ। ਪੰਜ-ਪੰਜ ਮੋਹਰਾਂ ਧਰਦਾ ਗਿਆ। ਕੋਈ ਆਖੇ, ਇਹ ਵੱਡਾ ਗੁਰੂ ਹੈ, ਤੂੰ ਇਹਦੇ ਕੋਲ ਆ, ਕੋਈ ਆਖੇ- ਇਹ ਹੈ। ਜਦੋਂ ਸਾਰਿਆਂ ਨੂੰ- ਬਾਈ ਮੰਜੀਆਂ, ਜਿਹੜੀਆਂ ਬਾਈਆਂ ਦੀਆਂ ਡਾਹੀਆਂ ਸੀ- ਦੇ ਬੈਠਾ ਪੈਸੇ- ਤਾਂ ਕਹਿੰਦਾ, "ਕੋਈ ਹੋਰ ਵੀ ਹੈ ਇੱਥੇ? ਹੁਣ ਕੌਣ ਦੱਸੇ? ਗੁਰੂ ਸਾਹਿਬ ਭੋਰੇ ਵਿੱਚ ਰਹਿੰਦੇ ਹਨ ਔਰ ਲੋਕ ਤੇਗਾ ਕਮਲਾ ਕਰਕੇ ਕਹਿੰਦੇ ਹਨ।

'ਬਾਈ ਹੋਰ ਕੋਈ ਗੁਰੂ ਅੰਸ਼?' 'ਇੱਕ ਤੇਗਾ ਕਮਲਾ ਹੈ।'

'ਕਿੱਥੇ ਰਹਿੰਦਾ ਹੈ।' ਗਏ- ਜਾ ਕੇ ਅੱਗੇ ਮਾਤਾ ਜੀ ਦਰਵਾਜ਼ੇ 'ਚ ਬੈਠੇ ਹਨ। ਮਾਤਾ ਜੀ ਨੂੰ ਕੀ ਪਤਾ ਸੀ- ਇਸ ਗੱਲ ਦਾ। ਅੱਗੋਂ ਮਾਤਾ ਜੀ ਕਹਿੰਦੇ ਹਨ, ਜੋ ਕੁਛ ਦੇਣਾ, ਸਾਨੂੰ ਦੇ ਦਿਓ, ਉਹ ਬੇਸੁਧ ਜਾਣਦਾ ਕੀ ਜੇ।'

ਉਹ ਤੇ ਬੇਸੁਧ ਹੈ, ਉਹ ਕੁਝ ਨਹੀਂ ਜਾਣਦਾ।

ਉਹ ਕਹਿੰਦਾ, 'ਬਸ ਮਾਤਾ ਜੀ, ਮੈਂ ਦਰਸ਼ਨ ਪਾਉਣਾ ਹੈ- ਮੈਂ ਪੰਜ ਮੋਹਰਾਂ ਭੇਟ ਚੜ੍ਹਾਉਣੇ- ਮੈਂ ਪੰਜ ਮੋਹਰਾਂ ਦੇਣੀਆਂ ਹਨ ਪਰ ਦਰਸ਼ਨ ਕਰਕੇ ਦੇਣੀਆਂ, ਐਵੇਂ ਨਹੀਂ ਦੇਣੀਆਂ।' ਚਲਾ ਗਿਆ, ਜਾ ਕੇ ਅੰਦਰ ਜਿਸ ਵੇਲੇ ਵੜਿਆ ਪੰਜ ਮੋਹਰਾਂ ਧਰੀਆਂ।

ਗੁਰੂ ਤੇਗ ਬਹਾਦਰ ਜੀ ਮੁਸਕੁਰਾਏ।

**ਨਾਮ ਤੇਗਾ ਸੱਚ ਆਧਾਰ॥**

**ਨਿਸ ਦਿਨ ਬੈਠਾ ਰਹੇ ਘਰ ਬਾਰ॥**

ਹਰ ਦਿਨ- ਬਾਹਰ ਨਹੀਂ ਸਨ ਨਿਕਲਦੇ।

ਮੁਸਕੁਰਾਏ, ਕਹਿੰਦੇ ਨੇ-

**ਮੁਖ ਤੇ ਬੋਲਿਆ ਸਤਿਗੁਰ ਨਾਵਾਂ॥**

**ਦੇਖ ਸਿਖਾ ਮੇਰਾ ਮੋਢਾ ਬਾਵਾਂ॥**

ਧੱਕਾ ਦੇ ਕੇ ਤੇਰਾ ਜਹਾਜ਼ ਲੰਘਾਇਆ।

**ਤੇ ਤੂੰ ਪੰਜ** ਮੋਹਰਾਂ ਹੁਣ ਲੈ ਕੇ ਆਇਆ।

ਚੜ੍ਹ ਗਿਆ ਕੋਠੇ ਉੱਤੇ, ਫੜ ਲਿਆ ਕੱਪੜਾ, ਪੱਲੂ ਫੇਰ ਦਿੱਤਾ- ਭੁੱਲੀਏ ਸੰਗਤੇ ਗੁਰੂ ਲਾਧ੍ਹ ਰੇ......।

**ਨੌਵੇਂ ਗੁਰੂ ਜੀ ਦੀ ਬਾਣੀ, ਪਾਉਂਟਾ ਸਾਹਿਬ ਜਾਣ ਤੋਂ ਪਹਿਲਾਂ ਦਸਮ ਗੁਰੂ ਜੀ ਨੇ ਆਦਿ ਗ੍ਰੰਥ ਸਾਹਿਬ ਵਿੱਚ ਚੜ੍ਹਾ ਦਿਤੀ-**

ਜੋ ਲੋਕ ਇਤਿਹਾਸਕਾਰ ਤੇ ਲਿਖਾਰੀ ਕਹਿੰਦੇ ਹਨ ਕਿ ਦਸਮ ਗੁਰੂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨੌਵੇਂ ਗੁਰੂ ਜੀ ਦੀ ਬਾਣੀ, ਸ੍ਰੀ ਆਦਿ ਗ੍ਰੰਥ ਸਾਹਿਬ ਵਿੱਚ ਤਲਵੰਡੀ ਸਾਬੋ (ਦਮਦਮਾ ਸਾਹਿਬ) ਵਿਖੇ ਚੜ੍ਹਾਈ ਸੀ, ਉਹ ਇਤਿਹਾਸਕ ਤੌਰ 'ਤੇ ਗਲਤ ਹੈ ਕਿਉਂ ਕਿ ਕਿਸੇ ਇਤਿਹਾਸਕ ਗ੍ਰੰਥ ਨੇ

ਇਸਦੀ ਪੁਸ਼ਟੀ ਨਹੀਂ ਕੀਤੀ ਹੈ। ਇਸ ਪ੍ਰਥਾਇ ਸਤਿਗੁਰੂ ਪ੍ਰਤਾਪ ਸਿੰਘ 'ਲਾਲ ਏਹਿ ਰਤਨ' ਭਾਗ-ਪਹਿਲਾ ਪੰਨਾ 509-510-511 ਤਾਰੀਖ 6-3-1950 ਨੂੰ ਬਚਨ ਕਰਦੇ ਹਨ-

"ਇਸੇ ਤਰ੍ਹਾਂ ਹੀ ਸੂਰਜ ਪ੍ਰਕਾਸ਼ ਨਹੀਂ ਇਹ ਗੱਲ ਮੰਨਦਾ ਕਿ ਗੁਰੂ ਸਾਹਿਬ ਨੇ ਬੀੜ ਉਚਾਰੀ ਦਮਦਮੇ ਸਾਹਿਬ, ਮੁੜ ਕੇ, ਰਤਨ ਸਿੰਘ ਭੰਗੂ ਨਹੀਂ ਇਹ ਗੱਲ ਮੰਨਦਾ। ਗੁਰ ਬਿਲਾਸ ਸੁਖਾ ਸਿੰਘ ਦੇ ਵਿਚ ਨਹੀਂ ਇਹ ਲਿਖਿਆ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਦਮਦਮੇ ਸਾਹਿਬ ਆ ਕੇ ਮੁੜ ਕੇ ਆਦਿ ਬੀੜ ਉਚਾਰੀ।

ਜਿਹੜੀ ਇਹ ਗੱਲ ਹੈ ਕਿ ਨੌਵੀਂ ਪਾਤਸ਼ਾਹੀ ਦੀ ਬਾਣੀ ਚੜ੍ਹਾਈ ਗਈ, ਇਹ ਮੈਂ ਤੁਹਾਡੇ ਅਗੇ ਅਰਜ਼ ਕਰਾਂ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਜਿਸ ਵੇਲੇ ਆਪ ਆਪਣੇ ਗੁਰਗੱਦੀ ਤੇ ਸੁਭਾਇਮਾਨ ਹੋਏ ਹਨ, ਉਦੋਂ ਹੀ ਬਾਣੀ ਚੜ੍ਹਾ ਦਿੱਤੀ ਹੈ- ਦਮਦਮਾ ਸਾਹਿਬ ਤੋਂ ਪਹਿਲਾਂ ਹੀ ਇਹ ਸਾਡੇ ਕੋਲ ਇਕ ਬੜਾ ਭਾਰਾ ਸਬੂਤ ਹੈ। ਇੱਕ ਉਦਾਸੀ ਸਾਧ, ਇਤਿਹਾਸ ਪੜ੍ਹੋ, ਉਸਨੇ ਲਿਖੀ ਇਹ ਬੀੜ ਮਹਾਰਾਜ ਦੀ, ਉਹ ਬੀੜ ਲਿਖਕੇ ਗੁਰੂ ਗੋਬਿੰਦ ਸਿੰਘ ਦੇ ਦਸਤਖ਼ਤ ਕਰਾਉਣ ਨੂੰ ਦੀਵਾਨ ਨੰਦ ਚੰਦ ਨੂੰ ਦਿੰਦਾ ਹੈ ਉਹ ਬੀੜ। ਦੀਵਾਨ ਨੰਦ ਚੰਦ ਵੇਖ ਕੇ ਬੀੜ ਹੀ ਘੁੱਟ ਜਾਂਦਾ ਹੈ, ਉਹ ਮਹਾਰਾਜ ਦੇ ਪੇਸ਼ ਹੀ ਨਹੀਂ ਕਰਦਾ। ਰਾਜਸੀ ਠਾਠ ਸੀ, ਸਾਧ ਨੂੰ ਮਿਲਣਾ ਨਹੀਂ ਮਿਲਦਾ। ਬੜੀ ਦੇਰ ਬਾਅਦ ਇਕ ਦਿਨ ਸਤਿਗੁਰਾਂ ਦੇ, ਗੁਰੂ ਗੋਬਿੰਦ ਸਿੰਘ ਸਾਹਿਬ ਦੇ ਪੇਸ਼ ਹੁੰਦਾ ਹੈ। ਉਹ ਕਹਿੰਦਾ, ਮਹਾਰਾਜ, ਮੇਰੀ ਇਹ ਬੀੜ ਲਿਆਂਦੀ ਸੀ- ਮੈਂ ਦਸਤਖ਼ਤ ਕਰਾਉਣ ਨੂੰ ਲਿਆਇਆ ਸਾਂ।'

ਨੰਦ ਚੰਦ ਨੂੰ ਸੱਦ ਕੇ ਪੁੱਛਿਆ, ਕਹਿੰਦਾ, 'ਜੀ ਐਵੇਂ ਝੂਠ ਬੋਲਦਾ ਹੈ।'

ਉਹ ਕਹਿੰਦੇ, 'ਜਾਹ ਤੇਰੀਆਂ ਜੜ੍ਹਾਂ ਪੱਟੀਆਂ'- ਗੁਰੂ ਗੋਬਿੰਦ ਸਿੰਘ ਕਹਿੰਦੇ ਹਨ।

ਉਹ ਕਹਿੰਦਾ, 'ਮੇਰੀਆਂ ਜੜ੍ਹਾਂ ਤੇਰੀਆਂ ਜੜ੍ਹਾਂ ਵਿੱਚ ਹਨ।'

ਕਹਿੰਦੇ, 'ਆਪਣੀਆਂ ਵੀ ਪੱਟੀਆਂ।'

ਉਸ ਬੀੜ ਬਾਰੇ ਇਹ ਸਰਾਪ ਦਿੱਤਾ ਕਿ ਜਿਹੜਾ ਇਹਦਾ ਪਾਠ ਕਰੇਗਾ ਅੰਨ੍ਹਾ ਹੋ ਜਾਏਗਾ। ਉਹ ਬੀੜ ਅੱਜ-ਕੱਲ੍ਹ ਭਾਈ ਕੀ ਡਰੌਲੀ, ਮੋਗੇ ਦੇ ਨਜ਼ਦੀਕ, ਡਗਰੂ ਦੇ ਸਟੇਸ਼ਨ ਕੋਲ ਹੈ। ਮੈਂ ਉਹਦੇ ਦਰਸ਼ਨ ਕਰ ਕੇ ਆਇਆਂ ਜਾ ਕੇ। ਉਸ ਬੀੜ ਦਾ ਇਕ ਸੰਤ ਮਹਾਤਮਾ, ਮੈਂ ਜਿਨ੍ਹਾਂ ਕੋਲ ਵਿੱਦਿਆ ਪੜ੍ਹਦਾ ਰਿਹਾ, ਉਹ ਸੰਤ ਸੇਵਾ ਸਿੰਘ ਜੀ ਸਨ, ਉਨ੍ਹਾਂ ਦੇ ਵਿੱਦਿਆ ਗੁਰੂ ਸਨ- ਨੱਥਾ ਸਿੰਘ ਜੀ ਅੰਬਾਲੇ ਦੇ ਜ਼ਿਲੇ ਦੇ ਰਹਿਣ ਵਾਲੇ, ਮਾਤਾ (ਜੀਵਨ ਕੌਰ) ਜੀ ਨੇ ਉਨ੍ਹਾਂ ਦਾ ਦਰਸ਼ਨ ਕੀਤਾ ਹੈ- ਉਨ੍ਹਾਂ ਜਾ ਕੇ ਉਹਦਾ ਪਾਠ ਕੀਤਾ। ਪਾਠ ਕਰ ਕੇ ਘਰ ਆ ਗਏ। ਆ ਕੇ ਚਿੱਤ ਵਿੱਚ ਖ਼ਿਆਲ ਆਇਆ ਕਿ ਗੁਰੂ ਸਾਹਿਬ ਨੇ ਕਿਹਾ ਸੀ, 'ਭਾਈ ਇਹਦੇ ਨਾ ਅੰਨ੍ਹਾ ਹੋ ਜਾਂਦਾ ਹੈ- ਮੇਰਾ ਤਾਂ ਕੁਝ ਨਹੀਂ ਵਿਗੜਿਆ।' ਦੁਪਹਿਰ ਦੇ ਵਕਤ ਸੁੱਤੇ ਪਏ ਉਹ ਅੰਨ੍ਹੇ ਹੋ ਗਏ। ਮਾਈ ਜੀ ਨੇ ਉਨ੍ਹਾਂ ਨੂੰ ਦੇਖਿਆ ਹੈ। ਇਹ ਵੀ ਪੱਕੀ ਗੱਲ ਹੈ ਗੁਰੂ ਸਾਹਿਬ ਦੇ ਬਚਨ ਤਾਂ ਦੁਨੀਆਂ ਉਲਟ ਜਾਏ ਨਹੀਂ ਉਲਟ ਸਕਦੇ ਔਰ ਇਹ ਬੜੀ ਪੱਕੀ ਉਹ ਚੀਜ਼ ਹੈ, ਉਸ ਬੀੜ ਵਿੱਚ ਗੁਰੂ ਤੇਗ ਬਹਾਦਰ ਦੀ ਬਾਣੀ ਹੈ। ਉਹ ਬੀੜ ਗੁਰੂ ਗੋਬਿੰਦ ਸਿੰਘ ਜੀ ਦੇ ਪਾਉਂਟੇ ਸਾਹਿਬ ਵੇਲੇ ਤੋਂ, ਪਹਿਲਾਂ ਦੀ ਉਹ ਗਈ ਹੋਈ ਹੈ। ਇਸ ਕਰਕੇ ਜਦੋਂ ਤੋਂ ਗੁਰੂ ਸਾਹਿਬ ਆਪਣੇ ਗੁਰਗੱਦੀ ਉੱਤੇ ਬਿਰਾਜਮਾਨ ਹੋਏ, ਉਦੋਂ ਤੋਂ ਹੀ ਉਨ੍ਹਾਂ ਨੇ ਗੁਰੂ ਤੇਗ ਬਹਾਦਰ ਦੀ ਬਾਣੀ ਚੜ੍ਹਾ ਦਿੱਤੀ ਹੈ।"

**ਮੌਕੇ ਦਾ ਮਾਲਕ ਸਤਿਗੁਰੂ ਹੁੰਦਾ ਹੈ ਅਤੇ ਸਤਿਗੁਰੂ ਦੇਹਧਾਰੀ ਹੁੰਦਾ ਹੈ-**

ਮੌਕੇ ਦਾ ਮਾਲਕ ਸਤਿਗੁਰੂ ਜੋ ਦੇਹਧਾਰੀ ਵੀ ਹੁੰਦਾ ਹੈ ਜਿਤਨਾ ਚਿਰ ਅਰਦਾਸ ਵਿੱਚ ਉਨ੍ਹਾਂ ਦਾ ਨਾਮ ਨਾ ਲਵੋ ਨਾ ਧਿਆਵੋ, ਉਨ੍ਹਾਂ ਚਿਰ ਗੱਲ ਨਹੀਂ ਬਣਦੀ, ਜਗਿਆਸੂ ਦੀ ਆਸ ਪੂਰੀ ਨਹੀਂ ਹੁੰਦੀ। ਇਹ ਗੱਲ ਅੱਜ ਵੀ ਸਾਰਥਿਕ ਹੈ ਅਤੇ ਭਵਿੱਖ ਵਿੱਚ ਵੀ ਹੋਵੇਗੀ। ਸਤਿਗੁਰੂ ਪ੍ਰਤਾਪ ਸਿੰਘ ਦੀ ਪੁਸਤਕ 'ਲਾਲ ਏਹਿ ਰਤਨ' ਹਿੱਸਾ ਤੀਜਾ, ਪੰਨਾ 290-291 'ਤੇ ਇਸ ਪ੍ਰਕਾਰ ਕਿਰਪਾ ਕਰਦੇ ਹਨ। ਇਹ ਪ੍ਰਵਚਨ ਉਨ੍ਹਾਂ ਨੇ ਬੰਕੌਕ ਵਿਖੇ 18-2-1945 ਦਿੱਤਾ ਸੀ-

........ਦੂਸਰੀ ਚੀਜ਼ ਮੈਂ ਨਾਲ ਹੀ ਅਰਜ਼ ਕਰਾਂ। ਜਿਸ ਵੇਲੇ ਮੱਖਣ ਲੁਬਾਣੇ ਨੇ ਗੁਰੂ ਤੇਗ ਬਹਾਦਰ ਨੂੰ ਲੱਭ ਲਿਆ, ਧੀਰ ਮੱਲ ਨੇ ਗੁਰੂ ਤੇਗ ਬਹਾਦਰ ਜੀ ਉੱਤੇ ਗੋਲੀ ਚਲਾਈ- ਉਹ ਨਾ ਲੱਗੀ। ਸਾਹਿਬ ਤਾਂ ਸਦਾ ਹੀ ਅਨੰਦ ਰੂਪ ਹਨ। ਉਹ ਕਹਿੰਦੇ ਹਨ, ਵਾਹ ਮੱਲ ਜੀ! ਵਾਹ ਮੱਲ ਜੀ!- ਕਹਿ ਕੇ ਚਲੇ ਗਏ। ਸਿੱਖਾਂ ਨੂੰ ਪਤਾ ਲੱਗਾ। ਮੱਖਣ ਸ਼ਾਹ ਦੇ ਨਾਲ ਦੋ ਢਾਈ ਸੌ ਜੁਆਨ ਸੀ। ਉਨ੍ਹਾਂ ਨੇ ਜਾ ਕੇ ਧੀਰ ਮੱਲ ਦਾ ਡੇਰਾ ਲੁੱਟ ਲਿਆ ਔਰ ਗ੍ਰੰਥ ਸਾਹਿਬ ਦੀ ਬੀੜ ਲੁੱਟ ਲਿਆਂਦੀ, ਨਾਲ ਹੀ ਲੈ ਆਏ। ਅਗਲੇ ਸੱਚੇ ਪਾਤਸ਼ਾਹ ਜੀ ਨੇ ਆਖਿਆ- ਏਥੇ ਝੇੜਾ ਛਿੜਦਾ ਹੈ। ਉਥੋਂ ਤੁਰ ਪਏ ਬਾਬੇ ਬਕਾਲਿਓਂ। ਬਿਆਸ ਦਰਿਆ ਪਾਰ ਜਿਸ ਵੇਲੇ ਲੱਗੇ ਕਰਨ,

ਤੇ ਦੇਖਿਆ ਮਗਰ।

ਕਹਿਣ ਲੱਗੇ, ਇਹ ਕੀ ਗੱਲ?

ਇਹ ਬੀੜ ਮਹਾਰਾਜ ਦੀ ਲਿਆਂਦੀ

ਕਹਿਣ ਲੱਗੇ, 'ਇਹ ਗੱਲ ਬੜੀ ਬੁਰੀ ਕੀਤੀ, ਤੁਸੀਂ ਨਹੀਂ ਸੀ ਇਹ ਲਿਆਉਣੀ ਉਹਦੇ ਕੋਲੋਂ।

'ਫੇਰ ਹੋਣਾ?' ਅਖੇ, 'ਬਿਆਸ ਦਰਿਆ ਵਿੱਚ ਅਮਾਨਤ ਧਰ ਦਿਓ। ਪਰ ਅਮਾਨਤ ਧਰਕੇ ਉਹਨੂੰ ਖ਼ਬਰ ਭੇਜ ਦਿਓ, ਬਈ ਅੱਠਾਂ ਪਹਿਰਾਂ ਤੋਂ ਅੰਦਰ-ਅੰਦਰ ਲੈ ਜਾਣ, ਨਹੀਂ ਫਿਰ ਠੀਕ ਨਹੀਂ ਰਹਿਣਾ ਕੰਮ।

ਸੁਨੇਹਾ ਭੇਜ ਦਿੱਤਾ, ਆਪ ਕਰਤਾਰਪੁਰ ਆ ਗਏ।

ਆਇਆ ਧੀਰ ਮੱਲ, ਲੱਗਿਆ ਕਿ ਬੀੜ ਨੂੰ ਕੱਢਣ। ਅਰਦਾਸਾ ਕਰਨ, ਚੁੱਭੀ ਮਾਰਨ, ਕੱਖ ਨਾ ਬਣੇ। ਅੱਠਾਂ ਦਾ ਅਰਦਾਸਾਂ ਕਰਨ, ਮਾਲਕ ਦਾ- ਮੌਕੇ ਦੇ ਦਾ ਨਾਂ ਨਾ ਲੈਣ ਗੁਰੂ ਤੇਗ ਬਹਾਦਰ ਦਾ। ਕਿਉਂ- ਨਾਨਕ ਤਾਂ ਉਸ ਜੋਤ ਵਿਚ- ਉਹਦੀ ਜੋਤ, ਨਾਨਕ ਦੀ ਜੋਤ, ਤਾਂ ਉਸ ਵੇਲੇ ਤੇਗ ਬਹਾਦਰ ਸੀ। ਇੱਕ ਸਿੱਖ ਸੀ, ਉਹਨੇ ਆਖਿਆ- ਗੁਰੂ ਦਾ ਨਾਂ ਲੈ, ਗੁਰੂ ਤੇਗ ਬਹਾਦਰ ਦਾ ਜੇ ਬੀੜ ਲੱਭ ਆਵੇ। ਜਦੋਂ ਪਹਿਲੀ ਵਾਰ ਚੁੱਭੀ ਮਾਰੀ ਤਾਂ ਹੱਥ ਲੱਗ ਗਿਆ, ਦੂਜੀ ਵੇਰ ਬੀੜ ਨਿਕਲ ਆਈ।'

**ਸਮੇਂ ਦਾ ਸਤਿਗੁਰੂ ਸਾਂਗ ਕਰਦਾ ਹੈ, ਉਸ ਨੂੰ ਕੋਈ ਪਕੜ ਨਹੀਂ ਸਕਦਾ**

ਸਮੇਂ ਦਾ ਸਤਿਗੁਰੂ ਕਿਸੇ ਦੇ ਅਧੀਨ ਨਹੀਂ ਹੁੰਦਾ, ਉਹ ਸਾਂਗ ਕਰਦਾ ਹੈ, ਉਹ ਲੋਕਾਈ ਨੂੰ ਨਾਮ ਜਪਾਉਂਦਾ ਹੈ। ਉਹ ਕਿਸੇ ਦੇ ਅਧੀਨ ਨਹੀਂ ਹੁੰਦਾ। ਉਹ ਮਾਨਵਤਾ ਦੇ ਭਲੇ ਲਈ ਸ਼ਹਾਦਤ ਵੀ ਦੇ ਸਕਦਾ ਹੈ ਅਤੇ ਇਕ ਅਕਾਲ ਪੁਰਖ ਦਾ ਨਾਮ ਜਪਾਉਂਦਾ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ 'ਲਾਲ ਏਹਿ ਰਤਨ' ਭਾਗ ਪਹਿਲਾ ਸਫ਼ਾ 215, 6-12-1948 ਨੂੰ ਇਸ ਪ੍ਰਕਾਰ ਪੂਰਨ ਸਤਿਗੁਰੂ ਬਾਰੇ ਪ੍ਰਵਚਨ ਕਰਦੇ ਹਨ-

'ਸਾਂਗ ਜਿਹੜਾ ਬਣਾਉਂਦੇ ਨੇ, ਉਸ ਨੂੰ ਪੂਰਾ ਕਰਦੇ ਨੇ। ਜੇ ਉਹ ਸਾਂਗ ਨੂੰ ਪੂਰਾ ਨਾ ਕਰਨ, ਗੁਰੂ ਅਰਜਨ ਦੇਵ ਨੂੰ ਕੌਣ ਸੀ ਤਵੀਆਂ ਤੇ ਵਹਾਉਣ ਵਾਲਾ? ਗੁਰੂ ਤੇਗ ਬਹਾਦਰ ਦਾ ਸਿਰ ਕੱਟਣ ਵੇਲੇ, ਓਦਣ ਮੇਰੀ ਗੱਲ ਵਿੱਚ ਹੀ ਰਹਿ ਗਈ ਸੀ- ਕੱਚੀ ਤੰਦ ਬੱਧੀ ਹੋਈ ਤਲਵਾਰ ਨੂੰ ਜਿਹੜੀ ਤਲਵਾਰੀ ਮਾਰੀ, ਸੀਸ ਅਲਹਿਦਾ ਹੋ ਗਿਆ ਤੰਦ ਨਹੀਂ ਕੱਟੀ ਗਈ। ਸਤਿਗੁਰਾਂ ਨੂੰ ਫੜ ਕੇ ਕੌਣ ਲਿਜਾ ਸਕਦੈ ਜੋ ਸਾਰੀ ਸ੍ਰਿਸ਼ਟੀ ਦਾ ਕਰਤਾ ਹੈ?.....

ਅੱਗੇ ਸਤਿਗੁਰੂ ਪ੍ਰਤਾਪ ਸਿੰਘ ਜੀ ਸਫ਼ਾ 387 'ਤੇ 3-3-1950 ਈ. ਨੂੰ ਕਿਰਪਾ ਕਰਦੇ ਹੋਏ ਪ੍ਰਵਚਨ ਕਰਦੇ ਹਨ-

ਸੰਤ ਜੀ ਕਹਿੰਦੇ ਹਨ ਜਿਸ ਵੇਲੇ ਗੁਰੂ ਅਰਜਨ ਦੇਵ ਨੇ ਭਾਣਾ ਵਰਤਾਇਆ, ਗੁਰੂ ਅਰਜਨ ਦੇਵ ਗਏ ਲਾਹੌਰ ਵਿਚ, ਤੱਤੀਆਂ ਤਵੀਆਂ 'ਤੇ ਬੈਠੇ- ਰੇਤ ਪਈ ਸੀਸ ਇਸ ਵਿੱਚ- ਦੇਗਾਂ ਵਿੱਚ ਉਬਾਲੇ, ਜਿਹੜੇ ਮੂਰਖ, ਅੰਨੇ ਲੋਕ ਹਨ, ਜਿਹੜੇ ਸਤਿਗੁਰੂ ਦੀ ਗਤਿ ਨੂੰ ਨਹੀਂ ਜਾਣ ਸਕਦੇ, ਗੁਰੂ ਤੇਗ ਬਹਾਦਰ ਸਾਹਿਬ- ਕਹਿੰਦੇ ਹਨ- ਔਰੰਗਜ਼ੇਬ ਨੇ ਪਕੜ ਲਏ। ਉਨ੍ਹਾਂ ਨੂੰ ਪਕੜਨ ਵਾਲਾ ਕੌਣ ਹੈ, ਜਿਹੜਾ ਸਾਰੀ ਸ੍ਰਿਸ਼ਟੀ ਨੂੰ ਛੁਡਾ ਸਕਦਾ ਹੈ। ਇਹ ਉਹਦੀ ਮੌਜ ਹੈ, ਇਹ ਉਹਦੀ ਖੇਡ ਹੈ, ਉਹ ਕੌਤਕ ਦਾ ਮਾਲਿਕ ਹੈ। ਉਹਦੀ ਜਿਸ ਤਰ੍ਹਾਂ ਰਜਾ ਹੈ ਉਹ ਆਪਣੀ ਖੇਡ ਨੂੰ ਕਰਦਾ ਹੈ।

ਚਾਦਰ ਧਰਮ ਦੁਨੀ ਕੇ ਕਾਦਰ।

ਦੁਨੀਆਂ ਰਚਣ ਵਾਲੇ, ਧਰਮ ਕੀ ਚਾਦਰ ਹਨ- ਗੁਰੂ ਤੇਗ ਬਹਾਦਰ ਸਾਹਿਬ।

ਫਿਰ ਸਤਿਗੁਰੂ ਪ੍ਰਤਾਪ ਸਿੰਘ ਜੀ ਅੱਗੇ ਜਾ ਕੇ 'ਲਾਲ ਏਹਿ ਰਤਨ' ਹਿੱਸਾ 4 ਬੰਕੌਕ 7-2-1955 ਈ. ਪੰਨਾ 108-109 ਤੇ ਕਿਰਪਾ ਕਰਦੇ ਹੋਏ ਪ੍ਰਵਚਨ ਕਰਦੇ ਹਨ-

ਗੁਰੂ ਤੇਗ ਬਹਾਦਰ ਦੇ ਕੀ ਲੱਗਦੇ ਸਨ ਹਿੰਦੂ? ਉਹਦਾ ਕੁਝ ਸੰਵਾਰਦੇ ਸਨ? ਉਹ ਮੌਜ਼ ਨਾਲ ਬੈਠ ਸਕਦੇ ਸਨ, ਉਹ ਬਾਦਸ਼ਾਹਤ ਭੋਗ ਸਕਦੇ ਸਨ। ਸਤਿਗੁਰੂ ਦਾ ਕੰਮ ਹੈ, ਸਤਿਗੁਰੂ ਦਾ ਸਰੀਰ ਜਿਹੜਾ ਉਹ ਬਣਾ ਕੇ, ਮਨੁੱਖਾ ਦੇਹ ਧਾਰ ਕੇ ਆਉਂਦਾ ਹੈ- ਉਹਦਾ ਹੋਰ ਕੋਈ ਕੰਮ ਨਹੀਂ। ਉਸ ਦੀ ਜ਼ਰੂਰ ਟੱਕਰ ਬਾਦਸ਼ਾਹਤ ਨਾਲ ਹੁੰਦੀ ਹੈ, ਬਾਦਸ਼ਾਹ ਜਦੋਂ ਜ਼ੁਲਮ ਕਰਨ, ਜੇ ਨਾ ਕਰਨ ਤੇ ਕੋਈ ਨਹੀਂ। ਤਾਂ ਉਨ੍ਹਾਂ ਨੇ ਜਿਸ ਵੇਲੇ ਜਨਮ ਸ਼ੁਰੂ ਕੀਤਾ, ਤੁਰਕ ਬਣਾਉਣ ਲੱਗੇ, ਮਹਾਰਾਜ ਗੁਰੂ ਗੋਬਿੰਦ ਸਿੰਘ ਸਾਹਿਬ ਕਹਿੰਦੇ ਹਨ-

**ਤਿਲਕ ਜੰਞੂ ਰਾਖਾ ਪ੍ਰਭ ਤਾਕਾ।**
**ਕੀਨੋ ਬਡੋ ਕਲੂ ਮਹਿ ਸਾਕਾ।**

-ਦਸਮ ਗਰੰਥ ਪੰਨਾ 54

ਇਹ ਕੁਝ ਕੁ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪ੍ਰਵਚਨਾਂ ਵਿੱਚੋਂ ਪ੍ਰਵਚਨ ਹਨ ਜਿਨ੍ਹਾਂ ਵਿੱਚ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜ਼ਿਕਰ ਆਉਂਦਾ ਹੈ। ਉਨ੍ਹਾਂ ਨੇ ਦਿੱਲੀ ਦੇ ਹਾਕਮ ਜ਼ਾਲਮ ਔਰੰਗਜ਼ੇਬ ਬਾਦਸ਼ਾਹ ਦੇ ਹਿੰਦੋਸਤਾਨ ਨੂੰ ਮੋਮਨਾਂ ਦਾ ਦੇਸ਼ ਬਣਨ ਵਿਰੁੱਧ ਸ਼ਹਾਦਤ ਦੇ ਕੇ ਹਿੰਦੂਆਂ 'ਤੇ ਇਕ ਅਹਿਸਾਨ ਕਰ ਦਿੱਤਾ ਸੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਅਨੁਸਾਰ ਤਿਲਕ ਜੰਞੂ ਦੀ ਰਾਖੀ ਕੀਤੀ ਅਤੇ ਕਲਿਯੁਗ ਮਹਾਨ ਸਾਕਾ ਵਰਤਾ ਦਿੱਤਾ।

........................................................

# ਗੰਜਨਾਮਾ- ਨੌਵੀਂ ਪਾਤਸ਼ਾਹੀ

- ਭਾਈ ਨੰਦ ਲਾਲ

**ਵਾਹਿਗੁਰੂ ਜੀਓ ਸਤ**
**ਵਾਹਿਗੁਰੂ ਜੀਓ ਹਾਜ਼ਰ ਨਾਜ਼ਰ ਹੈ**

**ਗੁਰੂ ਤੇ.ਗ ਬਹਾਦਰ ਆਂ ਸਰਾਪਾ ਅਫ਼ਜ਼ਾਲ ॥**
**ਜ਼ੀਨਤ-ਆਰਾਇ ਮਹਿਫ਼ਲਿ ਜਾਹੋ ਜਲਾਲ ॥੯੯॥**

ਗੁਰੂ ਤੇਗ ਬਹਾਦਰ ਸਿਰ ਤੋਂ ਪੈਰਾਂ ਤਕ ਉਚਾਈਆਂ ਅਤੇ ਵਡਿਆਈਆਂ ਦਾ ਭੰਡਾਰ ਹੈ, ਅਤੇ ਰੱਬ ਦੀ ਸ਼ਾਨੋ ਸ਼ੌਕਤ ਦੀ ਮਹਿਫ਼ਲ ਦੀ ਰੌਣਕ ਵਧਾਉਣ ਵਾਲਾ ਹੈ।

**ਅਨਵਾਰਿ ਹੱਕ ਅਜ਼ ਵਜੂਦਿ ਪਾਕਿਸ਼ ਰੌਸ਼ਨ ॥**
**ਹਰ ਦੋ ਆਲਮ ਜ਼ਿ ਫ਼ੈਜ਼ਿ ਫ਼ਜ਼ਲਸ਼ ਰੋਸ਼ਨ ॥੧੦੦॥**

ਸੱਚ ਦੀਆਂ ਕਿਰਨਾਂ ਉਸ ਦੇ ਪਵਿੱਤਰ ਵਜੂਦ ਸਦਕਾ ਰੌਸ਼ਨ ਹਨ, ਦੋਵੇਂ ਜਹਾਨ ਉਸ ਦੀ ਮਿਹਰ ਬਖ਼ਸ਼ਸ਼ ਨਾਲ ਰੌਸ਼ਨ ਹਨ।

**ਹੱਕ ਅਜ਼ ਹਮਾ ਬਰ-ਗੁਜ਼ੀਦਗਾਂ ਬਰਗੁਜ਼ੀਸ਼ ॥**
**ਤਸਲੀਮੋ ਰਿਜ਼ਾ ਰਾ ਨਿਕੋ ਸੰਜੀਦਸ਼ ॥੧੦੧॥**

ਰੱਬ ਨੇ ਸਾਰੇ ਚੋਣਵੇਂ ਪਤਵੰਤਿਆਂ ਵਿਚੋਂ ਉਸ ਨੂੰ ਚੁਣਿਆ, ਉਸ ਨੇ ਉਸ ਦਾ ਭਾਣਾ ਮੰਨਣ ਨੂੰ ਸਭ ਤੋਂ ਚੰਗਾ ਅਨੁਭਵ ਕੀਤਾ।

**ਬਰ ਹਰ ਮੁਕਬਲ ਕਬੂਲਿ ਖ਼ੁਦ ਅਰਜ਼ੂਦਸ਼ ॥**
**ਮਸਜੂਦੁਲ ਆਲਮੀਂ ਜ਼ਿ ਫ਼ਜ਼ਲਿ ਖ਼ੁੱਦ ਫ਼ਰਮੂਦਸ਼ ॥੧੦੨॥**

ਉਸ ਦਾ ਰੁਤਬਾ ਸਾਰਿਆਂ ਪਰਵਾਨ ਵੱਡਿਆਂ ਵਿਚ ਅਪਾਰ ਵੱਡਾ ਕੀਤਾ, ਅਤੇ ਉਸ ਨੂੰ ਆਪਣੀ ਕਿਰਪਾ ਨਾਲ ਦੋਹਾਂ ਜਹਾਨਾਂ ਦਾ ਪੂਜਨੀਕ ਬਣਾਇਆ।

**ਦਸਤਿ ਹਮਾ-ਗਾਂ ਬਜ਼ੈਲਿ ਅਫ਼ਜ਼ਾਲਿ ਊ ॥**
**ਬਰ ਸਰਿ ਅਨਵਾਰਿ ਇਲਮਿ ਹੱਕ ਕਾਲਿ ਊ ॥੧੦੩॥**

ਸਭਨਾਂ ਦਾ ਹੱਥ ਉਸ ਦੀਆਂ ਬਖ਼ਿਸ਼ਸ਼ਾਂ ਦੇ ਪੱਲੇ ਤੇ ਹੈ, ਉਸ ਦਾ ਸੱਚਾ ਬੋਲ ਗਿਆਨ ਦੇ ਨੂਰ ਤੋਂ ਉਚੇਰਾ ਹੈ।

.....................................................

# ਕਵਿਤਾ- ਸਾਕਾ ਲਾਲ ਝੱਖੜ

**ਬਲਵਿੰਦਰ ਸਿੰਘ ਸੰਧੂ**



ਚੌਦਾਂ ਵਰ੍ਹਿਆਂ ਦੀ ਆਯੂ ਵੀ ਕੀ ਹੁੰਦੀ
ਖੇਡਣ ਮੱਲਣ ਖਾਣ ਪੀਣ ਵਿਚ ਹੀ ਲੱਗੀ ਰਹਿੰਦੀ
ਜੁਲਮ ਨਾਲ ਆਢਾ ਲਾਉਣਾ ਤੇ ਮੈਦਾਨੇ ਫਤਿਹ ਪਾਉਣਾ
ਕਦੇ ਸੋਚਿਆ ਵੀ ਨਾ ਹੁੰਦਾ....

ਪਰ ਗੁਰੂ ਪਿਤਾ ਹਰਗੋਬਿੰਦ ਨੇ ਕੀ ਸੋਚਿਆ
ਕਿ ਕਰਤਾਰਪੁਰ ਦੀ ਜੰਗ 'ਚ
ਸਭ ਤੋਂ ਛੋਟੇ ਪੁੱਤ ਤਿਆਗ ਮੱਲ ਨੂੰ
ਖੂਨੀ ਹੋਲਾ ਮਹੱਲਾ ਖੇਡਣ ਤੋਰ ਦਿੱਤਾ
ਤੇ ਫੁਰਮਾਨ ਕੀਤਾ, ਜੇ ਗੰਗਾ ਦਾ ਪੋਤਾ ਏਂ
ਤਾਂ ਪੈਂਦੇ ਖਾਂ ਦੀ ਵਾਹਰ ਨੂੰ ਚਿੱਤ ਕਰਨੈ,
ਬੇਰੰਗ ਨਹੀਂ ਮੁੜਨੈਂ...

ਤਿਆਗ ਮੱਲ ਜੋ ਹੱਡਾਂ ਦਾ ਸੂਰਬੀਰ ਤੇ
ਸ਼ਮਸੀਰ ਦਾ ਮਹਾਂਬੀਰ ਸੀ
ਉਸ ਰਣਤੱਤੇ 'ਚ ਐਸੇ ਜੌਹਰ ਦਿਖਾ ਦਿੱਤੈ
ਕਿ ਪਿਤਾ ਦੀਆਂ ਆਸਾਂ 'ਤੇ ਦੂਣੇ ਚੌਣੇ ਫੁੱਲ ਚੜ੍ਹਾ ਦਿੱਤੇ..

ਪਿਤਾ ਖੁਸ਼ ਹੋਏ, ਕਲਾਵੇ 'ਚ ਲੈਂਦਿਆਂ ਬਖਸ਼ਿਸ਼ ਕੀਤੀ
ਤੂੰ ਅੱਜ ਤੋਂ ਤਿਆਗ ਮੱਲ ਨਹੀਂ,
ਤੇਗ ਦਾ ਧਨੀ, ਤੇਗ ਬਹਾਦਰ ਏਂ
ਤੇ ਕੱਲ੍ਹ ਨੂੰ ਹਿੰਦ ਦੀ ਚਾਦਰ ਵੀ ਤੂੰ ਹੋਣੈ .....

ਪਰ ਪੁੱਤ ਦਾ ਕੋਮਲ ਚਿੱਤ
ਖੂਨੀ ਮੰਜ਼ਰ ਦੇਖ ਪਸੀਜਿਆ ਗਿਆ
ਪਿਤਾ ਦੀ ਹੱਲਾਸ਼ੇਰੀ 'ਤੇ ਰੀਝਿਆ ਨਾ ਰਿਹਾ...
ਉਂਝ ਵੀ ਬਹਾਦਰ ਐਸੇ ਸੁਦਾਗਰ ਨਾ ਹੁੰਦੇ
ਜੋ ਪੁਰਖਿਆਂ ਦੀ ਗੱਡੀ ਮੋੜ੍ਹੀ 'ਤੇ ਹੀ ਟਿਕੇ ਰਹਿੰਦੇ
ਅੱਗੇ ਪੈਰ ਨਾ ਪਾਉਂਦੇ.....

ਤੇਗ ਦੇ ਧਨੀ ਤੇਗ ਬਹਾਦਰ ਨੇ ਓਸ ਘੜੀ
ਹੱਥਲੀ ਤੇਗ ਨੂੰ ਦਰ ਕਿਨਾਰ ਕੀਤਾ
ਨਾਨਕ ਘਰ ਦੀ ਪੋਥੀ ਨੂੰ ਸਤਿਕਾਰ ਦਿੱਤਾ
ਸਾਲਮ ਆਪਾ, ਸ਼ਬਦ ਤੋਂ ਵਾਰ ਦਿੱਤਾ....
ਪੁਰਖਿਆਂ ਦਾ ਸ਼ਬਦ:

'ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥ '
ਘੁਟ ਘੁਟ ਕਰਕੇ ਪੀਤਾ,ਰਸ ਨੂੰ ਕੰਠ ਕੀਤਾ.....

ਵਰ੍ਹਿਆਂ ਦੀ ਸ਼ਬਦ ਸਾਧਨਾ ਰੰਗ ਲਿਆਈ
ਬਾਬੇ ਬਕਾਲਿਓਂ ਜੋਤ ਪ੍ਰਗਟ ਹੋਈ
ਪ੍ਰਗਟ ਜੋਤ ਨੇ ਮਾਖੋਵਾਲ ਵੱਲੇ ਮੁਖ ਕਰਿਆ
ਪਹਾੜੀਆਂ ਦੇ ਪੈਰ, ਸਤਿਲੁਜ ਕੇ ਗੈਲ
ਨਾਨਕੀ ਦੇ ਨਾਂ ਦਾ ਚੱਕ ਧਰਿਆ.......

ਅਨੰਦਪੁਰ ਦੀ ਹਸਤੀ ਦੀ ਗੱਲ ਤੁਰੀ
ਹਵਾ ਤੁਰਦੀ ਤੁਰਦੀ ਕਸ਼ਮੀਰ ਦੀਆਂ ਵਾਦੀਆਂ 'ਚ ਜਾ ਵਗੀ
ਜਿਥੇ ਬਹਿਸ਼ਤ ਦਾ ਆਂਚਲ ਪਰ ਜੁਲਮ ਦਾ ਸਿੱਤਮ ਸੀ
ਸਰਕਾਰ ਦਾ ਈਜਾਦ ਕੀਤਾ ਮਜ਼ਹਬ ਸੀ
ਕਤਲ ਨਹਾਇਤ ਸੀ, ਜੋ ਇਸ ਮਜ਼ਹਬ ਤੋਂ ਨਾਬਰ ਸੀ..

ਵਾਦੀ ਵੱਸਦੇ ਨਿਤਾਣਿਆਂ ਨੂੰ
ਬਚਾਅ ਪਨਾਹਗਾਹ ਲਈ ਅਨੰਦਪੁਰ ਯਾਦ ਆਇਆ
ਗੁਰੂ ਨੇ ਆਈ ਜੋਦੜੀ ਨੂੰ ਗਲ ਲਾਇਆ
ਨਿਓਟਿਆਂ ਦਾ ਵਫਦ ਚੱਕ ਨਾਨਕੀ ਚੱਲ ਧਾਇਆ...

ਗੁਰੂ ਨੇ ਗੋਦ 'ਚ ਬੈਠੇ ਬਾਲ ਗੋਬਿੰਦ ਦੀ
ਰਮਜ਼ ਨੂੰ ਜਾਣਿਆ, ਵਾਕ ਉਚਾਰਿਆ :
ਜੋ ਸਰਣਿ ਆਵੈ, ਤਿਸੁ ਕੰਠਿ ਲਾਵੈ....

**ਬਾਕੀ ਸਫ਼ਾ ਨੰ. 53 'ਤੇ**

# ਬੀਤੇ ਦੀਆਂ ਪੈੜਾਂ- ਕਵੀ ਪ੍ਰੀਤਮ ਸਿੰਘ

## (ਅਣਛਪਿਆ-ਭਾਗ)

### (ਪਿਛਲੇ ਅੰਕ ਤੋਂ ਅੱਗੇ)

ਅੱਜ ਮੈਂ ਇਹਨਾਂ ਦੇ ਰੁਝੇਵੇਂ ਬਾਰੇ ਜਾਨਣਾ ਚਾਹਿਆ ਤਾਂ ਸ਼੍ਰੀਮਾਨ ਜੀ ਨੇ ਦੱਸਿਆ ਕਿ ਅੱਜ ਕੱਲ੍ਹ ਤਾਂ ਮੈਂ ਕੇਵਲ ਦੋ ਢਾਈ ਘੰਟੇ ਹੀ ਦਿਨ-ਰਾਤ ਵਿੱਚ ਆਰਾਮ ਕਰਦਾ ਹਾਂ। ਏਨੇ ਧੰਧੇ ਗ੍ਰਸਤ ਹੋਣ ਦੇ ਬਾਵਜੂਦ ਬੋਲਚਾਲ ਦੀ ਮਿੱਠਤ ਅਤੇ ਧੀਰਜ-ਧਰਵਾਸ ਜਿਉਂ ਕੀ ਤਿਉਂ ਹੈ।

ਸੇਠ ਸੁਰੰਮ੍ਰਿਤ ਸਿੰਘ ਚਾਵਲਾ - ਇਹ ਲਿਖਣ ਲੱਗਿਆਂ ਮੈਨੂੰ ਉਹ ਵਿਅਕਤੀ ਦਾ ਨਾਮ ਚੇਤੇ ਨਹੀਂ ਆ ਰਿਹਾ, ਜਿਸਨੇ ਮੈਨੂੰ ਹੇਠ ਲਿਖੀ ਜਾਣਕਾਰੀ ਦਿੱਤੀ। ਉਸ ਮੈਨੂੰ ਦੱਸਿਆ ਕਿ ਜਿਸ ਵਿਅਕਤੀ ਦੇ ਬੰਗਲੇ ਸ੍ਰੀ ਸਤਿਗੁਰੂ ਜੀ ਦੀ ਅਤੇ ਆਪ ਜੀ ਨਾਲ ਆਏ ਸਾਰੇ ਜਥੇ ਦੀ ਰਿਹਾਇਸ਼ ਹੈ, ਉਹ ਆਪਣੇ ਭਰਾਵਾਂ ਤੋਂ 5 ਗੁਣਾਂ ਵੱਧ ਪ੍ਰਭਾਵਸ਼ਾਲੀ ਹੈ। ਐਸ ਵੇਲੇ ਉਹ ਥਾਈਲੈਂਡ ਦੇ 20 ਸਭ ਤੋਂ ਵੱਡੇ ਧਨਾਢ ਘਰਾਣਿਆਂ ਅਰਥਾਤ ਧਨ-ਕੁਬੇਰਾਂ ਵਿੱਚੋਂ ਇੱਕ ਹੈ। 13 ਵੱਖ-ਵੱਖ ਕੰਪਨੀਆਂ ਨੂੰ ਰੋਜ਼ਾਨਾ ਕੰਟਰੋਲ ਕਰਦਾ ਹੈ। ਰਾਤੀਂ 11-12 ਵਜੇ ਹੀ ਉਸਨੂੰ ਘਰ ਪਰਤਣ ਦਾ ਵਿਹਲ ਮਿਲਦਾ ਹੈ। ਭਾਰਤ ਵਿੱਚ ਟ੍ਰੇਡਰਜ਼ ਬੈਂਕ, ਜਿਸਨੂੰ ਨਾਮਧਾਰੀਆਂ ਵਿੱਚ ਸ਼ੁਹਰਤ ਹਾਸਲ ਹੈ, ਏਸੇ ਦੀ ਭਾਈਵਾਲੀ ਨਾਲ ਚੱਲਦਾ ਹੈ। ਸੇਠ ਤਰਲੋਕ ਸਿੰਘ ਵਾਲੇ ਪੁਰਾਣੇ ਗੁੜਗਾਓਂ ਫਾਰਮ ਵਿੱਚ, ਜੋ ਅੱਜ ਕਲ ਮਨਚੰਦਾ-ਹੰਸਪਾਲ ਦੇ ਜੋੜ ਨਾਲ ਸੰਬੰਧਤ ਹੈ, ਅੱਧ ਸੇਠ ਸੁਰੰਮ੍ਰਿਤ ਸਿੰਘ ਦਾ ਹੈ। ਮੈਨੂੰ ਸੇਠ ਸੁਰੰਮ੍ਰਿਤ ਸਿੰਘ, ਗੁਰਦੀਪ ਸਿੰਘ ਅਤੇ ਧਰਮ ਸਿੰਘ ਤਿੰਨੇ ਭਾਈ ਸੇਠ ਗੁਰਬਖਸ਼ ਸਿੰਘ 'ਪ੍ਰੀਤਮ' ਦੇ ਲੜਕੇ ਹੋਣ ਨਾਤੇ ਆਪਣੇ-ਆਪਣੇ ਜਾਪਦੇ ਹਨ।

**ਜਾਣਾ ਫੇਰ ਅਗਾਂਹ ਤੇ –** ਦੇਸ਼ ਵਿੱਚੋਂ ਤੁਰਦਿਆਂ ਸ੍ਰੀ ਸਤਿਗੁਰੂ ਜੀ ਦੀ ਵਾਪਸੀ ਦਾ ਪ੍ਰੋਗਰਾਮ, ਸਮੇਤ ਨਾਲ ਦੇ ਜਥੇ ਦੇ, 18-9-1986 ਦਾ ਸੀ ਪਰ ਫਿਰ 21-9-86 ਤੱਕ ਦਾ ਵਾਧਾ ਹੋ ਗਿਆ ਅਤੇ ਅੱਜ ਪਤਾ ਲੱਗਾ ਹੈ ਕਿ ਸਾਡਾ ਦੇਸ਼ ਨੂੰ ਜਾਣਾ 25-9-86 ਤੇ ਜਾ ਪਿਆ ਹੈ। ਜਿਨ੍ਹਾਂ ਦੇ ਘਰੀਂ ਚਰਨ ਨਹੀਂ ਪਏ, ਉਨ੍ਹਾਂ ਨੂੰ ਸੁਣ ਕੇ ਖੁਸ਼ੀ ਹੋਈ ਹੈ।

ਇਸ ਖ਼ਬਰ ਤੇ ਟਿੱਪਣੀ ਕਰਦਿਆਂ ਸੇਠ ਜਗਦੀਸ਼ ਸਿੰਘ ਨਰੂਲਾ ਨੇ ਆਖਿਆ : ਪੰਜ ਜਣਿਆਂ ਨੇ ਸਾਨੂੰ ਸਭ ਨੂੰ ਮੂਰਖ ਬਣਾਇਆ ਹੋਇਆ ਹੈ। ਮੈਂ ਇਹ ਜਾਣਨਾ ਚਾਹਿਆ ਕਿ ਉਹ ਭੱਦਰ-ਪੁਰਸ਼ ਕੌਣ-ਕੌਣ ਹਨ ਤਾਂ ਨਰੂਲਾ ਜੀ ਨੇ ਉੱਕਾ ਨਾ ਦੱਸਣ ਵਾਲੀ ਖਾਮੋਸ਼ੀ ਧਾਰ ਲਈ।

**ਸਵਰਗਵਾਸੀ ਸਕੱਤਰ ਦੀ ਯਾਦ ਵਿੱਚ ਮੇਲਾ** - ਅੱਜ ਧਰਮਸਾਲਾ 55 ਦਾ ਸਾਰਾ ਪ੍ਰੋਗਰਾਮ ਨਾਮਧਾਰੀ ਸੰਗਤ ਥਾਈਲੈਂਡ ਦੇ ਸਵਰਗਵਾਸੀ ਸਕੱਤਰ ਸ. ਸੁਰਿੰਦਰ ਸਿੰਘ ਯੂਨੀਕੋ ਵਾਲਿਆਂ ਦੀ ਯਾਦ ਵਿੱਚ ਉਹਨਾਂ ਦੇ ਸਪੁੱਤਰ ਸ. ਸੁਰਜੀਤ ਸਿੰਘ ਮਾਰਡਨ ਏਅਰ ਏਜੰਸੀ ਵੱਲੋਂ ਤੇ ਉਨ੍ਹਾਂ ਦੀ ਪਤਨੀ ਬੀਬੀ ਰਣਜੀਤ ਕੌਰ ਵੱਲੋਂ ਹੈ।

ਸ੍ਰੀ ਸਤਿਗੁਰੂ ਜੀ ਨੇ 5 ਵਜੇ ਨਾਮ ਸਿਮਰਨ ਦੀ ਅਰਦਾਸ ਸਮੇਂ ਦੀਵਾਨ ਵਿੱਚ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸਾਧ ਸੰਗਤ ਹੁੰਮ-ਹੁੰਮਾ ਕੇ ਪੁੱਜੀ ਹੋਈ ਸੀ। ਨਿਤਨੇਮ ਦੀ ਸਮਾਪਤੀ ਸਮੇਂ ਤੱਕ 8 ਪਾਠਾਂ ਦੇ ਭੋਗ ਵੀ ਪਾਏ ਗਏ।

ਅੱਜ ਕੀਰਤਨ ਦੀ ਅਰੰਭਤਾ ਬੈਂਕੋਕ ਦੇ ਪ੍ਰਸਿੱਧ ਕਵੀ ਸ. ਕੇਹਰ ਸਿੰਘ 'ਕੇਹਰ' ਦੇ ਸ਼ਬਦ : 'ਜੇ ਤੂ ਮਿਤ੍ਰੁ ਅਸਾਡੜਾ ਹਿਕ ਭੋਰੀ ਨਾ ਵੇਛੋੜਿ' ਨਾਲ ਹੋਇਆ। ਧਰੁਪਦ ਨੁਮਾ ਬੰਦਸ਼ ਪਿੰਕੀ ਦੀ ਸੰਗਤ ਨਾਲ ਗੰਵੀਂ ਗਈ। ਗੁਰੂ ਕੇ ਰਾਗੀਆਂ ਨੇ ਮਲ੍ਹਾਰ ਵਿੱਚ ਗੰਵਿਆ :

-ਹਾਂ ਹਾਂ ਲਪਟਿਓ ਰੇ ਮੂੜੇ........

-ਬੂੰਦਨ ਮੇਘ ਭਲੀ ਛਬਿ ਪਾਈ॥

ਪ੍ਰਸ਼ਾਦ ਦੀ ਸੁਵੰਨਤਾ - ਥਾਈਲੈਂਡ ਵਿੱਚ ਸਾਧ ਸੰਗਤ ਸ੍ਰੀ ਸਤਿਗੁਰੂ ਜੀ ਨੂੰ ਨਮਸਕਾਰ ਸਮੇਂ ਗੁਰੂ ਜੀ ਤੇ ਸਾਧ ਸੰਗਤ ਦੀ ਵਰਤੋਂ ਲਈ ਹੇਠ ਲਿਖੀਆਂ ਵਸਤਾਂ ਭੇਟਾ ਧਰਦੀ ਹੈ-

ਫਲ ਹਰ ਪ੍ਰਕਾਰ ਦੇ, ਫੁੱਲ, ਮਿਸ਼ਰੀ, ਇਲਾਇਚੀ, ਚੀਨੀ ਦੀਆਂ ਟਿੱਕੀਆਂ ਦੇ ਪੈਕਟ, ਦੁੱਧ ਦੇ ਪੈਕਟ ਅਤੇ ਕਰੇਟ, ਪਿਸਤਾ, ਬਦਾਮ, ਕਾਜੂ, ਲੱਡੂ, ਟਾਫੀਆਂ, ਬਸਤਰ, ਆਦਿ।

ਆਮ ਕਰਕੇ ਸੂਬਾ ਕਿਰਪਾਲ ਸਿੰਘ ਜੀ ਇਹ ਪਦਾਰਥ ਮੱਥਾ ਟੇਕਣ ਵਾਲੇ ਹਰ ਵਿਅਕਤੀ ਨੂੰ ਇੱਕ ਇੱਕ ਕਰਕੇ ਵੰਡਦੇ ਰਹਿੰਦੇ ਹਨ। ਵਧੇਰੇ ਦੁੱਧ-ਫਲ ਹੋਣ ਤਾਂ ਗੁਰੂ ਕੇ ਡੇਰੇ, ਨਾਲ ਆਏ ਜਥੇ ਵਾਸਤੇ ਭੇਜ ਦਿੱਤੇ ਜਾਂਦੇ ਹਨ।

ਸੰਤ ਹਰਬੰਸ ਸਿੰਘ ਘੁੱਲਾ - ਹਜ਼ੂਰੀ ਰਾਗੀ ਸੰਤ ਦਰਸ਼ਨ ਸਿੰਘ ਦਾ ਲੜਕਾ ਜੋ ਹੁਣ ਖੁਦ ਹਜ਼ੂਰੀ ਰਾਗੀ ਕਰਕੇ

ਜਾਣਿਆ ਜਾਂਦਾ ਹੈ, ਸੰਤ ਹਰਬੰਸ ਸਿੰਘ ਘੁੱਲਾ, ਜਦੋਂ ਵੀ ਇਹ ਕੀਰਤਨ ਕਰਕੇ ਹਟਦਾ ਹੈ, ਇਹਨਾਂ ਦੇ ਜਥੇ ਨੂੰ ਜਿੰਨੀ ਮਾਇਆ ਭੇਟ ਹੁੰਦੀ ਹੈ, ਸੰਗਤ ਵਲੋਂ, ਇਹ ਓਨੀ ਹੀ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਤੇ ਲਿਆ ਭੇਟਾ ਕਰਦਾ ਹੈ। ਮੈਂ ਇਸ ਉਦਾਰਤਾ ਬਾਰੇ ਜਾਣਨਾ ਚਾਹਿਆ ਤਾਂ ਹਰਬੰਸ ਸਿੰਘ ਨੇ ਨਿਮਰਤਾ ਤੇ ਦ੍ਰਿੜਤਾ ਪੂਰਵਕ ਆਖਿਆ : ਮੈਂ ਜੇ ਮੱਥਾ ਟੇਕ ਦਿੰਦਾ ਹਾਂ ਤਾਂ ਇਹ ਨਹੀਂ ਕਿ ਮੈਨੂੰ ਕੁਛ ਨਹੀਂ ਪ੍ਰਾਪਤ ਹੁੰਦਾ। ਸੱਚੇ ਪਾਤਸ਼ਾਹ ਜੀ ਸਦਾ ਹੀ ਮੇਰੇ ਦਿੱਤੇ ਤੋਂ ਮੈਨੂੰ ਵੱਧ ਹੀ ਬਖਸ਼ ਦਿੰਦੇ ਹਨ। ਇਹ ਤਾਂ ਇੱਕ ਮਰਿਆਦਾ ਹੀ ਹੈ ਜਿਹੜੀ ਮੈਂ ਪੂਰਣ ਕਰਦਾ ਹਾਂ। ਇਸ ਕਾਰਜ ਨਾਲ ਮੇਰੀ ਦੋਹਰੀ ਪ੍ਰਾਪਤੀ ਹੋ ਜਾਂਦੀ ਹੈ, ਇੱਕ ਤਾਂ ਮੈਂ ਇਸ ਨਾਲ ਬੜਾ ਤਿਆਗੀ ਪ੍ਰਤੀਤ ਹੁੰਦਾ ਹਾਂ, ਦੂਜਾ ਸ੍ਰੀ ਸਤਿਗੁਰੂ ਜੀ ਵਲੋਂ ਸਾਡੀ ਮਦਦ ਕਿਤੇ ਵਧ ਕੇ ਹੋ ਜਾਂਦੀ ਹੈ। ਸਾਨੂੰ ਸਤਿਗੁਰੂ ਜੀ ਨੂੰ ਸ਼ਬਦ-ਭੇਟਾ ਮੱਥਾ ਟੇਕਦਿਆਂ ਭੋਰਾ ਭਰ ਵੀ ਰੜਕ ਨਹੀਂ ਪੈਦਾ ਹੁੰਦੀ।

**ਲੰਗਰ ਸ. ਸੁਰਿੰਦਰ ਸਿੰਘ ਨਮਿਤ –** ਅੱਜ ਸਾਧ ਸੰਗਤ ਦਾ ਸ਼ਾਮ ਦਾ ਲੰਗਰ ਬੀਬੀ ਰਣਜੀਤ ਕੌਰ ਅਤੇ ਸ. ਸੁਰਜੀਤ ਸਿੰਘ ਵਲੋਂ ਸ. ਸੁਰਿੰਦਰ ਸਿੰਘ ਸਕੱਤਰ ਨਾਮਧਾਰੀ ਸੰਗਤ ਥਾਈਲੈਂਡ ਵਾਲਿਆਂ ਦੇ ਨਮਿਤ ਕੀਤਾ ਗਿਆ। ਸਾਧ ਸੰਗਤ ਨੇ ਸਾਰੇ ਛਕਣ ਪਦਾਰਥ ਪੂਰੀ ਤ੍ਰਿਪਤੀ ਨਾਲ ਛਕੇ।

ਸ੍ਰੀ ਸਤਿਗੁਰੂ ਜੀ ਏਥੋਂ ਉੱਠਕੇ ਡੇਰੇ ਅਤੇ ਕੁਛ ਛਕਣ ਛਕਾਣ ਉਪਰੰਤ ਖੇਡਣ ਵਾਲੀ ਥਾਂ ਤੇ ਪਧਾਰੇ ਜਿੱਥੇ ਉਹਨਾਂ ਦੇ ਨੌਜਵਾਨ ਪਿਆਰੇ ਉਨ੍ਹਾਂ ਨਾਲ ਵਾਲੀਬਾਲ ਖੇਡਣ ਦੇ ਇੰਤਜ਼ਾਰ ਵਿੱਚ ਸਨ।

**ਦੋ ਘੰਟੇ ਸਚਿਆਨ ਕੋਰਟ ਤੇ –** ਸ੍ਰੀ ਸਤਿਗੁਰੂ ਜੀ ਤਾਂ ਖੇਡ ਵਾਲੇ ਸਟੇਡੀਅਮ ਵਿੱਚ ਜਾ ਡਟੇ। ਮਗਰ ਕੁਛ ਸਰੀਰ ਗਿਆਨੀ ਹਰਬੰਸ ਸਿੰਘ ਦੇ ਪਿਆਰ ਅਤੇ ਸ. ਸੁਰਜੀਤ ਸਿੰਘ ਜੀ ਦੇ ਉੱਦਮ ਦਾ ਲਾਭ ਉਠਾਉਣ ਹਿਤ ਉਨ੍ਹਾਂ ਦੇ ਨਵੇਂ ਫਲੈਟਾਂ, ਸਚਿਆਨ ਕੋਰਟ ਦੀ ਚੌਧਵੀਂ ਛੱਤੇ ਜਾ ਸੰਗੀਤ ਸਭਾ ਛੋਹੀ। ਸ. ਆਜ਼ਾਦ ਨੂੰ ਸ਼ੌਕ ਹੈ ਕਿ ਉਹ ਹਰ ਕਲਾਕਾਰ ਨੂੰ ਟੇਪ ਬੰਦ ਕਰ ਲੈਂਦਾ ਹੈ, ਜੋ ਉਹਦੇ ਸੰਪਰਕ ਵਿੱਚ ਆਏ। ਦੋ ਕਲਾਕਾਰ ਇਸਤਰੀਆਂ ਬੈਂਕੋਕ ਤੋਂ, ਇੱਕ ਭਾਰਤੀ ਤੇ ਇੱਕ ਅਮਰੀਕਨ, ਇੱਕ ਗਾਇਕ ਪਾਕਿਸਤਾਨ ਤੋਂ ਅਤੇ ਪਰਵਾਨਾ, ਘੁੱਲਾ-ਪਿੰਕੀ ਆਦਿ ਅੱਜ ਦੀ ਸਭਾ ਦਾ ਸ਼ਿੰਗਾਰ ਬਣੇ। ਮੈਂ ਸਰੋਤਾ ਤੇ ਸਾਂ ਹੀ ਨਾਲ ਹੀ ਕਲਾਕਾਰਾਂ ਦਾ ਪੇਸ਼ਕਾਰ ਵੀ ਸਾਂ। ਇੱਥੇ ਕੁਛ ਸੂਝਵਾਨ ਸਰੋਤੇ ਮੌਜੂਦ ਸਨ। ਗਿਆਰਾਂ ਵਜੇ ਤੱਕ ਇਹ ਸਭਾ ਸਮਾਪਤ ਹੋਈ।

**ਚਲਦਾ.......**

**ਬਾਕੀ ਸਫ਼ਾ ਨੰ. 51 ਦੀ (ਕਵਿਤਾ)**

ਪੁੱਤ ਨੂੰ ਅਸੀਸ ਦੇ, ਕੁਝ ਪਿਆਰੇ ਨਾਲ ਲੈ
ਰਾਹਾਂ ਨੂੰ ਸਰਸ਼ਾਰ ਕਰਦੇ, ਸੁੱਕੇ ਤਲਾਬ ਭਰਦੇ
ਗੁਰੂ ਜੀ ਮਕਤਲੇ ਮੈਦਾਨ ਆਪ ਆਣ ਪਹੁੰਚੇ....

ਬਚਨ ਬਿਲਾਸ ਹੋਇਆ
ਪਰ ਜ਼ਿੱਦ ਦਾ ਜਾਇਆ, ਜ਼ੁਲਮ ਨੂੰ ਪ੍ਰਣਾਇਆ
ਬਾਦਸ਼ਾਹ ਟੱਸ ਤੋਂ ਮੱਸ ਨਾ ਹੋਇਆ
ਸਾਹ ਤਾਂ ਆਇਆ, ਜਾ ਕਾਜੀਆਂ ਨੇ ਫਤਵਾ ਕਹਿ ਸੁਣਾਇਆ

ਮਤੀ ਦਾਸ ਦੀ ਦੇਹ 'ਤੇ ਚਲਦਾ ਆਰਾ
ਦੇਗ 'ਚ ਉਬਲਦਾ ਭਾਈ ਦਿਆਲਾ
ਤੇ ਸਤੀਦਾਸ ਲੋਗੜ 'ਚ ਸਤੀ ਹੁੰਦਾ
ਗੁਰੂ ਜੀ ਨੇ ਬੰਦ ਪਿੰਜਰੇ 'ਚੋਂ ਆਪ ਦੇਖਿਆ
ਸਿਦਕ ਸਬਰ ਨਾਲ ਆਪਣੀ ਵਾਰੀ ਨੂੰ ਉਡੀਕਿਆ....

ਅਖੀਰ ਪਿੰਜਰਾ ਖੁੱਲ੍ਹਿਆ ਲਾਲ ਝੱਖੜ ਝੁੱਲਿਆ
ਜੱਲਾਦ ਜਲਾਲਦੀਨ ਨੇ ਤਲਵਾਰ ਦਾ ਵਾਰ ਕੀਤਾ
ਸੀਸ ਵੱਖ ਹੋਇਆ, ਪਿਆਸੀ ਧਰਤ ਤੇ ਖੂਨ ਡੁੱਲ੍ਹਿਆ
ਤੇ ਜਲਾਲਦੀਨ ਤੋਂ ਆਪਣੇ ਹਿੱਸੇ ਦਾ ਭਾਰ ਝੱਲ ਨਾ ਹੋਇਆ

ਜਲਾਦ ਦੇ ਦਿਲ ਦੇ ਨਾਲ ਨਾਲ
ਦਿੱਲੀ ਦਾ ਦਿਲ ਵੀ ਦਹਿਲ ਗਿਆ
ਓਹ ਵਾਹੋਦਾਹੀ ਜਾਮਾ ਮਸਜਿਦ ਨੂੰ ਭੱਜ ਉਠਿਆ
ਲੁਕਾਈ ਦੀ ਵੇਦਨਾ ਨੇ ਅਸਮਾਨ ਚੀਰ ਸੁੱਟਿਆ
ਤੇ ਓਧਰ ਚੱਕ ਨਾਨਕੀ ਬੈਠੇ ਪੁੱਤ ਨੇ
ਤੀਰ ਦੀ ਨੋਕ ਨਾਲ ਧਰਤ ਦੀ ਫਰਦ 'ਤੇ ਉਕਰਿਆ:
'ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥
ਕੀਨੋ ਬਡੋ ਕਲੂ ਮਹਿ ਸਾਕਾ॥
ਸਾਧਨ ਹੇਤਿ ਇਤੀ ਜਿਨਿ ਕਰੀ
ਸੀਸੁ ਦੀਯਾ ਪਰੁ ਸੀ ਨ ਉਚਰੀ॥'

ਜੰਗੇ ਮੈਦਾਨ 'ਚ ਤੇਗ ਦੇ ਧਨੀ ਹੋਣਾ ਤਾਂ ਸੂਰਮਿਆਂ ਦਾ ਕਰਮ ਏ
ਐਪਰ ਲੁਕਾਈ ਖੁਦਾਈ ਖਾਤਰ ਤੇਗ ਨਾਲ ਬਲੀਦਾਨ ਦੇਣਾ
ਮਹਾਂਪੁਰਖਾਂ ਦਾ ਧਰਮ ਹੈ...
ਗੁਰੂ ਜੀ ਤਾਂ ਦੋਹਾਂ ਤੇਗਾਂ ਦੇ ਵਾਲੀ, ਤੇਗ ਬਹਾਦਰ ਸਨ
ਤੇਗ ਵਾਹੁਣਾ ਵੀ ਜਾਣਿਆ
ਤੇ ਤੇਗ ਨਾਲ ਸ਼ਹੀਦ ਹੋਣਾ ਵੀ ਮਾਣਿਆ ..!!

# A Saga Of Sri Satguru Jagjit Singh Ji

- Dr. Sharada Jayagovind

Patsha ji's contribution to the success of Pandits Rajan Mishra and Sajan Mishra as musicians is well known, yet worth recalling. Pandit Rajan Mishra was a young upcoming musician when he met Patsha ji in 1973 in Delhi. One of the organizers of Satguru Partap Singh Music Sammelan asked Rajan Mishra :

“Will you sing in our Sammelan?”

Rajan Mishra was very happy to get this opportunity an agreed to do so. After listening to Rajan Mishra, Patsha the young man:

"Where are you living and what are you doing for a livelihood?”

Rajan Mishra replied:

“I live next to the Mandir of Sant Kabir in Delhi. I work as an HR officer trainee at Delhi Cloth Mills.”

Patsha ji said:

“Kabir ji's kirpa is on you. How much does the company pay you?”

For a moment, Rajan Mishra did not understand the hidden humour in the statement. Sant Kabir was a musician and weaver and Rajan Mishra was a musician working in a cloth mill.

Rajan Mishra answered:

“Five hundred rupees.”

Patshaji said:

"If I give you that five hundred rupees, will you give up your job and take up music full time?”

Rajan Mishra resigned from the job the very next day and took up music full time. Patsha ji used to send him six months' salary at a time and took care of all his needs. Within a year, Sajan Mishra joined Rajan Mishra in Delhi. In 1974, they gave an audition at All India Radio Delhi and got selected as 'A' grade artistes. From then on there was no looking back. The Mishra brothers went on to win national and international acclaim.

Rajan Mishra ji says gratefully:

"All our achievements and happiness are due to Satguru ji's kirpa."

To Patsha ji, music was a means of reaching God. It is a divine art and a gift from Gods. Patsha ji held musicians in high esteem. A Satguru's residence is a place of worship and reverence. Both Satguru Partap Singh ji and Patsha ji would not enter the Sri Jiwan Nagar kothi seated astride a horse. They would alight from the horse and proceed. But Pandit Mahadev Prasad ji, their music teacher, was the only person who was allowed this privilege and seated on the horse, he would go past the gate.

During any music programme, even if the performer was a small child, Patsha ji would provide him a seat of equal height as his. This was the respect he showed to the art.

Maulvi Fazal Mohammad, a blind Muslim musician, a maker of musical instruments, who lived in Sri Bhaini Sahib for twenty years, migrated to Pakistan during Partition. A few years later, he wrote a letter to Patsha ji, expressing a deep desire to have his darshan. The Satguru was moved by this request. In 1961, he travelled to Lahore and fulfilled the wish of the musician. The musician was so overwhelmed by the gesture that he embraced Patshaji and said:

"I can see khuda in you."

Satguru Jagjit Singh ji would preside over long hours of music sessions, which were enthralling. Surrounded by a galaxy of singers and instrumentalists, Patsha ji looked truly an emperor. Today, Patsha ji's students recall how memorable those baithaks were. There are video clippings showing Patsha ji singing his compositions to Ustad Vilayat Khan ji, Rajan and Sajan Mishra ji and the maestros joining Patsha ji with admiration and devotion writ large on their faces.

**To be continued......**

# ਸੁੱਚੇ ਮੋਤੀ

## ਪਾਬਲੋ ਨੇਰੂਦਾ

### ਵਿਸ਼ਵ ਪ੍ਰਸਿੱਧ ਕਵੀ

ਪਾਬਲੋ ਨੇਰੂਦਾ ਪੈਰਿਸ ਦੀ ਇਕ ਦੁਕਾਨ ਵਿਚ ਗਿਆ, ਜਿਥੇ ਪ੍ਰਾਚੀਨ ਕਲਾਕ੍ਰਿਤਾਂ ਵਿਕਦੀਆਂ ਸਨ। ਉਥੇ ਉਸ ਨੇ ਇਕ ਪੁਰਾਣੀ ਟੁੱਟੀ ਹੋਈ ਮੂਰਤੀ ਵੇਖੀ, ਜੋ ਸਤਾਲਿਨ ਵਰਗੀ ਲੱਗਦੀ ਸੀ। ਉਸ ਨੇ ਉਹ ਖਰੀਦਣੀ ਚਾਹੀ। ਪਰ ਦੁਕਾਨਦਾਰ ਨੂੰ ਖ਼ੁਦ ਏਨੀ ਪਸੰਦ ਸੀ ਕਿ ਉਹ ਵੇਚਣ ਲਈ ਤਿਆਰ ਨਾ ਹੋਇਆ।

ਗੱਲਾਂ ਦੇ ਦੌਰਾਨ ਜਦ ਉਸ ਨੂੰ ਪਤਾ ਲਗਾ ਕਿ ਨੇਰੂਦਾ (ਜਿਸ ਨੂੰ ਉਸ ਨੇ ਪਛਾਣਿਆ ਨਹੀਂ ਸੀ) ਚਿੱਲੀ ਤੋਂ ਆਇਆ ਹੈ, ਤਾਂ ਉਸ ਨੇ ਪੁਛਿਆ, "ਕੀ ਤੁਸੀਂ ਉਥੋਂ ਦੇ ਮਹਾਨ ਕਵੀ, ਪਾਬਲੋ ਨੇਰੂਦਾ ਨੂੰ ਜਾਣਦੇ ਹੋ? ਉਹ ਮੇਰਾ ਬਹੁਤ ਮਨ ਪਸੰਦ ਕਵੀ ਹੈ।"

"ਹਾਂ", ਨੇਰੂਦਾ ਨੇ ਕਿਹਾ।

ਸੁਣ ਕੇ ਦੁਕਾਨਦਾਰ ਬਹੁਤ ਖ਼ੁਸ਼ ਹੋਇਆ। "ਤਾਂ ਫੇਰ, ਮੈਂ ਤੁਹਾਨੂੰ ਨਾਂਹ ਨਹੀਂ ਕਰ ਸਕਦਾ", ਉਸ ਨੇ ਕਿਹਾ। "ਤੁਸੀਂ ਇਹ ਮੂਰਤੀ ਲੈ ਸਕਦੇ ਹੋ।"

..................................................

ਪਾਬਲੋ ਨੇਰੂਦਾ ਚਿੱਲੀ ਦੇ ਪ੍ਰੈਜ਼ੀਡੈਂਟ ਦੀ ਚੋਣ ਲਈ ਖੜਾ ਹੋਇਆ ਸੀ, ਤਾਂ ਉਹਨੀਂ ਹੀ ਦਿਨੀਂ ਇਹ ਅਫ਼ਵਾਹਾਂ ਫੈਲੀਆਂ ਕਿ ਉਸ ਨੂੰ ਸ਼ਾਇਦ ਉਸ ਸਾਲ ਦਾ ਨੋਬਲ ਇਨਾਮ ਮਿਲ ਜਾਏ।

ਕਿਸੇ ਨੇ ਉਸ ਨੂੰ ਪੁਛਿਆ, "ਜੇ ਤੁਹਾਨੂੰ ਚਿੱਲੀ ਦੇ ਪ੍ਰੈਜ਼ੀਡੈਂਟ ਦੇ ਅਹੁਦੇ ਅਤੇ ਨੋਬਲ ਇਨਾਮ 'ਚੋਂ ਇਕ ਦੀ ਚੋਣ ਕਰਨੀ ਹੋਵੇ, ਤਾਂ ਕਿਸ ਨੂੰ ਚੁਣੋਗੇ?"

"ਅਜਿਹੀਆਂ ਖ਼ਿਆਲੀ ਚੀਜ਼ਾਂ 'ਚੋਂ ਚੋਣ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ", ਨੇਰੂਦਾ ਨੇ ਕਿਹਾ।

"ਪਰ ਸਮਝੋ, ਜੇ ਇਹ ਦੋਵੇਂ ਚੀਜ਼ਾਂ ਤੁਹਾਡੇ ਸਾਹਮਣੇ ਇਸ ਮੇਜ਼ 'ਤੇ ਰੱਖ ਦਿੱਤੀਆਂ ਜਾਣ ਤਾਂ?"

"ਤਾਂ ਮੈਂ ਇਸ ਮੇਜ਼ ਤੋਂ ਉਠ ਕੇ ਦੂਜੇ ਮੇਜ਼ ਤੇ ਚਲਾ ਜਾਵਾਂਗਾ।"

..................................................

# ਬੱਚਿਆਂ ਦਾ ਪੰਨਾ

## ਮਾਤਾ ਜੀਵਨ ਕੌਰ ਜੀ

ਪਰਮ ਪੂਜਨੀਕ ਜਗਤ ਮਾਤਾ ਜੀਵਨ ਕੌਰ ਜੀ ਦਾ ਨਾਂ ਆਉਂਦੇ ਹੀ ਅਸੀਂ ਆਪਣੇ ਆਪ ਸ਼ਰਧਾ ਨਾਲ ਨਤਮਸਤਕ ਹੋ ਜਾਂਦੇ ਹਾਂ । ਆਪ ਜੀ ਨਾਮਧਾਰੀ ਇਤਿਹਾਸ ਦੀ ਇਕ ਅਦੁੱਤੀ ਸ਼ਖਸੀਅਤ ਸੀ ਜੋ ਸੇਵਾ, ਤਿਆਗ, ਸਨੇਹ, ਸਾਦਗੀ, ਸ਼ਾਂਤੀ, ਨਿਰਭੈ, ਨਿਡਰ ਅਤੇ ਦਲੇਰ ਤੇ ਸਨ ਹੀ ਨਾਲ ਹੀ ਅਧਿਆਤਮਕ ਸਿਖਰਾਂ ਦੀ ਪ੍ਰਾਪਤ ਕਰਤਾ ਅਤੇ ਰਿਧੀਆਂ-ਸਿੱਧੀਆ ਦੀ ਮਲਿਕਾ ਭੀ ਸੀ। ਆਪ ਜੀ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਮਾਤਾ ਹੋਣ ਦਾ ਸੁਭਾਗ ਪ੍ਰਾਪਤ ਸੀ ।

ਮਾਤਾ ਜੀ ਦਾ ਜਨਮ 1860 ਈ. ਨੂੰ ਪਿੰਡ ਥਰਾਜ ਸੂਬਾ ਖੁਸ਼ਹਾਲ ਸਿੰਘ ਜੀ ਅਤੇ ਮਾਤਾ ਭਾਗਭਰੀ ਜੀ ਦੇ ਘਰ ਹੋਇਆ। ਪਿਤਾ ਸੂਬਾ ਖੁਸ਼ਹਾਲ ਸਿੰਘ ਜੀ ਨਾਲ ਬਚਪਨ ਤੋਂ ਹੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਨੇ। ਆਪ ਜੀ ਦੇ ਪਿਤਾ ਜੀ ਨੇ ਆਪ ਜੀ ਨੂੰ ਇੱਕ ਸੱਚਾ ਸਿੱਖ ਬਨਣ ਦੀ ਸਿੱਖਿਆ ਦਿੱਤੀ। ਅੰਮ੍ਰਿਤ ਵੇਲੇ ਉੱਠਣਾ, ਇਸ਼ਨਾਨ ਕਰਕੇ ਭਜਨ ਕਰਨਾ, ਖੱਦਰ ਦੇ ਬਸਤਰ ਧਾਰਨ ਕਰਨੇ, ਮੰਜੇ ਤੇ ਬੈਠ ਕੇ ਪ੍ਰਸ਼ਾਦਾ ਨਹੀਂ ਛਕਣਾ, ਮਿੱਠਾ ਬੋਲਣਾ, ਬੁਰੇ ਬਚਨਾਂ ਨੂੰ ਸ਼ਾਂਤ ਹੋ ਕੇ ਸਹਿਣ ਕਰਨਾ, ਹਰ ਜੀਅ ਨਾਲ ਪਿਆਰ ਕਰਨਾ ਅਤੇ ਕੰਮ ਕਰਨ ਤੋਂ ਪਹਿਲਾ ਅਰਦਾਸਾ ਕਰਨਾ ਆਪ ਜੀ ਦਾ ਨਿਤਨੇਮ ਸੀ। ਇਹਨਾਂ ਸਿੱਖਿਆਵਾਂ ਨੂੰ ਬਚਪਨ ਤੋਂ ਆਪਣੇ ਪੱਲੇ ਬੰਨ੍ਹ ਲਿਆ ਤੇ ਸਾਰੀ ਉਮਰ ਉਹਨਾਂ ਦੇ ਦੱਸੇ ਪੂਰਨਿਆਂ ਤੇ ਚੱਲਦੇ ਰਹੇ।

ਇਕ ਵਾਰ ਸਤਿਗੁਰੂ ਰਾਮ ਸਿੰਘ ਜੀ ਨੇ ਆਪ ਜੀ ਦੇ ਸਿਰ ਤੇ ਹੱਥ ਰੱਖ ਕੇ ਇਹ ਵਰ ਦਿੱਤਾ ਕਿ ਤੂੰ ਇਹ ਜਗਤ ਮਾਤਾ ਹੋਵੇਂਗੀ। ਉਹੀ ਹੋਇਆ ਆਪ ਜੀ ਅਤੇ ਆਪਣੀ ਛੋਟੀ ਭੈਣ ਫਤਹਿ ਕੌਰ ਦਾ ਆਨੰਦ ਸਤਿਗੁਰੂ ਹਰੀ ਸਿੰਘ ਜੀ ਨਾਲ ਹੋ ਗਿਆ।ਆਪ ਦੋਵੇ ਭੈਣਾਂ ਸਤਿਗੁਰੂ ਹਰੀ ਸਿੰਘ ਜੀ ਦੇ ਮਹਿਲ ਬਣ ਗਏ।

ਸਤਿਗੁਰੂ ਹਰੀ ਸਿੰਘ ਜੀ ਦੇ ਮਾਤਾ ਜੀਵਨ ਕੌਰ ਜੀ ਦੇ ਗ੍ਰਹਿ ਵਿਖੇ ਮਾਰਚ 1890 ਈ. ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਅਵਤਾਰ ਧਾਰਿਆ। ਸਤਿਗੁਰੂ ਜੀ ਨੇ ਬਚਨ ਕੀਤਾ "ਵੱਡੇ ਪ੍ਰਤਾਪ ਵਾਲਾ ਆਇਆ ਹੈ। ਇਸ ਦੀ ਛਤਰ ਛਾਇਆ ਹੇਠ ਸੰਗਤ ਬੜੀਆਂ ਮੌਜਾਂ ਤੇ ਖੁਸ਼ੀਆਂ ਮਾਣੇਗੀ।" ਉਪਰੰਤ ਦੋ ਹੋਰ ਪੁੱਤਰ ਮਹਾਰਾਜ ਨਿਹਾਲ ਸਿੰਘ ਜੀ ਅਤੇ ਮਹਾਰਾਜ ਗੁਰਦਿਆਲ ਸਿੰਘ ਜੀ ਦਾ ਜਨਮ ਹੋਇਆ।

ਮਾਤਾ ਜੀਵਨ ਕੌਰ ਜੀ ਹਰ ਵੇਲੇ ਸੇਵਾ ਵਿੱਚ ਲੀਨ ਰਹਿਣ ਲੱਗੇ। ਦੂਜਿਆਂ ਨੂੰ ਵੀ ਸੇਵਾ ਕਰਨ ਦੀ ਪ੍ਰੇਰਣਾ ਦਿੰਦੇ। ਖਾਸ ਤੌਰ 'ਤੇ ਲੰਗਰ ਵਿੱਚ ਸੇਵਾ ਮਾਤਾ ਜੀ ਆਪਣੀ ਹੱਥੀਂ ਕਰਦੇ। ਬਰਤਨ ਮਾਂਜਦੇ, ਬੁਹਾਰੀ ਕਰਦੇ। ਸੰਗਤਾਂ ਨੂੰ ਹਮੇਸ਼ਾ ਬਹੁਤ ਪਿਆਰ ਨਾਲ ਲੰਗਰ ਛਕਾਉਂਦੇ। ਲੋੜਵੰਦਾਂ ਦੀ ਜ਼ਰੂਰਤ ਪੂਰੀ ਕਰਦੇ ਰਾਹੀਆਂ ਨੂੰ ਪਾਣੀ ਪਿਲਾ ਉਹਨਾਂ ਦੀ ਪਿਆਸ ਬੁਝਾਉਂਦੇ। ਬਹੁਤ ਹੀ ਖੁੱਲ੍ਹੇ ਦਿਲ ਨਾਲ ਵਰਤਾਉਂਦੇ। ਸੰਗਤਾਂ ਦੀਆਂ ਝੋਲੀਆਂ ਭਰ ਦੇਂਦੇ।

1946 ਬਿਕ੍ਰਮੀ ਨੂੰ ਕਾਲ ਪੈ ਗਿਆ ਤਿੰਨ ਮਹੀਨੇ ਤੱਕ ਉਸਦਾ ਅਸਰ ਰਿਹਾ। ਪ੍ਰਭਾਵਿਤ ਲੋਕਾਂ ਨੇ ਭੈਣੀ ਸਾਹਿਬ ਵਿੱਚ ਸਦਾਵਰਤ ਲੰਗਰ ਬਾਰੇ ਸੁਣਿਆ ਤੇ ਭੈਣੀ ਸਾਹਿਬ ਦੇ ਆਲੇ-ਦੁਆਲੇ ਡੇਰੇ ਲਾ ਲਏ। ਮਾਤਾ ਜੀ ਦਿਨ ਰਾਤ ਅਣੱਥਕ ਸੇਵਾ ਵਿੱਚ ਜੁੱਟ ਗਏ। ਆਪਣੇ ਕਰ ਕੰਵਲਾਂ ਰਾਹੀਂ ਲੱਖਾਂ ਕਾਲ ਪੀੜਤਾਂ ਨੂੰ ਪਦਾਰਥ ਵੰਡ-ਵੰਡ ਕੇ ਉਹਨਾਂ ਦੀ ਭੁੱਖ ਨੂੰ ਸ਼ਾਂਤ ਕਰਦੇ। ਸੰਨ 1929 'ਚ ਕਾਂਗਰਸ ਦੇ ਲਾਹੌਰ ਸ਼ੈਸਨ ਵਿੱਚ ਮਾਤਾ ਜੀਵਨ ਕੌਰ ਦਾ ਲੰਗਰ ਪ੍ਰਬੰਧ ਦੇਖ ਕੇ ਡਾ. ਰਜਿੰਦਰ ਪ੍ਰਸਾਦ ਤੇ ਜਵਾਹਰ ਲਾਲ ਨਹਿਰੂ ਬਹੁਤ ਪ੍ਰਭਾਵਿਤ ਹੋਏ।

ਮਾਤਾ ਜੀ ਦੀ ਚੁੰਬਕੀ ਸ਼ਖ਼ਸੀਅਤ ਹਿੰਦੂ, ਸਿੱਖ ਸਾਰਿਆਂ ਨੂੰ ਆਪਣੇ ਵੱਲ ਆਕਰਸ਼ਿਤ ਕਰਦੀ। ਮਾਤਾ ਜੀ ਰੱਜ-ਰੱਜ ਸਭ ਨੂੰ ਆਪਣਾ ਸਨੇਹ ਲੁਟਾਉਂਦੇ। ਮਾਤਾ ਜੀ ਦੇ ਹੱਥਾਂ ਵਿੱਚ ਇੰਨੀ ਬਰਕਤ ਸੀ ਕਿ ਇੱਕ ਛੋਟੀ ਜਿਹੀ ਕਾੜ੍ਹਨੀ ਵਿਚੋਂ 250 ਸਿੱਖਾਂ ਨੂੰ ਦੁੱਧ ਛਕਾਇਆ ਫਿਰ ਵੀ ਹਾਲੀ ਦੁੱਧ ਬਾਕੀ ਬਚਿਆ ਪਿਆ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਹੁਕਮ ਕਰਦੇ ਸਨ ਮਾਤਾ ਜੀਵਨ ਕੌਰ ਦੇ ਹੱਥਾਂ ਵਿੱਚ ਰਿੱਧੀਆਂ-ਸਿੱਧੀਆਂ ਹਨ। ਇੱਕ ਬੁੱਕ ਵਰਤਾਂਦੇ ਹਨ ਤੇ ਦੋ ਬੁੱਕਾਂ ਹੋਰ ਵੱਧ ਜਾਂਦੀਆਂ ਹਨ।

ਮਾਤਾ ਜੀ ਹਰੇਕ ਨਾਲ ਪਿਆਰ ਕਰਦੇ ਭਾਵੇਂ ਉਹ ਆਪਣਾ ਸਿੱਖ ਹੋਵੇ ਜਾਂ ਨਿੰਦਕ। ਹਰ ਕਿਸੇ ਨੂੰ ਪਦਾਰਥ ਦੇ ਦੇ ਨਿਵਾਜਦੇ।

ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮ ਹੋਇਆ ਤੇ ਮਾਤਾ ਜੀਵਨ ਕੌਰ ਜੀ ਨੇ ਅੱਖਰ ਪੜ੍ਹਨੇ ਸਿੱਖੇ, ਬਾਣੀ ਕੰਠ ਕੀਤੀ। ਹਰ ਰੋਜ਼ ਪੰਜ ਗ੍ਰੰਥੀ ਦਾ ਪਾਠ ਕਰਨਾ, ਪੰਜ-ਪੰਜ ਭਗਉਤੀ ਤੇ ਭਜਨ ਦੀਆਂ ਮਾਲਾ ਕਰਨਾ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨਾ ਆਪ ਜੀ ਦਾ ਰੋਜ਼ ਦਾ ਨਿਯਮ ਸੀ।

ਮਾਤਾ ਜੀ ਦੀ ਸਿਮਰਨ ਸ਼ਕਤੀ ਬਹੁਤ ਤੀਬਰ ਸੀ। ਜਿਸ ਨੂੰ ਇੱਕ ਵਾਰ ਮਿਲਦੇ, ਅਗਲੀ ਵਾਰ ਨਾਂ ਲੈ ਪੁਕਾਰਦੇ। ਸਤਿਗੁਰੂ ਪ੍ਰਤਾਪ ਸਿੰਘ ਜੀ ਆਪਣੀ ਮਾਤਾ ਜੀਵਨ ਕੌਰ ਨਾਲ ਬਹੁਤ ਸਨੇਹ ਕਰਦੇ ਅਤੇ ਗਰਵ ਕਰਦੇ ਕਿ ਮੈਨੂੰ ਇਹੋ ਜਿਹੀ ਮਾਤਾ ਦਾ ਸੁਭਾਗ ਪ੍ਰਾਪਤ ਹੈ। ਮਾਤਾ ਜੀ ਆਪਣੇ ਪੁੱਤਰ ਨੂੰ ਸਿਰਫ ਪੁੱਤਰ ਹੀ ਨਾ ਸਮਝਦੇ ਸਗੋਂ ਪੂਰਨ ਸਤਿਗੁਰੂ ਜੀ ਸਮਝਦੇ। ਜੋ ਵੀ ਸਤਿਗੁਰੂ ਜੀ ਬਚਨ ਕਰਦੇ, ਮਾਤਾ ਜੀ ਉਹਨਾਂ ਦੇ ਬਚਨਾਂ ਤੇ ਫੁੱਲ ਚੜਾਉਂਦੇ। ਜਿਹੜੇ ਪਾਸੇ ਸਤਿਗੁਰੂ ਜੀ ਦਾ ਡੇਰਾ ਹੁੰਦਾ ਸੀ, ਮਾਤਾ ਜੀ ਉਸ ਪਾਸੇ ਪੈਰ ਕਰਕੇ ਲੰਮੇ ਨਾ ਪੈਂਦੇ।

ਸੰਨ 1943 ਮਾਤਾ ਜੀ ਨੇ 83 ਸਾਲਾਂ ਦੀ ਉਮਰ ਵਿੱਚ ਸਰੀਰਕ ਓਹਲਾ ਕਰ ਲਿਆ। ਆਪ ਜੀ ਦੀ ਰਸਨਾ ਦੇ ਅੰਤਿਮ ਸ਼ਬਦ ਸਨ-

**ਦੇਹੁ ਸਜਣ ਅਸੀਸੜੀਆ ਜਿਉਂ ਹੋਵੈ ਸਾਹਿਬ ਸਿਉ ਮੇਲੁ॥**

ਆਤਮਾ ਪ੍ਰਮਾਤਮਾ ਵਿੱਚ ਲੀਨ ਹੋ ਗਈ। ਇਸ ਤਰ੍ਹਾਂ ਮਾਤਾ ਜੀਵਨ ਕੌਰ ਜੀ ਨੇ ਇੱਕ ਆਦਰਸ਼ਮਈ ਜੀਵਨ ਬਤੀਤ ਕੀਤਾ। ਉਹਨਾਂ ਦੀ ਯਾਦ ਮਧੁਰ ਅਮਿਟ ਅਤੇ ਸਦੀਵੀ ਹੈ।

**ਪ੍ਰਿੰ. ਸਤਵੰਤ ਕੌਰ**

..........................................................

# ਖ਼ਬਰਨਾਮਾ

## ਜੀਵਨ ਨਗਰ ਇਲਾਕੇ ਦਾ ਦੌਰਾ

**23, 24 ਮਾਰਚ 2021**

ਇਲਾਕਾ ਸ੍ਰੀ ਜੀਵਨ ਨਗਰ ਦੀ ਧਰਤੀ ਨੂੰ ਇਹ ਮਾਣ ਹਾਸਲ ਹੈ ਕਿ ਅਟੱਲ ਪ੍ਰਤਾਪੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਸ ਨੂੰ ਸਥਾਪਤ ਕੀਤਾ। ਸਤਿਗੁਰੂ ਜਗਜੀਤ ਸਿੰਘ ਨੇ ਇਸ ਨੂੰ ਨਿਵਾਜਿਆ ਅਤੇ ਗੁਰੂ ਸਾਹਿਬਾਨਾਂ ਦੇ ਚਰਨ ਛੋਹ ਪ੍ਰਾਪਤ ਇਸ ਧਰਤੀ 'ਤੇ ਵਸਦੀ ਸਾਧ ਸੰਗਤ ਦੀ ਅਰਜ਼ ਬੇਨਤੀ ਪ੍ਰਵਾਨ ਕਰਦੇ ਹੋਏ ਗੱਦੀ-ਨਸ਼ੀਨ ਸਤਿਗੁਰੂ ਉਦੇ ਸਿੰਘ ਜੀ ਇਲਾਕਾ ਸ੍ਰੀ ਜੀਵਨ ਨਗਰ ਵਿੱਚ ਦਰਸ਼ਨ ਦੇਣ ਦੀ ਕਿਰਪਾ ਕਰਦੇ ਰਹਿੰਦੇ ਹਨ।

**ਮਿਤੀ 23 ਮਾਰਚ 2021 ਦਿਨ ਮੰਗਲਵਾਰ** ਬਾਅਦ ਦੁਪਹਿਰ ਵਕਤ ਤਕਰੀਬਨ 2:30 ਤੇ ਸ੍ਰੀ ਭੈਣੀ ਸਾਹਿਬ ਵਿਖੇ ਹਰਿਮੰਦਰ ਵਿਖੇ ਨਾਮ ਸਿਮਰਨ ਕਰ, ਸਾਧ ਸੰਗਤ ਨੂੰ ਦਰਸ਼ਨ ਦੇਣ ਉਪਰੰਤ, ਸ੍ਰੀ ਜੀਵਨ ਨਗਰ ਇਲਾਕੇ ਦੀ ਸਾਧ ਸੰਗਤ ਨੂੰ ਦਰਸ਼ਨ ਦੇਣ ਲਈ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਸਮੇਤ ਆਪਣੇ ਸਿੱਖਾਂ ਸੇਵਕਾਂ, ਵਾਇਆ ਬਰਨਾਲਾ ਹੁੰਦੇ ਹੋਏ, ਮਾਨਸਾ ਸ਼ਹਿਰ ਦੇ ਬਾਹਰਵਾਰ ਸੂਬਾ ਬਲਜੀਤ ਸਿੰਘ ਮਾਨਸਾ ਦੇ ਟਾਈਲਾਂ ਦੇ ਸ਼ੋਅਰੂਮ ਦਾ ਉਦਘਾਟਨ ਕਰਨ ਦੀ ਕਿਰਪਾ ਕੀਤੀ। ਭੰਬੂਰ ਹੁੰਦੇ ਹੋਏ ਪਿੰਡ ਮੱਲੇਕਾ ਵਿਖੇ ਸ. ਜੋਗਾ ਸਿੰਘ, ਹਰਵੇਲ ਸਿੰਘ, ਚੰਨਣ ਸਿੰਘ, ਪੰਜਾਬ ਸਿੰਘ ਪੁੱਤਰ ਵਜੀਰ ਸਿੰਘ, ਕਵੀਸ਼ਰ ਮੱਖਣ ਸਿੰਘ ਪੁੱਤਰ ਸ. ਸੁਰਜੀਤ ਸਿੰਘ, ਸੁਖਦੇਵ ਸਿੰਘ, ਹੀਰਾ ਸਿੰਘ, ਨਿਰੰਜਣ ਸਿੰਘ ਪੁੱਤਰ ਸ. ਜੰਗੀਰ ਸਿੰਘ, ਗੁਰਮੀਤ ਸਿੰਘ, ਗੁਲਜਾਰ ਸਿੰਘ ਪੁੱਤਰ ਦਿਆਲ ਸਿੰਘ, ਕੁਲਵੰਤ ਸਿੰਘ ਪੁੱਤਰ ਸਵਰਨ ਸਿੰਘ, ਹਰਪਾਲ ਸਿੰਘ ਪੁੱਤਰ ਕੁਲਵੰਤ ਸਿੰਘ, ਬਲਕਾਰ ਸਿੰਘ ਪੁੱਤਰ ਸ. ਜੰਗੀਰ ਸਿੰਘ, ਕੁਲਦੀਪ ਸਿੰਘ ਪੁੱਤਰ ਅਮਰ ਸਿੰਘ ਦੇ ਘਰ ਚਰਨ ਪਾਉਣ ਦੀ ਕਿਰਪਾ ਕਰਦੇ ਹੋਏ, ਸ੍ਰੀ ਸਤਿਗੁਰੂ ਜੀ ਸ਼ਾਮ ਦੇ 8 ਵਜੇ ਮਸਤਾਨਗੜ੍ਹ ਪਹੁੰਚੇ। ਪਿੰਡ ਨਕੌੜਾ ਵਿਖੇ ਬਾਵਾ ਸਿੰਘ ਦੀ ਬਿਰਧ ਮਾਤਾ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਰਾਤ ਮਸਤਾਨਗੜ੍ਹ ਵਿਖੇ ਵਿਸ਼ਰਾਮ ਕੀਤਾ।

**ਮਿਤੀ 24 ਮਾਰਚ 2021** ਦਿਨ ਬੁੱਧਵਾਰ ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਐਲਨਾਬਾਦ ਦੇ ਸੂਬਾ ਬਲਦੇਵ ਸਿੰਘ ਦੇ ਸਪੁੱਤਰ ਵਿਕਰਮ ਸਿੰਘ ਦੀ ਅਗਵਾਈ ਵਿੱਚ ਰਤਨ ਸਿੰਘ ਬਾਜਵਾ ਦੇ ਗ੍ਰਹਿ ਵਿਖੇ ਜਗਜੀਤ ਨਗਰ ਵਿਖੇ ਹੋਇਆ। ਸ੍ਰੀ ਸਤਿਗੁਰੂ ਜੀ ਨੇ ਆਸਾ ਦੀ ਵਾਰ ਦੇ ਕੀਰਤਨ ਸਮੇਂ ਦਰਸ਼ਨ ਦੇਣ ਦੀ ਕਿਰਪਾ ਕੀਤੀ। ਵਾਰ ਸਮਾਪਤੀ ਬਾਅਦ ਸ੍ਰੀ ਸਤਿਗੁਰੂ ਜੀ ਨੇ ਸ. ਰਤਨ ਸਿੰਘ ਬਾਜਵਾ, ਗੁਰਮੀਤ ਸਿੰਘ ਬਾਜਵਾ, ਲਖਵਿੰਦਰ ਸਿੰਘ ਬਾਜਵਾ ਦੇ ਗ੍ਰਹਿ ਵਿਖੇ ਚਰਨ ਪਾਉਣ ਦੀ ਕਿਰਪਾ ਕੀਤੀ। ਵਾਪਸੀ ਸਮੇਂ ਸੰਤ ਨਗਰ ਵਿਖੇ ਜੋਗਿੰਦਰ ਸਿੰਘ ਪੁੱਤਰ ਦਰਸ਼ਨ ਸਿੰਘ, ਹੀਰਾ ਸਿੰਘ ਪੁੱਤਰ ਮੱਲ ਸਿੰਘ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ। ਸ੍ਰੀ ਸਤਿਗੁਰੂ ਜੀ ਟਿੱਬਾ ਫਾਰਮ 'ਤੇ ਦਰਸ਼ਨ ਦਿੰਦੇ ਹੋਏ, ਗੁਰਦੀਪ ਸਿੰਘ ਬਾਈ (ਹਾਕੀ ਖਿਡਾਰੀ) ਦੇ ਪਿਤਾ ਸ. ਜਸਵੰਤ ਸਿੰਘ ਨੂੰ ਦਰਸ਼ਨ ਦੇਣ ਦੀ ਕਿਰਪਾ ਵੀ ਕੀਤੀ। ਫਿਰ ਸ੍ਰੀ ਜੀਵਨ ਨਗਰ ਦੀ ਦਾਣਾ ਮੰਡੀ ਵਿਖੇ ਸਮੁੱਚੀ ਆੜਤੀ ਐਸੋਸੀਏਸ਼ਨ ਵੱਲੋਂ ਕਾਰੋਬਾਰ ਦੀ ਸਫ਼ਲਤਾ ਲਈ ਆਰੰਭ ਕਰਵਾਏ ਗਏ ਅਖੰਡ ਪਾਠ ਦੇ ਭੋਗ ਸਮੇਂ ਦਰਸ਼ਨ ਦੇਣ ਸਮੇਂ ਪਵਿੱਤਰ ਉਪਦੇਸ਼ ਦੇਣ ਦੀ ਕਿਰਪਾ ਕੀਤੀ। ਹੁਕਮ ਕੀਤਾ ਕਿ ਬਾਣੀ ਪੜ੍ਹਦਿਆਂ ਹੋਇਆਂ, ਹੰਕਾਰ ਛੱਡ ਕੇ ਸਿੱਖੀ ਨਾਲ ਜੁੜਿਆ ਜਾਵੇ। ਭੋਗ ਸਮਾਪਤੀ ਬਾਅਦ ਸੰਤਨਗਰ ਵਿਖੇ ਸਤਪਾਲ ਸਿੰਘ ਪੁੱਤਰ ਸਵਰਨ ਸਿੰਘ ਦੀ ਦੁਕਾਨ 'ਤੇ ਚਰਨ ਪਾਉਣ ਦੀ ਕਿਰਪਾ ਕੀਤੀ। ਦਮਦਮੇ ਹਰਵਿੰਦਰ ਸਿੰਘ ਹੁਰਾਂ ਦੇ ਘਰ ਚਰਨ ਪਾਏ। ਇੱਥੋਂ ਬਾਅਦ ਪਿੰਡ ਕਰੀਵਾਲਾ ਵਿਖੇ ਸ. ਸੁਖਦੇਵ ਸਿੰਘ ਝੱਬਰ ਨੰਬਰਦਾਰ ਦੇ ਭੋਗ 'ਤੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸੰਤ ਨਿਸ਼ਾਨ ਸਿੰਘ ਜੀ ਕਥਾਵਾਚਕ ਸ੍ਰੀ ਭੈਣੀ ਸਾਹਿਬ ਵਾਲਿਆਂ ਨੇ ਕਥਾ ਕੀਤੀ। ਸੁਵਰਨ ਸਿੰਘ ਵਿਰਕ ਨੇ ਸ਼ਰਧਾਂਜਲੀ ਭੇਟ ਕੀਤੀ। ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਦੇਣ ਦੀ ਕਿਰਪਾ ਕੀਤੀ। ਸ. ਗੁਰਦੇਵ ਸਿੰਘ ਐਡਵੋਕੇਟ ਨੇ ਸ੍ਰੀ ਸਤਿਗੁਰੂ ਜੀ ਦਾ ਅਤੇ ਸਾਧ ਸੰਗਤ ਦਾ ਧੰਨਵਾਦ ਕੀਤਾ। ਸਮਾਪਤੀ ਬਾਅਦ ਕਰੀਵਾਲਾ ਵਿਖੇ ਹੀ ਹਰਭਜਨ ਸਿੰਘ ਚੁੱਪ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ। ਇੱਥੋਂ ਹੀ ਵਾਪਸ ਮਸਤਾਨਗੜ੍ਹ ਆ ਕੇ ਪਿੰਡ ਕੋਟਲੀ ਵਿਖੇ ਸ. ਸੁੱਚਾ ਸਿੰਘ ਦੇ ਭੋਗ 'ਤੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਜ. ਜਸਵਿੰਦਰ ਸਿੰਘ ਭਿੰਡਰ ਦੀਵਾਨ ਸਜਾ ਰਹੇ

ਸਨ। 12 ਪਾਠਾਂ ਦੇ ਭੋਗ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਪਾਏ ਗਏ। ਭੋਗ ਸਮਾਪਤੀ ਬਾਅਦ ਸ੍ਰੀ ਸਤਿਗੁਰੂ ਜੀ ਨੇ ਇੱਥੋਂ ਹੀ ਸ੍ਰੀ ਭੈਣੀ ਸਾਹਿਬ ਦੀ ਵਾਪਸੀ ਲਈ ਚਾਲੇ ਪਾਏ ਅਤੇ ਸ਼ਾਮ ਤੱਕ ਸ੍ਰੀ ਭੈਣੀ ਸਾਹਿਬ ਆ ਦਰਸ਼ਨ ਦਿੱਤੇ।

**ਸੂਬਾ ਬਲਵਿੰਦਰ ਸਿੰਘ ਝੱਲ**

..................................................

## ਸ. ਅਮਰ ਸਿੰਘ ਨਮਿੱਤ ਭੋਗ ਸਮੇਂ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

ਜ਼ਿਲ੍ਹਾ ਨਵਾਂਸ਼ਹਿਰ ਦੇ ਕਸਬਾ ਔੜ ਵਿਖੇ **ਮਿਤੀ 25 ਮਾਰਚ 2021** ਦਿਨ ਵੀਰਵਾਰ ਨੂੰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਸ. ਅਮਰ ਸਿੰਘ ਔੜ ਨਮਿੱਤ ਭੋਗ ਸਮੇਂ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸ. ਅਮਰ ਸਿੰਘ ਆਪਣੇ ਸਪੁੱਤਰ ਹਰਬੰਸ ਸਿੰਘ ਕੋਲ ਕਸਬਾ ਔੜ ਵਿਖੇ ਰਹਿ ਰਹੇ ਸਨ। ਹਰਬੰਸ ਸਿੰਘ ਦੇ ਭਰਾ ਸ. ਬਚਿੱਤਰ ਸਿੰਘ ਅਤੇ ਹਰਭਜਨ ਸਿੰਘ ਕੈਨੇਡਾ ਵਿਖੇ ਰਹਿੰਦੇ ਹਨ। ਹਰਬੰਸ ਸਿੰਘ ਦੇ ਅਰਜ਼ ਕਰਨ 'ਤੇ ਸ੍ਰੀ ਸਤਿਗੁਰੂ ਜੀ ਨੇ ਉਨ੍ਹਾਂ ਦੇ ਗ੍ਰਹਿ ਕਸਬਾ ਔੜ ਵਿਖੇ ਸ. ਅਮਰ ਸਿੰਘ ਨਮਿੱਤ ਭੋਗ ਸਮੇਂ ਦਰਸ਼ਨ ਦਿੱਤੇ। ਜਥੇਦਾਰ ਗੁਰਲਾਲ ਸਿੰਘ ਭੈਣੀ ਸਾਹਿਬ ਵਾਲਿਆਂ ਨੇ ਦੀਵਾਨ ਸਜਾਇਆ। ਸੰਤ ਸਤਨਾਮ ਸਿੰਘ ਸਸਰਾਲੀ ਕਲੋਨੀ ਵਾਲਿਆਂ ਦੇ ਜਥੇ ਨੇ ਨੌਵੇਂ ਮਹੱਲੇ ਦੇ ਸ਼ਲੋਕ ਪੜ੍ਹੇ ਅਤੇ ਸ. ਅਮਰ ਸਿੰਘ ਨਮਿੱਤ ਭੋਗ ਦੀ ਅਰਦਾਸ ਕੀਤੀ ਗਈ। ਭੋਗ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਸੰਤੋਖ ਸਿੰਘ, ਬਲਵਿੰਦਰ ਸਿੰਘ, ਭਜਨ ਸਿੰਘ, ਜਰਨੈਲ ਸਿੰਘ, ਪ੍ਰਹਲਾਦ ਸਿੰਘ ਦੇ ਘਰਾਂ ਵਿਚ ਚਰਨ ਪਾਉਣ ਦੀ ਕਿਰਪਾ ਕੀਤੀ। ਵਾਪਸੀ ਸਮੇਂ ਲੁਧਿਆਣਾ ਵਿਖੇ ਸੰਗੀਤ ਸਿਨੇਮਾ ਵਾਲਿਆਂ ਦੇ ਸੰਤੋਖ ਸਿੰਘ ਦੇ ਸਪੁੱਤਰ ਰਵਿੰਦਰ ਸਿੰਘ ਦੇ ਚੜ੍ਹਾਈ ਕਰ ਜਾਣ 'ਤੇ ਪਰਿਵਾਰ ਨੂੰ ਦਰਸ਼ਨ ਦੇ ਕੇ ਨਿਵਾਜਿਆ। ਸ. ਜਸਜੀਤ ਸਿੰਘ ਸਮੇਤ ਸਾਰੇ ਪਰਿਵਾਰ ਨੇ ਸ਼ਰਧਾ ਅਤੇ ਸਤਿਕਾਰ ਨਾਲ ਸ੍ਰੀ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ। ਇੱਥੋਂ ਹੀ ਸਤਿਗੁਰੂ ਜੀ ਵਾਪਸ ਸ੍ਰੀ ਭੈਣੀ ਸਾਹਿਬ ਆਣ ਪਹੁੰਚੇ।

**ਸੂਬਾ ਬਲਵਿੰਦਰ ਸਿੰਘ ਝੱਲ**

..................................................

## ਸਤਿਗੁਰੂ ਪ੍ਰਤਾਪ ਸਿੰਘ ਹਸਪਤਾਲ ਵਲੋਂ ਕੋਰੋਨਾ ਵੈਕਸੀਨ ਦੇ ਟੀਕੇ ਲਗਾਏ ਗਏ

ਜੇਤੇ ਜੀਅ ਤੇਤੇ ਸਭ ਤੇਰੇ ਵਿਣੁ ਸੇਵਾ ਫਲੁ ਕਿਸੈ ਨਾਹੀ॥
ਦੁਖੁ ਸੁਖੁ ਭਾਣਾ ਤੇਰਾ ਹੋਵੈ ਵਿਣੁ ਨਾਵੈ ਜੀਉ ਰਹੈ ਨਾਹੀ॥

ਧੰਨ ਧੰਨ ਹਾਜਰਾ ਹਜ਼ੂਰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਬਖਸ਼ਿਸ਼, ਕਿਰਪਾ ਸਦਕਾ ਇਸ ਕਰੋਨਾ ਮਹਾਂਮਾਰੀ ਦੇ ਵਿਕਰਾਲ ਅਤੇ ਵਿਨਾਸ਼ ਤੋਂ ਆਪਣੇ ਸਿਖਾਂ ਅਤੇ ਸਮੂਹ ਲੋਕਾਈ ਦੀ ਭਲਾਈ ਅਤੇ ਸੁਰੱਖਿਆ ਹੇਤੂ ਨਾਮਧਾਰੀ ਸੰਗਤ ਜਲੰਧਰ ਵਲੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਹਸਪਤਾਲ ਲੁਧਿਆਣਾ, ਆਮਲਾ ਦਫ਼ਤਰ ਸਿਵਲ ਸਰਜਨ ਜਲੰਧਰ ਦੇ ਉਚੇਚੇ ਤੇ ਵਿਸ਼ੇਸ਼ ਸਹਿਯੋਗ ਸਦਕਾ ਕੋਰੋਨਾ ਟੀਕਾਕਰਨ (ਪਹਿਲੀ ਖੇਪ) ਦਾ ਕੈਂਪ ਅੱਜ ਮਿਤੀ 17 ਅਪ੍ਰੈਲ 2021 ਦਿਨ ਸ਼ਨੀਵਾਰ ਨੂੰ ਹੋਮੀਓਪੈਥਿਕ ਅਤੇ ਫਿਜ਼ੀਓਥਰੈਪੀ ਚੈਰੀਟੇਬਲ ਡਿਸਪੈਂਸਰੀ, ਐਨ.ਏ.79, ਜਗਤ ਪੁਰਾ, (ਦੋਮੋਰੀਆ ਪੁਲ) ਜਲੰਧਰ ਵਿਖੇ ਆਯੋਜਿਤ ਕੀਤਾ ਗਿਆ।

ਇਸ ਟੀਕਾਕਰਨ ਕੈਂਪ ਵਿੱਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਹਸਪਤਾਲ ਲੁਧਿਆਣਾ ਵਲੋਂ ਸ. ਗੁਰਪ੍ਰੀਤ ਸਿੰਘ, ਸ. ਰਣਜੀਤ ਸਿੰਘ, ਸ. ਇੰਦਰਜੀਤ ਸਿੰਘ, ਡਾ. ਕੇਵਲ ਸ਼ਰਮਾ, ਬੀਬੀ ਕੁਨਿਕਾ, ਬੀਬੀ ਕੁਲਦੀਪ ਕੌਰ ਅਤੇ ਬੀਬੀ ਗੁਰਪ੍ਰੀਤ ਕੌਰ ਹੋਰਾਂ ਦੀ ਪੂਰਨ ਮੈਡੀਕਲ ਟੀਮ ਉਚੇਚੇ ਤੌਰ 'ਤੇ ਪੁੱਜੀ।

ਦਫ਼ਤਰ ਸਿਵਲ ਸਰਜਨ ਜਲੰਧਰ ਦੇ ਅਦਾਰੇ ਤੋਂ ਬੀਬੀ ਮਹਿਕਦੀਪ ਕੌਰ, ਬੀਬੀ ਨਗੀਨਾ ਅਤੇ ਬੀਬੀ ਮਿਤਾਲੀ ਪੰਜਾਬ ਸਰਕਾਰ ਦੇ ਮੈਡੀਕਲ ਵਿਭਾਗ ਦੇ ਨੁਮਾਇੰਦਿਆਂ ਵਜੋਂ ਵੈਕਸੀਨ ਸਮੇਤ ਸ਼ਾਮਿਲ ਹੋਏ।

ਇਹਨਾਂ ਦੋਨਾਂ ਮੈਡੀਕਲ ਅਦਾਰਿਆਂ ਦਾ ਨਾਮਧਾਰੀ ਸੰਗਤ ਜਲੰਧਰ ਵਲੋਂ ਤਹਿ ਦਿਲੋਂ ਧੰਨਵਾਦ ਉਹਨਾਂ ਦੇ ਵਡਮੁੱਲੇ ਯੋਗਦਾਨ ਵਾਸਤੇ।

ਇਸ ਟੀਕਾਕਰਨ ਕੈਂਪ ਦੀ ਸ਼ੁਰੂਆਤ ਸਵੇਰੇ ਲਗਭਗ 9:30 ਕੀਤੀ ਗਈ। ਟੀਕਾ ਲਗਵਾਉਣ ਵਾਸਤੇ ਸਵੇਰ ਤੋਂ ਹੀ ਵੱਡੀ ਗਿਣਤੀ ਵਿੱਚ ਸੰਗਤ ਅਤੇ ਇਲਾਕਾ ਨਿਵਾਸੀ ਹਾਜ਼ਰ ਸਨ। ਸਾਰਿਆਂ ਨੇ ਬਹੁਤ ਉਤਸ਼ਾਹ ਤੇ ਅਨੁਸ਼ਾਸਨ ਨਾਲ ਪ੍ਰਬੰਧਕਾਂ ਨਾਲ ਸਹਿਯੋਗ ਕੀਤਾ। ਸਭ ਨੇ ਆਪਣੀ-ਆਪਣੀ ਵਾਰੀ ਦਾ ਪੂਰੇ ਸਬਰ ਤੇ ਠਰੰਮੇ ਨਾਲ ਇੰਤਜ਼ਾਰ ਕੀਤਾ। ਸ਼ਾਮ 4 ਵਜੇ ਤੱਕ ਟੀਕਾ ਲਗਵਾਉਣ

ਵਾਲਿਆਂ ਦਾ ਤਾਂਤਾ ਲੱਗਾ ਰਿਹਾ। ਕੁਲ 250 ਦੇ ਕਰੀਬ ਸਰੀਰਾਂ ਨੇ ਟੀਕਾ ਲਵਾਇਆ।

ਇਸ ਮੌਕੇ ਪ੍ਰਬੰਧਕਾਂ ਵੱਲੋਂ ਸੈਨੇਟਾਈਜਰ, ਪੀਣ ਵਾਲੇ ਪਾਣੀ, ਬੈਠਣ ਵਾਸਤੇ ਉਚਿੱਤ ਸਹੂਲਤਾਂ ਮੁਹੱਈਆ ਕਰਵਾਈਆਂ ਗਈਆਂ ਤਾਂ ਜੋ ਕਿਸੇ ਨੂੰ ਵੀ ਕਿਸੇ ਕਿਸਮ ਦੀ ਕੋਈ ਪ੍ਰੇਸ਼ਾਨੀ ਨਾ ਹੋਵੇ।

ਇਸ ਕੈਂਪ ਦੇ ਆਯੋਜਨ ਲਈ ਪ੍ਰਬੰਧਕਾਂ, ਵਿਸ਼ੇਸ਼ ਤੌਰ 'ਤੇ ਸੰਤ ਰਾਮ ਸਿੰਘ ਮੀਤ ਪ੍ਰਧਾਨ ਨਾਮਧਾਰੀ ਸੰਗਤ ਜਲੰਧਰ, ਸੰਤ ਜਤਿੰਦਰਪਾਲ ਸਿੰਘ ਚਿੰਕਾ, ਸੰਤ ਸੁਖਦੇਵ ਸਿੰਘ ਜੀ (ਉਸਤਾਦ ਜੀ) ਨੇ ਵਿਸ਼ੇਸ਼ ਭੂਮਿਕਾ ਨਿਭਾਈ।

ਦੀਵਾਨ ਨਿਵਾਸੀ ਜਗਤ ਪੁਰਾ ਦੋਮੋਰੀਆ ਪੁਲ ਜਲੰਧਰ ਹੋਰਾਂ ਨੇ ਪਰਿਵਾਰ ਸਮੇਤ ਇਸ ਵਿਚ ਬਹੁਤ ਹੀ ਅਹਿਮ ਤੇ ਵਿਸ਼ੇਸ਼ ਰਜਿਸਟ੍ਰੇਸ਼ਨ, ਫੋਟੋ ਕਾਪੀ ਕਰਨ ਦੀ ਵੱਡੀ ਸੇਵਾ ਪੂਰਨ ਨਿਸ਼ਠਾ ਨਾਲ ਨਿਭਾਈ। ਇਸ ਪਰਿਵਾਰ ਦਾ ਨਾਮਧਾਰੀ ਸੰਗਤ ਜਲੰਧਰ ਵਲੋਂ ਵਿਸ਼ੇਸ਼ ਧੰਨਵਾਦ।

ਇਸ ਮੌਕੇ ਸੂਬਾ ਜੁਗਿੰਦਰ ਸਿੰਘ ਜਲੰਧਰ, ਜਥੇ. ਬਲਬੀਰ ਸਿੰਘ, ਸੰਤ ਕਮਲਜੀਤ ਸਿੰਘ ਕਨਵੀਨਰ ਨਾਮਧਾਰੀ ਵਿਦਿਅਕ ਜਥਾ ਜਲੰਧਰ ਜੋਨ, ਸੰਤ ਮੋਹਨ ਸਿੰਘ ਓਸਾਹਨ, ਸੰਤ ਸਵਰਨ ਸਿੰਘ ਬੱਗਾ, ਸੰਤ ਅਵਤਾਰ ਸਿੰਘ ਲੋਹਾਰਾਂ ਆਦਿਕ ਬਹੁਤ ਸਾਰੀਆਂ ਉੱਚ ਦੁਮਾਲੜੀਆਂ ਸ਼ਖ਼ਸੀਅਤਾਂ ਨੇ ਹਾਜ਼ਰੀ ਭਰੀ।

ਸ. ਸੁਖਵਿੰਦਰ ਸਿੰਘ ਠੇਕੇਦਾਰ ਹੋਰਾਂ ਨੇ ਆਪਣਾ ਵਿਸ਼ੇਸ਼ ਯੋਗਦਾਨ ਤੇ ਭੂਮਿਕਾ ਨਿਭਾਈ। ਆਏ ਹੋਏ ਮਹਿਮਾਨਾਂ ਦੀ ਲੰਗਰ ਪਾਣੀ ਦੀ ਸੇਵਾ ਸੰਤ ਹਰਜੀਤ ਸਿੰਘ ਹੈਪੀ ਤੇ ਮੈਂ ਅਤੇ ਬਚਨ ਸਿੰਘ ਐਂਡ ਸਨਜ਼) ਹੋਰਾਂ ਨੇ ਸਮੂਹ ਪਰਿਵਾਰ ਸਮੇਤ ਬਾਖ਼ੂਬੀ ਨਿਭਾਈ। ਨਾਮਧਾਰੀ ਸੰਗਤ ਜਲੰਧਰ ਵਲੋਂ ਉਕਤ ਸਮੂਹ ਸ਼ਖ਼ਸੀਅਤਾਂ ਦਾ ਤਹਿ ਦਿਲੋਂ ਧੰਨਵਾਦ।

ਕੋਟਾਨ ਕੋਟ ਧੰਨਵਾਦ ਹਾਜ਼ਰਾ ਹਜ਼ੂਰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ ਜਿਹਨਾਂ ਨੇ ਜਲੰਧਰ ਦੇ ਆਪਣੇ ਇਹਨਾਂ ਸਿੱਖਾਂ ਅਤੇ ਨਾਮਧਾਰੀ ਸੰਗਤ ਜਲੰਧਰ ਨੂੰ ਐਨਾ ਬਲ ਬਖਸ਼ਿਆ ਕਿ ਉਹ ਇਸ ਸੇਵਾ ਨੂੰ ਸਫ਼ਲਤਾ ਪੂਰਵਕ ਨਿਰਵਿਘਨ ਨੇਪਰੇ ਚਾੜ੍ਹ ਸਕੇ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਪਾਵਨ ਚਰਨਾਂ ਵਿੱਚ ਅਰਜ਼ੋਈ ਹੈ ਕਿ ਸਮੂਹ ਲੋਕਾਈ ਨੂੰ ਇਸ ਭਿਅੰਕਰ ਤੇ ਭਿਆਨਕ ਮਹਾਂਮਾਰੀ ਤੋਂ ਨਿਜਾਤ ਬਖਸ਼ਣ।

**ਪ੍ਰਧਾਨ ਨਰੈਣ ਸਿੰਘ ਜਲੰਧਰ**

.................................................

## ਵੈਸਾਖੀ ਦਾ ਮੇਲਾ

**ਸ੍ਰੀ ਭੈਣੀ ਸਾਹਿਬ, 13-4-2021**

ਵੈਸਾਖੀ ਦੇ ਪੁਰਬ ਦਾ ਸਿੱਖ ਇਤਿਹਾਸ ਨਾਲ ਖ਼ਾਸ ਸਬੰਧ ਹੈ। ਇਹ ਪੁਰਬ ਦੇਸ਼-ਵਿਦੇਸ਼ ਵਿੱਚ ਬੈਠੇ ਪੰਜਾਬੀ ਬੜੇ ਉਤਸ਼ਾਹ ਨਾਲ ਮਨਾਉਂਦੇ ਹਨ। 13 ਅਪ੍ਰੈਲ 2021 ਨੂੰ ਸ੍ਰੀ ਭੈਣੀ ਸਾਹਿਬ ਵਿਖੇ ਵੀ ਵੈਸਾਖੀ ਦਾ ਪੁਰਬ ਮਨਾਇਆ ਗਿਆ। ਆਸਾ ਦੀ ਵਾਰ ਦਾ ਕੀਰਤਨ ਹਰਬੰਸ ਸਿੰਘ ਘੁੱਲਾ ਤੇ ਸਾਥੀ ਜਥੇ ਨੇ ਕੀਤਾ। ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਮਨੋਹਰ ਕੀਰਤਨ ਨਾਲ ਇਸ ਪੁਰਬ ਦੀ ਸ਼ੁਰੂਆਤ ਹੋਈ।

ਆਸਾ ਦੀ ਵਾਰ ਦੀ ਸਮਾਪਤੀ ਤੋਂ ਬਾਅਦ ਹਰਪਾਲ ਸਿੰਘ ਸੇਵਕ ਨੇ ਵਿਸਾਖੀ ਦੇ ਤਿਉਹਾਰ ਦੀ ਇਤਿਹਾਸਕ ਤੇ ਸੱਭਿਆਚਾਰਕ ਜਾਣਕਾਰੀ ਸਰੋਤਿਆਂ ਨੂੰ ਦਿੱਤੀ। ਉਨ੍ਹਾਂ ਨੇ ਵੈਸਾਖੀ ਦੇ ਇਤਿਹਾਸਕ ਦਿਹਾੜੇ ਬਾਰੇ ਸਰੋਤਿਆਂ ਨੂੰ ਵਿਸਥਾਰ ਸਹਿਤ ਦੱਸਿਆ।

ਦੁਪਹਿਰ ਵੇਲੇ ਜ. ਕਮਾਲ ਸਿੰਘ ਨੇ ਹੱਲੇ ਦਾ ਦੀਵਾਨ ਸਜਾ ਕੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਥਾਪਤ ਖਾਲਸਾ ਪੰਥ ਦੇ ਇਤਿਹਾਸ ਬਾਰੇ ਚਾਨਣਾ ਪਾਇਆ। ਫਿਰ ਕਵੀਸ਼ਰ ਗੁਰਸੇਵਕ ਸਿੰਘ ਢਿੱਲੋਂ ਹੁਰਾਂ ਦੇ ਸਾਥੀਆਂ ਨੇ ਕਵੀਸ਼ਰੀ ਰੂਪ ਵਿਚ ਛੰਦਾਬੰਦੀ ਵਿੱਚ ਵਿਸਾਖੀ ਦੇ ਮੇਲੇ ਦੀ ਮਹੱਤਤਾ ਦਾ ਵਰਨਣ ਕੀਤਾ।

ਉਪਰੰਤ ਇੱਕ ਘੰਟਾ ਨਾਮ ਸਿਮਰਨ ਹੋਇਆ। ਜਿਸ ਦੌਰਾਨ ਸਤਿਗੁਰੂ ਜਗਜੀਤ ਸਿੰਘ ਜੀ ਦਾ ਉਪਦੇਸ਼ ਸਾਧ ਸੰਗਤ ਨੇ ਸਰਵਣ ਕੀਤਾ। ਉਸਤੋਂ ਬਾਅਦ ਹਜ਼ੂਰੀ ਰਾਗੀ ਹਰਬੰਸ ਸਿੰਘ ਘੁੱਲਾ ਦੇ ਜਥੇ ਨੇ ਕੀਰਤਨ ਕੀਤਾ।

ਇਸ ਸਮੇਂ 14 ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ 2 ਸ੍ਰੀ ਦਸਮ ਗ੍ਰੰਥ ਸਾਹਿਬ ਦੇ ਪਾਠਾਂ ਦੇ ਭੋਗ ਪਾਏ ਗਏ। ਇਸ ਮੇਲੇ ਦੀ ਸੇਵਾ ਸਵ. ਸੰਤ ਮੋਹਨ ਸਿੰਘ ਅੱਟੀ ਵਾਲਿਆਂ ਦੇ ਸਮੁੱਚੇ ਪਰਿਵਾਰ ਵੱਲੋਂ ਕੀਤੀ ਗਈ।

13 ਅਪ੍ਰੈਲ ਸਵੇਰੇ ਆਸਾ ਦੀ ਵਾਰ ਦੇ ਭੋਗ ਦੀ ਸਮਾਪਤੀ ਬਾਅਦ 5 ਆਨੰਦ ਕਾਰਜ ਵੀ ਹੋਏ ਤੇ ਪਾਠਾਂ ਦੇ ਭੋਗ ਵੀ ਪਾਏ ਗਏ। ਇਸ ਤਰ੍ਹਾਂ ਸਤਿਗੁਰੂ ਜੀ ਦੀ ਕਿਰਪਾ ਨਾਲ ਵਿਸਾਖੀ ਦਾ ਮੇਲਾ ਪਿਆਰ ਤੇ ਸ਼ਰਧਾ ਨਾਲ ਮਨਾਇਆ ਗਿਆ।

**ਗੁਰਦੇਵ ਸਿੰਘ ਚੀਮਾ**

.................................................

## ਸੂਬੇਦਾਰ ਦਰਸ਼ਨ ਸਿੰਘ ਜੀ ਨਹੀਂ ਰਹੇ

**ਚੱਕ ਸ਼ੇਖੂਪੁਰ ਕਲਾਂ, 16-4-2021**

"ਗੁਰਮੁਖਿ ਜਨਮ ਸਵਾਰਿ ਦਰਗਹ ਚਲਿਆ"

ਦੇ ਮਹਾਂਵਾਕ ਅਨੁਸਾਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਵਰੋਸਾਏ ਹੋਏ ਅਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਦਰ-ਘਰ ਦੇ ਸ਼ਰਧਾਵਾਨ



ਅਤੇ ਪ੍ਰੀਤਵਾਨ ਸਿੱਖ ਸੂਬੇਦਾਰ ਦਰਸ਼ਨ ਸਿੰਘ ਜੀ ਨਾਮਧਾਰੀ ਪਿਛਲੇ ਦਿਨੀਂ 8-4-2021 ਨੂੰ ਅਕਾਲ ਪੁਰਖ ਦੀ ਬਖਸ਼ੀ ਸਵਾਸਾਂ ਦੀ ਪੂੰਜੀ ਭੋਗ ਕੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿਚ ਜਾ ਬਿਰਾਜੇ ਸਨ। ਉਹਨਾਂ ਦੇ ਨਮਿਤ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਦੇ ਸਧਾਰਨ ਪਾਠ ਦਾ ਭੋਗ ਉਹਨਾਂ ਦੇ ਪਿੰਡ ਚੱਕ ਸ਼ੇਖੂਪੁਰ ਕਲਾਂ ਦੀ ਨਾਮਧਾਰੀ ਧਰਮਸ਼ਾਲਾ ਵਿਚ ਪਾਇਆ ਗਿਆ।

ਇਸ ਮੌਕੇ ਜਥੇਦਾਰ ਗੁਰਲਾਲ ਸਿੰਘ ਸ੍ਰੀ ਭੈਣੀ ਸਾਹਿਬ ਨੇ ਸੂਬੇਦਾਰ ਜੀ ਦੀ ਯਾਦ ਵਿਚ ਦੀਵਾਨ ਸਜਾਇਆ। ਇਸ ਮੌਕੇ ਨਾਮਧਾਰੀ ਦਰਬਾਰ ਸ੍ਰੀ ਭੈਣੀ ਸਾਹਿਬ ਵਲੋਂ ਸੂਬਾ ਬਲਵਿੰਦਰ ਸਿੰਘ ਝੱਲ, ਸੰਤ ਹਰਮੇਸ਼ ਸਿੰਘ ਨਾਮਧਾਰੀ ਸ਼ਹੀਦੀ ਸਮਾਰਕ ਮਾਲੇਰਕੋਟਲਾ, ਸਰਪੰਚ ਸਤਨਾਮ ਸਿੰਘ ਝੱਲ, ਸ. ਹਰਦੇਵ ਸਿੰਘ ਚੱਕ ਪ੍ਰਧਾਨ ਵਿਸ਼ਵ ਨਾਮਧਾਰੀ ਵਿੱਦਿਅਕ ਜਥਾ ਚੱਕ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਇਸ ਤੋਂ ਇਲਾਵਾ ਸੂਬੇਦਾਰ ਰਛਪਾਲ ਸਿੰਘ ਜੀ ਅਤੇ ਸਿੱਖ ਰੈਜੀਮੇਂਟ ਦੇ ਨੌਜਵਾਨਾਂ ਨੇ ਬਹੁ ਗਿਣਤੀ ਦੇ ਵਿੱਚ ਹਾਜ਼ਰੀ ਲਗਵਾਈ ਅਤੇ ਸੂਬੇਦਾਰ ਦਰਸ਼ਨ ਸਿੰਘ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

ਜਿਕਰਯੋਗ ਹੈ ਸੂਬੇਦਾਰ ਦਰਸ਼ਨ ਸਿੰਘ ਜੀ ਭਾਰਤੀ ਫੌਜ ਵਿੱਚੋਂ ਬਤੌਰ ਸੂਬੇਦਾਰ ਰਿਟਾਇਰ ਹੋਏ ਸਨ, ਉਹ ਆਪਣੇ ਪਿੱਛੇ ਆਪਣੀ ਜੀਵਨ ਸਾਥਣ ਤੇ ਇਕ ਬੇਟਾ ਅਤੇ ਇੱਕ ਬੇਟੀ ਛੱਡ ਗਏ ਹਨ।

**ਪ੍ਰਧਾਨ ਹਰਦੇਵ ਸਿੰਘ 'ਚੱਕ ਕੂਕਿਆਂ ਦਾ'**

## ਸ੍ਰੀ ਭੈਣੀ ਸਾਹਿਬ ਵਿਖੇ ਫੁੱਟਬਾਲ ਲੀਗ

**4 ਤੋਂ 10 ਅਪ੍ਰੈਲ 2021**

ਸ੍ਰੀ ਭੈਣੀ ਸਾਹਿਬ ਵਿਖੇ 4 ਅਪ੍ਰੈਲ ਤੋਂ 10 ਅਪ੍ਰੈਲ 2021 ਤੱਕ ਫੁਟਬਾਲ ਦੀ U-17 ਲੀਗ ਕਰਵਾਈ ਗਈ। ਇਸ ਵਿੱਚ ਕੁੱਲ 8 ਟੀਮਾਂ ਨੇ ਭਾਗ ਲਿਆ। ਜਿਨ੍ਹਾਂ ਵਿੱਚ 2 ਟੀਮਾਂ ਸ੍ਰੀ ਭੈਣੀ ਸਾਹਿਬ ਦੀਆਂ Namdhari A ਅਤੇ Namdhari B ਖੇਡ ਰਹੀਆਂ ਸਨ। ਇਸ ਤੋਂ ਇਲਾਵਾ 6 ਟੀਮਾਂ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਨਾਲ ਸਬੰਧਤ ਸਨ। ਜਿਨ੍ਹਾਂ ਵਿੱਚ ਮਿਨਰਵਾ ਅਕੈਡਮੀ, ਸੀ. ਐਫ. ਏ, ਦਸਮੇਸ਼ ਅਕੈਡਮੀ, ਅਲੂਣਾ ਤੋਲਾ ਅਤੇ ਕਿੱਕ ਅਕੈਡਮੀ ਸਨ। ਇਸ ਲੀਗ ਦੇ ਮੈਚ ਦੋ ਸਵੇਰੇ ਅਤੇ ਦੋ ਸ਼ਾਮ ਨੂੰ ਹੁੰਦੇ।

ਇਸ ਲੀਗ ਦੇ ਸ਼ੁਰੂਆਤੀ ਦਿਨਾਂ ਵਿੱਚ ਸ੍ਰੀ ਸਤਿਗੁਰੂ ਜੀ ਵੀ ਸ੍ਰੀ ਭੈਣੀ ਸਾਹਿਬ ਮੌਜੂਦ ਸਨ। ਉਹ ਹਰ ਰੋਜ਼ ਸਵੇਰੇ ਅਤੇ ਸ਼ਾਮੀਂ ਬੱਚਿਆਂ ਨੂੰ ਫੁਟਬਾਲ ਖੇਡਦਿਆਂ ਵੇਖਣ ਗਰਾਊਂਡ ਵਿੱਚ ਜ਼ਰੂਰ ਜਾਂਦੇ। ਅੱਜ ਕੱਲ੍ਹ ਸਤਿਗੁਰੂ ਜੀ ਫੁਟਬਾਲ ਅਕੈਡਮੀ ਵੱਲ ਵਿਸ਼ੇਸ਼ ਧਿਆਨ ਦੇ ਰਹੇ ਹਨ। ਸ੍ਰੀ ਭੈਣੀ ਸਾਹਿਬ ਤਿੰਨ-ਚਾਰ age group ਫੁੱਟਬਾਲ ਖੇਡ ਰਹੇ ਹਨ। ਉਨ੍ਹਾਂ ਦੀ ਸਿਖਲਾਈ ਲਈ 6-7 ਕੋਚ ਰੱਖੇ ਹੋਏ ਹਨ। ਵਿਦੇਸ਼ਾਂ ਤੋਂ ਵੀ ਸਿਖਲਾਈ ਕੋਚ ਰੱਖੇ ਹਨ। ਇਨ੍ਹਾਂ ਬੱਚਿਆਂ ਨੂੰ ਧਾਰਮਿਕ ਸਿੱਖਿਆ ਗੁਰਭਗਤ ਸਿੰਘ ਭਗਤੀ ਦੇਂਦੇ ਹਨ।

ਇਸ ਲੀਗ ਵਿੱਚ ਮਿਨਰਵਾ ਅਕੈਡਮੀ ਪਹਿਲੇ ਸਥਾਨ 'ਤੇ ਰਹੀ ਅਤੇ ਸੀ. ਐਫ. ਏ ਅਕੈਡਮੀ ਦੂਸਰੇ ਸਥਾਨ ਤੇ ਨਾਮਧਾਰੀ ਇਲੈਵਨ ਨੂੰ ਤੀਸਰਾ ਸਥਾਨ ਪ੍ਰਾਪਤ ਹੋਇਆ। ਲੀਗ ਦੇ ਦਿਨਾਂ ਦੌਰਾਨ ਸ਼ਾਮ ਨੂੰ ਫੁੱਟਬਾਲ ਗਰਾਊਂਡ ਵਿੱਚ ਕਾਫ਼ੀ ਰੌਣਕ ਹੋ ਜਾਂਦੀ। ਬਹੁਤ ਸਾਰੇ ਨੌਜਵਾਨ, ਬਜ਼ੁਰਗ ਆਪਣੇ ਕੰਮਾਂਕਾਰਾਂ ਨੂੰ ਸੰਕੋਚਦੇ ਹੋਏ ਸ਼ਾਮ ਨੂੰ ਗਰਾਊਂਡ ਵਿੱਚ ਮੈਚ ਵੇਖਣ ਜ਼ਰੂਰ ਪਹੁੰਚਦੇ। ਨਾਮਧਾਰੀ ਇਲੈਵਨ ਦੇ ਕੋਚ ਅਮਰਿੰਦਰ ਸਿੰਘ, ਇਕਬਾਲ ਸਿੰਘ ਬਾਲੀ, ਕੁਲਵੰਤ ਸਿੰਘ, ਮਾਰਕੋ ਡਿਜ਼ਰਕੋਵਿਕ, ਗੁਰਮੁਖ ਸਿੰਘ ਤੇ ਗੁਰਚਰਨ ਸਿੰਘ ਰਾਣਾ ਹਨ।

ਬਾਹਰੋਂ ਆਈਆਂ ਟੀਮਾਂ ਦੀ ਰਹਾਇਸ਼ ਅਤੇ ਖਾਣ-ਪੀਣ ਦਾ ਵਧੀਆ ਪ੍ਰਬੰਧ ਜਸਪਾਲ ਸਿੰਘ ਕਾਕਾ ਅਤੇ ਬੂਟਾ ਸਿੰਘ ਨੇ ਕੀਤਾ। ਇਸ ਲੀਗ ਦੇ ਮੁੱਖ ਪ੍ਰਬੰਧਕ ਸ਼ਮਸੇਰ ਸਿੰਘ ਅਤੇ ਸ਼ੇਰ ਸਿੰਘ ਸਨ।

**ਗੁਰਚਰਨ ਸਿੰਘ ਰਾਣਾ (ਫੁੱਟਬਾਲ ਕੋਚ)**

## ਸ੍ਰੀ ਭੈਣੀ ਸਾਹਿਬ ਵਿਖੇ 4 ਤੋਂ 10 ਅਪ੍ਰੈਲ 2021 ਨੂੰ ਹੋਈ
## ਫੁੱਟਬਾਲ ਲੀਗ ਦੀਆਂ ਝਲਕੀਆਂ







Date of Publication: 27-04-2021,
Date of Posting: 28-29 Apr. 2021

RNI NO. 55658/93

## ਬਸੰਤੁ ਮਹਲਾ ੯ ॥

**ਮਾਈ ਮੈ ਧਨੁ ਪਾਇਓ ਹਰਿ ਨਾਮੁ ॥**

ਸਤਸੰਗੀਓ! ਮੈਂ ਹਰੀ ਨਾਮ ਰੂਪੀ ਧਨ ਪ੍ਰਾਪਤ ਕਰ ਲਿਆ ਹੈ।

**ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ ॥੧॥ ਰਹਾਉ ॥**

ਇਸ ਨਾਮ ਰੂਪੀ ਧਨ ਨੂੰ ਪ੍ਰਾਪਤ ਕਰਕੇ ਮੇਰਾ ਮਨ ਭਟਕਣੋਂ ਹੱਟ,
ਸਹਿਜ ਅਵਸਥਾ ਵਿੱਚ ਆ ਗਿਆ ਹੈ।

**ਮਾਇਆ ਮਮਤਾ ਤਨ ਤੇ ਭਾਗੀ ਉਪਜਿਓ ਨਿਰਮਲ ਗਿਆਨੁ ॥**

ਮੇਰੇ ਅੰਦਰੋਂ ਮਾਇਆ ਦਾ ਮੋਹ ਨਿਕਲ ਗਿਆ ਹੈ ਤੇ ਸੱਚਾ ਗਿਆਨ ਪ੍ਰਗਟ ਹੋਇਆ ਹੈ।

**ਲੋਭ ਮੋਹ ਏਹ ਪਰਸਿ ਨ ਸਾਕੈ ਗਹੀ ਭਗਤਿ ਭਗਵਾਨ ॥੧॥**

ਹੁਣ ਲਾਲਚ ਤੇ ਮੋਹ ਮੈਨੂੰ ਛੋਹ ਨਹੀਂ ਸਕਣਗੇ ਕਿਉਂਕਿ ਮੈਂ ਪ੍ਰਭੂ ਦੀ ਭਗਤੀ ਵਿੱਚ ਜੁੜ ਗਿਆ ਹਾਂ।

**ਜਨਮ ਜਨਮ ਕਾ ਸੰਸਾ ਚੂਕਾ ਰਤਨੁ ਨਾਮੁ ਜਬ ਪਾਇਆ ॥**

ਹੁਣ ਜਦੋਂ ਮੈਂ ਨਾਮ ਰੂਪੀ ਰਤਨ ਪ੍ਰਾਪਤ ਕਰ ਲਿਆ ਹੈ
ਤਾਂ ਮੇਰਾ ਜਨਮਾਂ-ਜਨਮਾਂਤਰਾਂ ਦਾ ਭੈਅ ਦੂਰ ਹੋ ਗਿਆ ਹੈ।

**ਤ੍ਰਿਸਨਾ ਸਕਲ ਬਿਨਾਸੀ ਮਨ ਤੇ ਨਿਜ ਸੁਖ ਮਾਹਿ ਸਮਾਇਆ ॥੨॥**

ਮਨ 'ਚੋਂ ਸਭ ਤਰ੍ਹਾਂ ਦੀ ਤ੍ਰਿਸ਼ਨਾ ਮੁੱਕ ਗਈ ਹੈ,
ਹੁਣ ਮੈਂ ਸ੍ਵੈ-ਆਨੰਦ ਦੀ ਅਵਸਥਾ ਪ੍ਰਾਪਤ ਕਰ ਲਈ ਹੈ।

**ਜਾ ਕਉ ਹੋਤ ਦਇਆਲੁ ਕਿਰਪਾ ਨਿਧਿ ਸੋ ਗੋਬਿੰਦ ਗੁਨ ਗਾਵੈ ॥**

ਜਿਸ 'ਤੇ ਪ੍ਰਭੂ ਦਇਆ ਕਰਦਾ ਹੈ, ਉਹ ਹੀ ਉਸ ਦੇ ਗੁਣ ਗਾਉਂਦਾ ਹੈ।

**ਕਹੁ ਨਾਨਕ ਇਹ ਬਿਧਿ ਕੀ ਸੰਪੈ ਕੋਊ ਗੁਰਮੁਖਿ ਪਾਵੈ ॥੩॥੩॥**

ਸ੍ਰੀ ਗੁਰੂ ਜੀ ਕਹਿੰਦੇ ਹਨ ਐਸੇ ਧਨ ਨੂੰ ਕੋਈ ਵਿਰਲਾ ਗੁਰਮੁਖ ਹੀ ਪਾਉਂਦਾ ਹੈ।

ਅੰਕ ੧੧੮੬

– 1920 ਈ. ਤੋਂ ਸਥਾਪਤ 'ਸਤਿਜੁਗ' ਪਰਚਾ ਵੱਖ-ਵੱਖ ਸਥਾਨਾਂ (ਲਾਹੌਰ, ਸ੍ਰੀ ਭੈਣੀ ਸਾਹਿਬ, ਜੀਵਨ ਨਗਰ, ਦਿੱਲੀ) ਤੋਂ ਛੱਪਦਾ ਰਿਹਾ ਹੈ। ਜਿਸ ਕਰਕੇ ਜਿਲਦ ਨੰ. ਬਦਲਦੇ ਰਹੇ ਹਨ। ਹੁਣ ਜਦ 'ਸਤਿਜੁਗ' 100 ਸਾਲ ਦਾ ਸਫ਼ਰ ਤੈਅ ਕਰ ਚੁੱਕਾ ਹੈ ਤਾਂ ਅਸੀਂ ਚੱਲ ਰਹੀ ਜਿਲਦ ਨੰ. 29 ਬਦਲਕੇ 101 ਕਰ ਰਹੇ ਹਾਂ, ਜੋ ਕਿ ਤਰਤੀਬ ਅਨੁਸਾਰ ਠੀਕ ਹੈ ਤੇ ਅੱਗੇ ਤੋਂ ਇਹ ਲੜੀ ਬਰਕਰਾਰ ਰਹੇਗੀ।

Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi-110015.